ਸੋਧ

ਦਸੰਬਰ 1981 (ਜਿਲਦ 10 ਨੰਬਰ 12)

December 1981

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਹਰਨੇਕ ਧਾਲੀਵਾਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

12

ਸੇਧ

"ਆਪਣੀ ਆਜ਼ਾਦੀ ਵਾਸਤੇ ਤਾਂਘਣਾ ਇਕ ਗਲ ਹੈ, ਪਰੰਤੂ ਆਜ਼ਾਦੀ ਦੀ ਵਸਤੂ ਨੂੰ ਸਮਝਣਾ ਬਿਲਕੁਲ ਦੂਸਰੀ ਗਲ।"

SEDH
December, 1981
Vol. 10, No. 12
Price : Rs 2.00

A LONG LEAP TOWARDS THE WELFARE OF THE SCHEDULED CASTES.

Chandigarh Scheduled Castes Financial & Development Corporation Limited provides attractive schemes of financial assistance for the Harijans of the Union Territory. For further details please contact the Corporation Office S.C.O No. 341-42, Sector-35-B, Chandigarh.

Sh. Subhash Chander Sharma, H.C.S. Managing Director

S. Sewa Singh, IAS Chairman

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕਠਾ ਚੰਦਾ (40 ਰੁਪੈ) ਭੇਜਣ ਵਾਲੇ ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ ਗੁਰਬਾਣੀ ਦਾ ਸੱਚ (ਮੁੱਲ : 15 ਰੁਪੈ) ਜਾਂ ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ। ਡਾਕ ਖ਼ਰਚ ਸਾਡਾ ਹੋਵੇਗਾ। ਲਾਈਫ਼-ਮੈਂਬਰਸ਼ਿਪ (ਰੁ: 200) ਭੇਜਣ ਵਾਲੇ ਸਜਨਾਂ ਨੂੰ ਇਹ ਦੋਵੇਂ ਕਿਤਾਬਾਂ ਮੁਫ਼ਤ ਭੇਜੀਆਂ ਜਾਣਗੀਆਂ।

ਇਸ ਅੰਕ ਵਿਚ :—

⊙ ਸਾਹਿਤਕਾਰੀ ਵਿਚ ਪਤਰਾਜੀ ਨਹੀਂ ਚਲ ਸਕਦੀ ! (ਸਫ਼ਾ 3) — ਕਿਸ਼ਨ ਸਿੰਘ

⊙ ਖ਼ਾਲਿਸਤਾਨ ਜਾਂ ਪੰਜਾਬੀਅਤ ? (ਸਫ਼ਾ 10) — ਭਗਵਾਨ ਜੋਸ਼

⊙ ਸਿੱਖ-ਸਿਆਸਤ ਤੇ ਅਕਾਲੀ—3 (ਸਫ਼ਾ 15) — ਹਿੰਮਤ ਸਿੰਘ ਸੋਢੀ

⊙ ਪੰਜਾਬ ਵਿਚ ਖੇਤ ਮਜ਼ਦੂਰ—2 (ਸਫ਼ਾ 21) — ਡਾ: ਨਿਰਮਲ ਆਜ਼ਾਦ

⊙ ਸੰਰਚਨਾਵਾਦ : ਜਨਮ ਤੇ ਵਿਕਾਸ (ਸਫ਼ਾ 29) — ਭੁਪਿੰਦਰ ਸਿੰਘ ਖਹਿਰਾ

⊙ ਔਰਤ ਦੀ ਆਜ਼ਾਦੀ ਦਾ ਮਸਲਾ-3
ਪ੍ਰਸੰਗ : ਦਲੀਪ ਕੌਰ ਟਿਵਾਣਾ ਦਾ ਨਾਵਲ
"ਪੀਲੇ ਪੱਤਿਆਂ ਦੀ ਦਾਸਤਾਨ" (ਸਫ਼ਾ 35) — ਕਿਸ਼ਨ ਸਿੰਘ

⊙ ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 48) — ਜਸਪਾਲ ਸਿੰਘ ਮਾਨ, ਜਗਜੀਤ ਸਿੰਘ ਸੰਧੂ, ਗੁਰਨਾਮ ਸਿੰਘ, ਸੁਖਦੇਵ ਸਿੰਘ ਸੋਹਲ, ਪਰਦੇਸੀ ਅਤੇ ਹਰਜੀਤ ਦੌਧਰੀਆ

Edited, Printed & Published by Gurvel Singh Pannu, A/42, Defence Colony, New Delhi-110024, Ph. No. 626300 Printed at National Press of India, Chandni Chowk, Delhi

ਨਵਾਂ ਸਾਲ ! ਨਵੇਂ ਤੁਹਫੇ !

ਇਸ ਵਾਰ ਕਿਉਂ ਨਾ ਨਵੀਂ ਪਰੰਪਰਾ ਸ਼ੁਰੂ ਕਰੀਏ—ਚਿਰ-ਸਥਾਈ ਮਹੱਤਤਾ ਵਾਲੇ ਤੋਹਫੇ ਦਈਏ। ਗਿਆਨ ਦੇ ਚਾਨਣ ਦੇ ਦੀਵੇ ਨਵੇਂ ਸਾਲ ਦੇ ਆਗਮਨ ਵਿਚ ਜਗਾਈਏ।

ਨੈਸ਼ਨਲ ਬੁੱਕ ਟਰੱਸਟ ਦੀਆਂ ਪੁਸਤਕਾਂ ਤੁਹਾਡੇ ਮਨ ਦੇ ਕੋਨੇ ਰੌਸ਼ਨ ਕਰ ਦੇਣਗੀਆਂ। ਆਪਣੇ ਬੱਚਿਆਂ ਨੂੰ, ਰਿਸ਼ਤੇਦਾਰਾਂ ਨੂੰ, ਸਨੇਹੀਆਂ ਤੇ ਪਿਆਰਿਆਂ ਨੂੰ ਇਸ ਵਾਰ ਪੁਸਤਕਾਂ ਦੇ ਤੋਹਫੇ ਦਿਓ। ਇਹ ਤੋਹਫੇ ਹਮੇਸ਼ਾਂ ਨਵੇਂ ਰਹਿੰਦੇ ਹਨ—ਜਦੋਂ ਜੀ ਚ ਆਏ—ਮੁੜ ਮੁੜ ਪੜ੍ਹੋ।

ਸਾਡੀਆਂ ਕੁਝ ਤਾਜ਼ਾ ਪ੍ਰਕਾਸ਼ਨਾਂ :

⊙ ਸਰਘੀ ਵੇਲਾ (ਬੰਗਾਲੀ ਨਾਵਲ) : ਸਤੀਨਾਥ ਭਾਦੁੜੀ; ਪੰਜਾਬੀ ਅਨੁਵਾਦ : ਐਸ. ਐਸ. ਮੀਸ਼ਾ।

ਇਹ ਨਾਵਲ 1942 ਦੇ ਅਗਸਤ ਅੰਦੋਲਨ ਦੀ ਜਿਉਂਦੀ ਜਾਗਦੀ ਤਸਵੀਰ ਹੈ। ਇਸ ਨਾਵਲ ਦੀ ਖ਼ਾਸੀਅਤ ਇਹ ਹੈ ਕਿ ਇਸ ਦਾ ਵਿਸ਼ਾ ਸਿਆਸਤ ਨਹੀਂ, ਮਨੁੱਖ ਹੈ। ਸਫ਼ੇ : 197; ਕੀਮਤ : 10 ਰੁਪਏ

⊙ ਟੁੱਟਿਆ ਘਰ (ਕੰਨੜ ਨਾਵਲ) : ਐਸ. ਐਲ. ਭੈਰੱਪਾ; ਪੰਜਾਬੀ ਅਨੁਵਾਦ : ਜੀ. ਐਸ. ਮੋਹੇ।

ਇਹ ਨਾਵਲ ਨੰਜਮਾਂ ਨਾਂ ਦੀ ਇਕ ਇਸਤਰੀ ਦੇ ਸੰਘਰਸ਼ ਦੀ ਕਹਾਣੀ ਹੈ; ਇਕ ਵਿਅੱਕਤੀ ਦੇ ਸੰਘਰਸ਼-ਤ੍ਰਾਸਦੀ ਰਾਹੀਂ; ਉਸਦੇ ਆਲੇ ਦੁਆਲੇ ਦੇ ਵਾਤਾਵਰਣ ਇਕ ਕੰਬਣੀ, ਨਿਰਦਇਤਾ, ਮੂਰਖਤਾ ਤੇ ਜ਼ਿੱਦ ਰਾਹੀਂ ਪੇਸ਼ ਹੁੰਦੇ ਹਨ। ਇਹ ਨਾਵਲ ਜ਼ਿੰਦਗੀ ਨੂੰ ਨਿਸ਼ਕਾਮ ਚਲਦਾ ਪੇਸ਼ ਕਰਨ ਦਾ ਯਤਨ ਹੈ। ਸਫ਼ੇ : 398, ਕੀਮਤ : 18 ਰੁ: 50 ਪੈਸੇ

⊙ ਬਾਬਾ ਸ਼ੇਖ ਫ਼ਰੀਦ : ਗੁਰਬਚਨ ਸਿੰਘ ਤਾਲਿਬ।

ਸ਼ੇਖ ਫ਼ਰੀਦ ਸਾਡੇ ਦੇਸ਼ ਦੀਆਂ ਮਹਾਨਤਮ ਹਸਤੀਆਂ ਵਿਚੋਂ ਹੋਏ ਹਨ। ਉਸ ਜੁੱਗ ਵਿਚ ਜਦ ਹਰ ਪਾਸੇ ਕਲਹ, ਜੰਗ ਤੇ ਹਿੰਸਾ ਦਾ ਪ੍ਰਭਾਵ ਸੀ, ਉਨਾਂ ਨੇ ਸਦਭਾਵਨਾ, ਮਾਨਵ-ਹਿੱਤ ਤੇ ਸ਼ਾਂਤੀ ਦਾ ਪੈਗਾਮ ਦਿੱਤਾ। ਸਰਲ ਵਾਰਤਕ ਵਿਚ ਲਿਖੀ ਇਹ ਪੁਸਤਕ ਬਾਬਾ ਸ਼ੇਖ ਫ਼ਰੀਦ ਦੀ ਸ਼ਖਸੀਅਤ ਨੂੰ ਉਜਾਗਰ ਕਰਦੀ ਹੈ। ਸਫ਼ੇ : 122; ਕੀਮਤ : 6 ਰੁਪਏ

ਇਹ ਤੇ ਹੋਰ ਪੁਸਤਕਾਂ ਖ਼ੀਦਣ ਲਈ ਪੰਜਾਬੀ ਦੇ ਪ੍ਰਮੁੱਖ ਪੁਸਤਕ ਵਿਕ੍ਰੇਤਾਵਾਂ ਕੋਲੋਂ ਪੁੱਛੋ ਜਾਂ ਵਿਸ਼ੇਸ਼ ਤੌਰ 'ਤੇ 10% ਰਿਆਇਤ ਨਾਲ ਐਨ.ਬੀ.ਟੀ. ਬੁਕ ਸੈਂਟਰ, ਕਮਰਾ ਨੰ: 41, ਗਵਰਨਮੈਂਟ ਹਾਈ ਸਕੂਲ, ਟਾਊਨ ਹਾਲ, ਅੰਮ੍ਰਿਤਸਰ ਤੋਂ ਖ਼ੀਦੋ।

ਪੁਸਤਕਾਂ ਲਈ ਜਾਂ ਮੁਫ਼ਤ ਪੁਸਤਕ-ਸੂਚੀ ਲਈ ਲਿਖੋ :

ਵਿਕਰੀ ਪ੍ਰਬੰਧਕ,	ਸੇਲਜ਼ ਇੰਪੋਰੀਅਮ	ਆਰਸੀ ਪਬਲਿਸ਼ਰਜ਼
ਨੈਸ਼ਨਲ ਬੁਕ ਟਰੱਸਟ, ਇੰਡੀਆ,	ਪਬਲੀਕੇਸ਼ਨਜ਼ ਡਿਵੀਜ਼ਨ	ਪਲੱਈਅਰ ਗਾਰਡਨ
ਏ-5, ਗ੍ਰੀਨ ਪਾਰਕ,	ਸੁਪਰ ਬਾਜ਼ਾਰ (ਪਹਿਲੀ ਮੰਜ਼ਿਲ)	ਮਾਰਕੀਟ, ਚਾਂਦਨੀ ਚੌਕ,
ਨਵੀਂ ਦਿੱਲੀ—110016	ਕਨਾਟ ਸਰਕਸ, ਨਵੀਂ ਦਿੱਲੀ 1	ਦਿੱਲੀ—11006

ਸਾਹਿਤਕਾਰੀ ਵਿਚ ਪਤਰਾਜੀ ਨਹੀਂ ਚਲ ਸਕਦੀ !

ਕਿਸ਼ਨ ਸਿੰਘ

ਜੋ ਰਿਸ਼ਤਾ ਮੁਲਖੱਈਏ ਨਾਲ ਪਰੋਲਤਾਰੀ ਦੇ ਪੈਂਤੜੇ ਵਾਲੇ ਇਨਕਲਾਬੀ ਸਿਆਸਤਦਾਨ ਦਾ ਹੈ, ਉਸ ਨਾਲ ਉਹ ਹੀ ਰਿਸ਼ਤਾ ਇਸ ਪੈਂਤੜੇ ਵਾਲੇ ਬੁਧੀਮਾਨ ਦਾ ਹੈ ਅਤੇ ਉਹ ਹੀ ਇਸ ਪੈਂਤੜੇ ਵਾਲੇ ਸਾਹਿਤਕਾਰ/ਕਲਾਕਾਰ ਦਾ। ਪਰ ਸਾਹਿਤਕਾਰ/ਕਲਾਕਾਰ ਦਾ ਕੰਮ ਕਦਰੇ ਮੁਸ਼ਕਲ ਹੈ। ਉਸ ਦਾ ਵਾਸਤਾ ਨਿਰੇ ਖਿਆਲ ਨਾਲ, ਅਮੂਰਤ ਖਿਆਲ ਨਾਲ ਨਹੀਂ ਉਸ ਦਾ ਕੰਮ ਉਹਨਾਂ ਦੇ ਅਨੁਭਵ ਨਾਲ ਹੈ, ਉਹਨਾਂ ਦੇ ਜਜ਼ਬੇ ਨਾਲ ਹੈ। ਇਹ ਦਿਲਾਂ ਦੀ ਸਾਂਝ ਬਗੈਰ ਮੁਮਕਿਨ ਨਹੀਂ ਹੈ। ਜਿੰਨਾਂ ਚਿਰ ਸਾਹਿਤਕਾਰ ਦਾ ਮੁਲਖੱਈਏ ਨਾਲ ਰਿਸ਼ਤਾ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾ' ਵਾਲਾ ਨਹੀਂ, ਮੁਲਖੱਈਏ ਦੇ ਦਿਲ ਦਾ ਮੂੰਹ ਸਾਹਿਤਕਾਰ ਵਲ ਖੁਲ੍ਹਦਾ ਨਹੀਂ। 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ' ਐਵੇਂ ਬੇ ਬਨਿਆਦ ਮੁਹਾਵਰਾ ਨਹੀਂ। 'ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ' ਵੀ ਐਵੇਂ ਮੂੰਹ ਦੀ ਗਲ ਨਹੀਂ। ਜਜ਼ਬੇ ਦਾ ਆਪਣਾ ਤੌਰ, ਆਪਣਾ ਤਰੀਕਾ ਹੁੰਦਾ ਹੈ। ਅਗਲਿਆਂ ਨੂੰ ਦਿਲ ਦਿੱਤਿਆਂ ਬਗੈਰ ਉਹਨਾਂ ਦਾ ਦਿਲ ਨਹੀਂ ਲਿਆ ਜਾ ਸਕਦਾ। ਜਿੰਨਾਂ ਚਿਰ ਤੁਹਾਡੇ ਦਿਲ ਦੀ ਤਾਰ ਉਹਨਾਂ ਦੇ ਦਿਲ ਨਾਲ ਨਾ ਵੱਜੇ, ਉਨਾਂ ਚਿਰ ਉਹਨਾਂ ਦੇ ਦਿਲਾਂ ਦੀਆਂ ਬੁਝੀਆਂ ਨਹੀਂ ਜਾ ਸਕਦੀਆਂ। ਸਾਹਿਤਕਾਰ/ਕਲਾਕਾਰ ਦਾ ਕੰਮ ਹੀ ਤਾਂ ਸ਼ੁਰੂ ਹੁੰਦਾ ਹੈ ਜੇ ਉਹ ਲੋਕਾਂ ਦੇ ਦਿਲਾਂ ਦੀਆਂ ਬੁਝੇ।

ਸਾਹਿਤਕਾਰ ਵਾਸਤੇ ਪੈਂਤੜੇ ਦੀ ਸਾਂਝ ਦਾ ਅਰਥ ਜਜ਼ਬੇ ਦੀ, ਅਨੁਭਵ ਦੀ ਸਾਂਝ ਹੈ। ਮੁਲਖੱਈਏ ਦੇ ਖਿਆਲ ਸਮਝਣ ਵਾਸਤੇ ਤਾਂ ਬਹੁਤ ਹੱਦ ਤਕ ਉਸ ਵਲ ਸੂਖਮ ਕੰਨ ਹੀ ਲਾਉਣਾ ਪੈਂਦਾ ਹੈ ਪਰ ਜਜ਼ਬੇ ਨੂੰ ਸਮਝਣ ਵਾਸਤੇ ਦਿਲ ਦੀਆਂ ਤਰਬਾਂ ਛੇੜਨੀਆਂ ਪੈਂਦੀਆਂ ਨੇ। ਜਜ਼ਬਿਉਂ, ਦਿਲੋਂ ਆਪਣੀ ਜਮਾਤ ਦੇ ਹੋਇਆਂ ਬਗੈਰ ਆਪਣੀ ਜਮਾਤ ਦੇ ਪੈਂਤੜੇ ਦਾ ਸਾਹਿਤ ਰਚਨਾ ਐਵੇਂ ਖ਼ਾਮ-ਖਿਆਲੀ ਹੈ। ਸਾਹਿਤਕਾਰੀ ਬਾਹਰੋਂ ਬਾਹਰ ਦੋ ਤੇ ਦੋ ਚਾਰ ਕਰਨ ਦਾ ਮਸਲਾ ਨਹੀਂ। ਇਹ ਨਿਰੀ ਬੁਧੀ ਦੀ ਦਿਮਾਗੀ ਗਿਣਤੀ ਮਿਣਤੀ ਦੀ ਖੇਡ ਨਹੀਂ। ਇਹ ਸਾਹਿਤਕਾਰ ਦੀ ਪੂਰਨ ਸ਼ਖ਼ਸੀਅਤ ਦਾ ਕਰਤਵ ਹੈ। ਉਸ ਦੀ ਪੂਰਨ ਸ਼ਖ਼ਸੀਅਤ ਦਾ ਇਜ਼ਹਾਰ ਹੈ। ਏਥੇ ਹੇਰਾ-ਫੇਰੀ ਨਹੀਂ ਚਲ ਸਕਦੀ। ਅੰਦਰ ਹੋਰ ਤੇ ਬਾਹਰ ਹੋਰ ਨਾਲ ਨਹੀਂ ਸਰ ਸਕਦਾ। ਏਥੇ ਦੰਭੀ ਨਹੀਂ ਹੋਇਆ ਜਾ ਸਕਦਾ।

ਪਰੋਲਤਾਰੀ ਦੇ ਪੈਂਤੜੇ ਦੀ ਸਿਆਸਤ ਵਾਂਗ, ਇਸ ਪੈਂਤੜੇ ਦੇ ਸਾਹਿਤ ਦੀ ਸਿਰਜਣਾ ਦਾ

ਮੁੱਢਲਾ ਨੁਕਤਾ ਤਾਂ ਸਪਸ਼ਟ ਹੋ ਹੀ ਗਿਆ ਹੈ ਕਿ ਸਹੀ ਖਿਆਲਾਂ ਵਾਂਗ ਸਾਹਿਤ ਦੇ ਸੱਚ ਦਾ ਸੋਮਾਂ ਵੀ ਮੁਲਖੱਈਏ ਦਾ, ਸਮਾਜਕ ਪੈਦਾਵਾਰ ਦੇ ਵੇਗ ਦਾ ਅਮਲ, ਉਸ ਦੀ ਕੀਤੀ ਜਾ ਰਹੀ ਜਮਾਤੀ ਜਦੋ-ਜਹਿਦ ਹੈ। ਉਨ੍ਹਾਂ ਤੋਂ ਹੋਇਆ ਉਸ ਦਾ ਅਨੁਭਵ ਹੈ। ਦੂਸਰੇ ਲਫ਼ਜ਼ਾਂ ਵਿਚ ਇਸ ਪੈਂਤੜੇ ਦੇ ਸਾਹਿਤ ਦੀ ਪੈਦਾਵਾਰ ਦਾ ਰਿਸ਼ਤਾ ਵੀ ਇਸ ਪੈਂਤੜੇ ਦੀ ਸਿਆਸਤ ਦੀ ਪੈਦਾਵਾਰ ਦਾ ਰਿਸ਼ਤਾ ਹੀ ਹੈ—ਮੁਲਖੱਈਏ ਦੀ ਝੋਲੀ 'ਚੋਂ ਲੈ ਕੇ ਉਸੇ ਦੇ ਪੱਲੇ। ਇਸ ਪੈਂਤੜੇ ਦੀ ਸਿਆਸਤ, ਸਾਹਿਤ, ਕਲਚਰ ਚੇਤਨਤਾ ਦੀ ਬੁਨਿਆਦ, ਰੀੜ੍ਹ ਦੀ ਹੱਡੀ ਇਹ ਰਿਸ਼ਤਾ ਹੈ। ਜਿਸ ਨੂੰ ਇਸ ਰਿਸ਼ਤੇ ਬਾਬਤ ਵੀ ਲੋਹੇ-ਜੜਿਆ ਅਹਿਸਾਸ ਨਹੀਂ, ਜੋ ਇਥੇ ਵੀ ਟਪਲਾ ਖਾ ਜਾਂਦਾ ਹੈ ਉਹ ਤਾਂ ਬਹਿਉਂ ਹੀ ਗਿਆ।

ਸਹੀ ਸਿਆਸੀ ਲਾਈਨ ਦੀ ਸਿਰਜਣਾ ਦਾ ਜ਼ਿਕਰ ਕਰਦਿਆਂ ਆਮ ਤੌਰ 'ਤੇ ਇਹ ਕਹਿ ਕੇ ਹੀ ਬਸ ਕੀਤਾ ਜਾਂਦਾ ਹੈ ਕਿ ਸਹੀ ਖਿਆਲ ਲੋਕਾਂ ਦੇ ਅਮਲ ਤੋਂ ਪੈਦਾ ਹੁੰਦੇ ਹਨ ਅਤੇ ਸਿਆਸਤਦਾਨ ਮੁਲਖੱਈਏ ਦੇ ਸਭ ਕਿਸਮ ਦੇ ਖਿਆਲਾਂ ਵਿਚੋਂ, ਉਨ੍ਹਾਂ ਦੀ ਖਿੰਡਰੀ ਪੁੰਡਰੀ ਦਸ਼ਾਂ ਵਿਚੋਂ ਸਹੀ ਖਿਆਲ ਚੁਣਦਾ ਹੈ, ਉਨ੍ਹਾਂ ਨੂੰ ਕੇਂਦਰਤ ਕਰ ਕੇ, ਉਨ੍ਹਾਂ ਨੂੰ ਇਕਾਗਰ ਕਰਦਾ ਹੈ, ਸਿਧਾਂਤ ਬਣਾਉਂਦਾ ਹੈ ਅਤੇ ਸਿਆਸੀ ਲਾਈਨ ਬਣਾ ਕੇ ਉਨ੍ਹਾਂ ਦੀ ਅਮਲ ਵਿਚ ਤਰਜਮਾਨੀ ਵਾਸਤੇ ਲੋਕਾਂ ਦੇ ਸਾਹਮਣੇ ਰੱਖ ਦੇਂਦਾ ਹੈ। ਸਾਹਿਤ ਦੀ ਸਿਰਜਣਾ ਦਾ ਜ਼ਿਕਰ ਕਰਦਿਆਂ ਏਨੇ 'ਤੇ ਬੱਸ ਨਹੀਂ ਕੀਤਾ ਜਾ ਸਕਦਾ। ਸਾਹਿਤ ਦਾ ਸੀਧਾ ਸਹੀ ਅਮੂਰਤ ਖਿਆਲ ਨਹੀਂ। ਸਾਹਿਤ ਦਾ ਸੀਧਾ ਜਜ਼ਬਾ ਹੈ। ਉਸ ਦਾ ਸੱਚ ਜਜ਼ਬੇ ਦਾ ਸੱਚ ਹੈ। ਇਕ ਤਾਂ ਮੁਲਖੱਈਏ ਵਿਚ 'ਜ਼ਾਹਿਰ' ਦੀ ਪੱਧਰ ਦੇ ਅਨੁਭਵ ਦੀ, ਉਸ ਪੱਧਰ ਦੇ ਜਜ਼ਬਿਆਂ ਦੀ ਅਜੇ ਭਰਮਾਰ ਹੁੰਦੀ ਹੈ। 'ਬਾਤਨ' ਦੀ ਪੱਧਰ ਦੇ ਜਜ਼ਬੇ ਅਜੇ ਐਨੇ ਪ੍ਰਬਲ ਨਹੀਂ ਹੁੰਦੇ। ਕਹਿ ਲਵੋ, ਉਨ੍ਹਾਂ ਦਾ ਆਕਾਰ ਅਜੇ ਛੋਟਾ ਹੁੰਦੈ। ਮੁਲਖੱਈਏ ਦੀ ਬਾਤਨ ਦੀ ਪੱਧਰ ਦੀ ਹੱਡਬੀਤੀ ਨੂੰ ਅਜੇ ਪੂਰੀ ਜ਼ਬਾਨ ਨਹੀਂ ਲੱਗੀ ਹੁੰਦੀ। ਉਸ ਪੱਧਰ ਦਾ ਉਸ ਦਾ ਅਨੁਭਵ ਅਜੇ ਮੂੰਹ ਚੜ੍ਹ ਨਹੀਂ ਬੋਲਿਆ ਹੁੰਦਾ। ਉਹ ਅਜੇ ਲੋਕ ਬੋਲੀ ਦਾ ਨਿੱਤ ਦਾ ਮੁਹਾਵਰਾ ਬਣ ਕੇ ਨਹੀਂ ਹੋ ਤੁਰਿਆ ਹੁੰਦਾ। ਉਸ ਦੀ ਪੀੜ੍ਹ ਨੂੰ ਕਾਫ਼ੀ ਹੱਦ ਤਕ ਅਜੇ ਹਾਕਮ ਜਮਾਤਾਂ ਦਾ ਰੈਸ਼ਨੇਲ ਹੀ ਆਪਣੇ ਲਾਰੇ ਲਾਈ ਜਾ ਰਿਹਾ ਹੁੰਦਾ ਹੈ। ਉਹ ਹੁੰਦੇ ਅਨੁਭਵ ਨੂੰ ਆਪਣੇ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ, ਕਿਸਮਤ ਦੇ ਕੜਛੇ, ਜ਼ਾਤੀ ਬਦਕਿਸਮਤੀ ਆਦਿ ਹੀ ਸਮਝੀ, ਮੰਨੀ ਜਾ ਰਿਹਾ ਹੁੰਦਾ ਹੈ।

ਮੁਲਖੱਈਏ ਦੇ ਅਨੁਭਵ ਨੂੰ ਮੁਖਾਤਬ ਹੁੰਦਿਆਂ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਹਾਕਮ ਜਮਾਤਾਂ ਮਹਿਕੂਮਾਂ ਦਾ ਸਿਰ ਕੱਪ ਕੇ ਹੀ, ਵਾਹ ਲਗਦੀ, ਉਨ੍ਹਾਂ ਨੂੰ ਨਿਰਾ ਕੰਮ ਕਰਦਾ ਹੱਥ ਬਣਾ ਕੇ ਹੀ, ਆਪਣੇ ਅਧੀਨ ਰਖਦੀਆਂ ਹਨ। ਪਰ ਹਾਕਮ ਜਮਾਤਾਂ ਦੇ ਸਭ ਕਿਸਮਾਂ ਦੇ ਜਕੜਾਂ ਦੇ ਬਾਵਜੂਦ ਮਹਿਕੂਮ ਜਮਾਤਾਂ ਬੇਅੰਤ ਰਾਹੀਂ ਦਵੱਲੀ ਜੀਉਣੀ ਜੀਊ ਰਹੀਆਂ ਹੁੰਦੀਆਂ ਨੇ। ਇਕ ਤਾਂ ਜਿਵੇਂ ਕਾਬਜ਼ ਆਰਥਕ ਸਮਾਜਕ ਫਾਰਮੇਸ਼ਨ ਉਨ੍ਹਾਂ ਨੂੰ ਜਵਾ ਰਹੀ ਹੁੰਦੀ ਹੈ ਅਤੇ ਦੂਸਰੇ ਜਿਸ ਤਰ੍ਹਾਂ ਉਨ੍ਹਾਂ ਦੀਆਂ ਮਨੁਖੀ ਤਾਂਘਾਂ ਉਨ੍ਹਾਂ ਨੂੰ ਲਿਜਾ ਰਹੀਆਂ ਹੁੰਦੀਆਂ ਨੇ। ਉਨ੍ਹਾਂ ਦਾ ਅਨੁਭਵ ਤੇ ਉਸ ਤੋਂ ਉਪਜਦੀ ਚੇਤਨਤਾ ਦਵੱਲੀ, ਡਾਇਲੈਕਟਿਕ ਹੁੰਦੀ ਹੈ। ਇਕ 'ਜ਼ਾਹਿਰ' ਦੀ ਪੱਧਰ ਦਾ ਅਨੁਭਵ ਤੇ ਉਸ ਤੋਂ ਪੈਦਾ ਹੁੰਦੀ ਚੇਤਨਤਾ ਅਤੇ ਦੂਸਰੇ ਇਸ ਦੇ ਵਿਰੋਧੀ 'ਬਾਤਨ' ਦੀ ਪੱਧਰ ਦਾ ਅਨੁਭਵ ਤੇ ਉਸ ਤੋਂ ਉਪਜਦੀ ਚੇਤਨਤਾ। ਭਾਵੇਂ ਕਿੰਨਾ ਵੀ ਕਮਜ਼ੋਰ ਹੋਵੇ, ਹਰ ਵਰਕਰ ਦਾ, ਵਰਕਰ ਜਮਾਤ ਦਾ, ਜੀਵੀ ਜਾ ਰਹੀ ਜ਼ਿੰਦਗੀ ਨਾਲੋਂ ਵਿਰੋਧੀ ਜ਼ਿੰਦਗੀ ਦਾ ਨਕਸ਼ਾ, ਸੰਕਲਪ ਹੁੰਦਾ ਹੈ। ਭਾਵੇਂ ਕਿੰਨਾ ਵੀ ਧੁੰਦਲਾ ਹੋਵੇ ਮੇਹਨਤਕਸ਼ ਤਬਕੇ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਕਿਸੇ ਵਲਗਣ ਵਿਚ

ਹੈ ਅਤੇ ਸਾਰੀ ਜ਼ਿੰਦਗੀ ਇਹ ਹੀ ਨਹੀਂ ਜੋ ਉਸ ਨੂੰ ਮਿਲ ਰਹੀ ਹੈ। ਉਸ ਦੀ ਵਲਗਣ ਤੋਂ ਬਾਹਰ ਵਿਸ਼ਾਲ ਜ਼ਿੰਦਗੀ ਮੁਮਕਿਨ ਹੈ। ਮਤਲਬ ਹੈ ਉਸ ਨੂੰ ਆਪਣੀ ਜ਼ਿੰਦਗੀ ਦੇ ਮਹਿਦੂਦ ਹੋਈ ਹੋਈ ਦਾ ਕਿਸੇ ਨਾ ਕਿਸੇ ਪੱਧਰ 'ਤੇ ਅਹਿਸਾਸ ਹੁੰਦਾ ਹੈ। ਹਾਕਮ ਜਮਾਤਾਂ ਦੇ ਰੈਸ਼ਨੇਲ, ਕਾਬਜ਼ ਕਲਚਰ ਦੇ ਬਾਵਜੂਦ, ਸਮਾਜ ਵਿਚ ਉਸ ਨੂੰ ਜਮਾਤੀ ਨੁਕਤੇ ਤੋਂ ਵੀ ਆਪਣੇ ਪਰਾਏ ਦੀ ਥੋੜ੍ਹ ਬਹੁਤ ਤਮੀਜ਼ ਹੁੰਦੀ ਹੈ। ਉਸ ਨੂੰ ਕਿਸੇ ਪੱਧਰ 'ਤੇ ਇਹ ਵੀ ਅਹਿਸਾਸ ਹੁੰਦਾ ਹੈ ਕਿ ਉਹ ਹੁਣ ਨਾਲੋਂ ਵਧੇਰੇ ਹੋ ਸਕਦਾ ਸੀ। ਉਹ ਆਪਣੀਆਂ ਮਨੁਖੀ ਸੰਭਾਵਨਾ ਵਲੋਂ ਬਿਲਕੁਲ ਅਣਜਾਣ ਜਾਂ ਕੋਰਾ ਨਹੀਂ ਹੁੰਦਾ। ਉਸ ਦੇ ਮਨ ਵਿਚ ਆਪਣੇ ਛੁਟਕਾਰੇ ਦਾ ਰਾਹ ਭਾਵੇਂ ਸਾਫ ਨਾ ਵੀ ਹੋਵੇ (ਤੇ ਹਮੇਸ਼ਾਂ ਸਾਫ ਹੁੰਦਾ ਵੀ ਨਹੀਂ) ਉਸ ਨੂੰ ਕਾਬਜ਼ ਤਰਜ਼ੇ-ਜ਼ਿੰਦਗੀ ਵਲ, ਜੀਵੀ ਜਾ ਰਹੀ ਜ਼ਿੰਦਗੀ ਵਲ ਗਹਿਰੀ, ਦੂਰ ਤਕ ਜਾਣ ਵਾਲੀ ਘਿਰਣਾ ਹੁੰਦੀ ਹੈ। ਆਪਣੀ ਨਿਜਾਤ ਵਾਸਤੇ ਕਿਸੇ ਸਾਂਝੇ ਅਮਲ ਦੇ ਸੁਪਨੇ ਲੈਣਾ ਵੀ ਉਸ ਦੀ ਚੇਤਨਤਾ ਦੇ ਦਾਇਰੇ ਤੋਂ ਬਿਲਕੁਲ ਬਾਹਰ ਦੀ ਗਲ ਨਹੀਂ ਹੁੰਦੀ। ਕਈ ਵੇਰ ਤਾਂ ਉਹ ਇਹ ਵੀ ਉਂਗਲ ਰਖ ਸਕਦਾ ਹੁੰਦਾ ਹੈ ਕਿ ਤਬਦੀਲੀ ਕਿਥੋਂ ਤੇ ਕਿਸ ਤਰ੍ਹਾਂ ਸ਼ੁਰੂ ਹੋ ਸਕਦੀ ਹੈ। ਜੇ ਇਸ ਕਿਸਮ ਦੀ ਭੋਂ ਹੋਵੇ ਹੀ ਨਾ ਤਾਂ ਜਿਵੇਂ ਅੱਗ ਦੇ ਭੰਬਾਕੇ ਵਾਂਗ ਕਈ ਵੇਰ ਮੁਲਖੱਈਆ ਉਠ ਖੜ੍ਹੇਂਦਾ ਹੈ, ਇਹ ਮੁਮਕਿਨ ਹੀ ਨਾ ਹੋਵੇ। ਜਦੋਂ ਮੁਲਖੱਈਏ ਦੇ ਮੋਢਿਆਂ 'ਤੇ ਮੜ ਸਿਰ ਆਣ ਟਿਕਦਾ ਹੈ, ਸਮਝੋ ਉਹ ਆਪਣੀ ਬੰਦ-ਖ਼ਲਾਸ ਦੇ ਰਾਹੇ ਪੈ ਤੁਰਿਆ ਹੈ। ਏਸ ਧੁੰਦ ਵਿਚੋਂ ਤੁੰਦ ਜਜ਼ਬੇ ਨੂੰ ਚੂਸ ਕੇ ਕੱਢਣਾ ਕਈ ਰਾਹ ਜਾਂਦਿਆਂ ਹੋਣ ਵਾਲੀ ਗਲ ਨਹੀਂ।

ਅਚੇਤ ਜਾਂ ਸੁਚੇਤ, ਜਜ਼ਬੇ ਦੀ ਸਾਂਝ ਪਾਇਆਂ ਬਗੈਰ, ਜਜ਼ਬੇ ਦੀ ਪੁਸ਼ਤੀ ਤੋਂ ਬਗੈਰ ਨਿਰੀ ਦਿਮਾਗੀ ਪੱਧਰ 'ਤੇ ਪਰੋਲਤਾਰੀ ਦੇ ਪੈਂਤੜੇ ਤੋਂ ਸਾਰੀ ਜ਼ਿੰਦਗੀ ਨੂੰ ਵੇਖਣਾ, ਸਭ ਜਮਾਤਾਂ ਨੂੰ ਉਨ੍ਹਾਂ ਦੇ ਆਪਸ ਵਿਚ ਵਿਚਾਰਧਾਰਕ, ਕਲਚਰਲ ਰਿਸ਼ਤਿਆਂ ਨੂੰ ਪਰੋਲਤਾਰੀ ਦੇ ਪੈਂਤੜੇ ਤੋਂ ਪਰਖਣਾ ਸ਼ਾਇਦ ਮੁਮਕਿਨ ਹੀ ਨਹੀਂ। ਜਜ਼ਬੇ ਦਾ ਮਸਲਾ ਅਮੂਰਤ ਖ਼ਿਆਲ ਦੇ ਮਸਲੇ ਨਾਲੋਂ ਪੇਚੀਦਾ ਹੁੰਦਾ ਹੈ। ਨਾਲੇ ਸਾਹਿਤਕ ਰਚਨਾ ਦਾ ਵੇਗ ਦੋ ਤੇ ਦੋ ਚਾਰ ਕਰਨ ਦਾ ਵੇਗ ਨਹੀਂ। ਸਾਡੀ ਇਹ ਸਾਰੀ ਫੋਲਾ ਫਾਲੀ ਪਹੁੰਚਦੀ ਕਿਥੇ ਹੈ ? ਇਹ ਪਹੁੰਚਦੀ ਹੈ ਕਿ ਪਰੋਲਤਾਰੀ ਦੇ ਪੈਂਤੜੇ ਤੋਂ ਸਾਹਿਤਕ ਰਚਨਾ ਕਰਨ ਵਾਸਤੇ ਸਾਹਿਤਕਾਰ ਦੀ ਸ਼ਖ਼ਸੀਅਤ ਦੀ, ਉਸ ਦੇ ਜਜ਼ਬੇ ਦੀ, ਉਸ ਪੈਂਤੜੇ ਤੋਂ ਸਿਰਜਣਾ ਕਰਨੀ ਲਾਜ਼ਮੀ ਹੈ। ਉਸ ਤੋਂ ਉਰੇ ਪਰੋਲਤਾਰੀ ਦੇ ਪੈਂਤੜੇ ਤੋਂ ਸਾਹਿਤ ਦੀ ਰਚਨਾ ਕਰਨੀ ਮੁਮਕਿਨ ਨਹੀਂ। ਸਾਹਿਤ ਬੰਦੇ ਦੀ ਪੂਰਨ ਸ਼ਖ਼ਸੀਅਤ ਨੂੰ ਮੁਖਾਤਬ ਹੁੰਦਾ ਹੈ। ਇਸ ਵਾਸਤੇ ਪੂਰਨ ਸ਼ਖ਼ਸੀਅਤ ਨੂੰ ਮੁਖਾਤਬ ਹੁੰਦਾ ਹੈ, ਕਿਉਂਕਿ ਉਹ ਸਾਹਿਤਕਾਰ ਦੀ ਪੂਰਨ ਸ਼ਖ਼ਸੀਅਤ ਦਾ ਪ੍ਰਗਟਾ ਹੁੰਦਾ ਹੈ। ਜਜ਼ਬਾ ਹਮੇਸ਼ਾਂ ਦਿਮਾਗ਼ੀ ਗਿਣਤੀ ਮਿਣਤੀ ਦੀ ਕੀਲ ਵਿਚ ਨਹੀਂ ਰਹਿੰਦਾ। ਰੋਜ਼-ਬ-ਰੋਜ਼ੀ ਅਮਲੀ ਜ਼ਿੰਦਗੀ ਵਿਚ ਤੇ ਸਾਹਿਤ ਦੀ ਰਚਨਾ ਵਿਚ ਦਿਮਾਗ਼ੀ ਗਿਣਤੀ ਮਿਣਤੀ ਤੋਂ ਬਜ਼ਿਦ ਹੋ ਕੇ ਉਹ ਆਪਣੇ ਪ੍ਰਗਟਾਅ ਵਾਸਤੇ ਰਾਹ ਲਭ ਲੈਂਦਾ ਹੈ। ਸੋ ਜਿੰਨਾਂ ਚਿਰ ਸਾਹਿਤਕਾਰ ਦੇ ਆਪਣੇ ਦਿਲ ਦੀ ਤਾਰ ਪਰੋਲਤਾਰੀ ਦੇ ਪੈਂਤੜੇ 'ਤੇ ਨਿਧੜਕ ਨਾ ਵੱਜੇ, ਉਸ ਪੈਂਤੜੇ ਤੋਂ ਸਾਹਿਤਕ ਰਚਨਾ ਮੁਮਕਿਨ ਨਹੀਂ। ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤ ਰਚਿਆ ਹੀ ਤਾਂ ਜਾ ਸਕਦਾ ਹੈ ਜੇ ਸਾਹਿਤਕਾਰ ਦੀ ਸ਼ਖ਼ਸੀਅਤ, ਉਸ ਦਾ ਜਜ਼ਬਾ, 'ਮੁਲਖੱਈਏ ਤੋਂ ਮੁਲਖੱਈਏ ਵਲ ਨੂੰ' ਦੇ ਰਿਸ਼ਤੇ ਦੀ ਸਿਰਜਣਾ ਹੋਵੇ, ਜੇ ਉਹ ਆਪਣੇ ਮਨ ਦੀ, ਜਜ਼ਬੇ ਦੀ ਵਿਦਿਆ ਲਵੇ ਮੇਹਨਤਕਸ਼ ਤਬਕੇ ਦੇ ਪੈਦਾਵਾਰ ਕਰਦੇ ਅਮਲ ਤੋਂ, ਉਸ ਅਮਲ ਤੋਂ ਹੁੰਦੇ ਉਸ ਦੇ ਅਨੁਭਵ ਤੋਂ, ਆਪਣੀ ਆਜ਼ਾਦੀ ਵਾਸਤੇ ਜਮਾਤੀ ਜਦੋ-ਜਹਿਦ ਕਰਦੇ

ਮੁਲਖੱਈਏ ਦੇ ਅਮਲ ਤੋਂ, ਉਸ ਅਮਲ ਤੋਂ ਹੋਏ ਉਸ ਨੂੰ ਅਨੁਭਵ ਤੋਂ, ਜੇ ਉਹ ਪਰੋਲਤਾਰੀ ਦੇ ਪੈਂਤੜੇ ਦੇ ਸੱਚ ਦਾ ਸੋਮਾਂ ਸਹੀ ਸਮਝੇ, ਜੇ ਉਹ ਆਪਣੇ ਸਹੀ, ਅਸਲ ਉਸਤਾਦ ਨੂੰ ਪਛਾਣੇ, ਉਸ ਨੂੰ ਆਪਣੇ ਸਿਰ ਦਾ ਸਾਈਂ, ਸਤਿਗੁਰੂ ਬਣਾਵੇ।

ਜੁਧ ਜਿਤੇ ਇਨ ਹੀ ਕੇ ਪ੍ਰਸਾਦਿ। ਇਨ ਹੀ ਕੀ ਪ੍ਰਸਾਦਿ ਸੋ ਦਾਨ ਕਰੇ।
ਅਘ ਓਘ ਕਰੇ ਇਨ ਹੀ ਕੇ ਪ੍ਰਸਾਦਿ। ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੋ ਬਿਦਿਆ ਲਈ। ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ। ਨਹੀ ਮੋ ਸੋ ਗ੍ਰੀਬ ਕ੍ਰੋਰ ਪਰੇ।—ਗੁਰੂ ਗੋਬਿੰਦ ਸਿੰਘ

ਪਰੋਲਤਾਰੀ ਦੇ ਪੈਂਤੜੇ ਦੇ ਸੱਚ ਵਿਚ ਹੀ ਸਮਾਜਕ ਮਨੁਖੀ ਮਸਲੇ ਦਾ ਹੱਲ ਹੈ। ਇਹ ਸੱਚ ਹੀ ਮਨੁਖ-ਜਾਤੀ ਦੇ ਸਭ ਦੁਖਾਂ ਦਾ ਦਾਰੂ ਹੈ। ਸਾਹਿਤ ਦੀ ਸਮੱਗਰੀ ਹੈ ਜਜ਼ਬੇ ਦਾ ਸੱਚ। "ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ। ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ। ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ। ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ। ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ। ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ। ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ। ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ। ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ। ਸਤਿਗੁਰੂ ਨੋ ਪੁਛਿਕੈ ਬਹਿ ਰਹੈ ਕਰੇ ਨਿਵਾਸੁ। ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ। ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ। ਗੁਰੂ ਨਾਨਕ (468)

ਪਰੋਲਤਾਰੀ ਦੇ ਪੈਂਤੜੇ ਦੇ ਜਜ਼ਬੇ 'ਤੇ, ਉਸ ਜਜ਼ਬੇ ਦੇ ਸੱਚ 'ਤੇ ਹੀ ਉਸ ਪੈਂਤੜੇ ਦੇ ਸਾਹਿਤ ਦੀ ਰਚਨਾ ਹੈ। ਜੇ ਸਾਹਿਤਕਾਰ ਦੇ ਪੱਲੇ ਇਸ ਪੈਂਤੜੇ ਦੇ ਜਜ਼ਬੇ ਦਾ ਸੱਚ ਹੈ ਤਾਂ ਉਹ ਇਸ ਪੈਂਤੜੇ ਦੇ ਸਾਹਿਤ ਦੀ ਵਸਤੂ ਦਾ ਮਾਲਕ ਹੈ। ਜੇ ਉਸ ਦੇ ਪੱਲੇ ਇਹ ਸੱਚ ਨਹੀਂ, ਜੇ ਉਸ ਦੇ ਦਿਲ ਦਾ ਜਜ਼ਬਾ ਇਸ ਪੈਂਤੜੇ ਦਾ ਨਹੀਂ ਤਾਂ ਸਾਹਿਤਕਾਰ ਕੋਲ ਤਕਨੀਕ ਭਾਵੇਂ ਪਰਲੇ ਦਰਜੇ ਦੀ ਹੋਵੇ, ਪਰੋਲਤਾਰੀ ਦੇ ਪੈਂਤੜੇ ਤੋਂ ਉਹ ਕੱਚੀ ਕੌਡੀ ਦਾ ਨਹੀਂ। ਸਾਹਿਤ ਨੇ, ਸਾਹਿਤ ਦੇ ਸੱਚ ਨੇ ਅੰਤ ਸਾਹਿਤਕਾਰ ਦਾ ਜਜ਼ਬਾ ਬਣ ਕੇ ਪ੍ਰਗਟ ਹੋਣਾ ਹੈ। ਸਾਹਿਤ ਦੇ ਮੁਹਾਜ਼ 'ਤੇ ਸਾਹਿਤਕਾਰ ਦੇ ਮਨ ਨੂੰ, ਉਸ ਦੇ ਦਿਲ ਨੂੰ, ਜਜ਼ਬੇ ਨੂੰ ਪਾਮਾ ਦੇ ਕੇ ਨਹੀਂ ਲੰਘਿਆ ਜਾ ਸਕਦਾ। ਚੂੰਕਿ ਸਾਹਿਤ ਜਜ਼ਬੇ ਦਾ ਮਸਲਾ ਹੈ, ਸਾਹਿਤ ਵਿਚ ਚਾਲਾਕੀ, ਚੁਸਤੀ ਹੋ ਨਹੀਂ ਸਕਦੀ। ਸੋ ਸਾਹਿਤ ਦੀ ਰਚਨਾ ਵਿਚ ਤਕਨੀਕ ਤੋਂ ਇਲਾਵਾ ਸਭ ਕੁਛ ਮੁਨਹੱਸਰ ਹੈ—ਸਾਹਿਤਕਾਰ ਦੇ ਆਪਣੇ ਜਜ਼ਬੇ ਦੇ ਖਰੇ ਜਾਂ ਖੋਟੇ ਹੋਣ 'ਤੇ।

"ਦਿਲਹੁ ਮੁਹਬਤਿ ਜਿੰਨੁ ਸੇਈ ਸਚਿਆ। ਜਿਨੁ ਮਨਿ ਹੋਰੁ ਮੁਖਿ ਹੋਰੁ ਸਿ ਕਾਢੇ ਕਚਿਆ। ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ। ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰੁ ਥੀਏ।੧।ਰਹਾਉ। ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ। ਤਿਨੁ ਧੰਨੁ ਜਣੇਦੀ ਮਾਉ ਆਏ ਸਫਲ ਸੇ। ਪਰਵਰਦਗਾਰ ਅਪਾਰ ਅਗਮ ਬੇਅੰਤ ਤੂੰ। ਜਿਨ੍ਹਾਂ ਪਛਾਤਾ ਸਚੁ ਚੰਮਾ ਪੈਰ ਮੂੰ। ਤੇਰੀ ਪਨਹ ਖੁਦਾਇ ਤੂੰ ਬਖਸੰਦਗੀ। ਸੇਖ ਫਰੀਦੈ ਖੈਰੁ ਦੀਜੈ ਬੰਦਗੀ। ਫਰੀਦ

ਸੋ ਗਲ ਮੁੜ ਘਿੜ ਕੇ ਆਉਂਦੀ ਹੈ ਸਾਹਿਤਕਾਰ ਦੇ ਆਪਣੇ ਮਨ ਦੀ, ਦਿਲ ਦੀ, ਜਜ਼ਬੇ ਦੀ ਵਿਦਿਆ 'ਤੇ, ਸਿਰਜਣਾ 'ਤੇ। ਸਾਹਿਤਕਾਰ ਦੀ ਪੂਰਨ ਸ਼ਖ਼ਸੀਅਤ ਨੇ ਹੀ ਉਸ ਦੇ ਰਚੇ ਸਾਹਿਤ ਵਿਚ ਪੇਸ਼ ਹੋਣਾ ਹੈ। ਜੇ ਉਸ ਵਿਚ ਹੀ ਕੱਚਿਆਈ ਹੈ ਤਾਂ ਸਾਹਿਤ ਖਰਾ ਨਹੀਂ ਹੋ ਸਕਦਾ। ਸਾਹਿਤਕਾਰ ਦੀ ਵੀ ਮੁਸ਼ਕਲ ਇਹ ਹੁੰਦੀਐ ਕਿ ਇਸ ਪੈਂਤੜੇ ਦੇ ਸਿਆਸਤਦਾਨ ਵਾਂਗ ਹੀ ਉਸ ਨੇ

ਵੀ, ਹਰ ਹਾਲਤ ਵਿਚ 'ਬਾਤਨ' ਦੀ ਪੱਧਰ 'ਤੇ ਪਹੁੰਚਣਾ ਹੁੰਦਾ ਹੈ। ਅਤੇ ਮੁਲਖੱਈਏ ਦੇ ਜਿਨ੍ਹਾਂ ਜਜ਼ਬਿਆਂ ਨੂੰ, ਜਿਹੜੇ ਅਨੁਭਵ ਨੂੰ ਅਜੇ ਪੂਰੀ ਜ਼ਬਾਨ ਨਹੀਂ ਲੱਗੀ ਹੁੰਦੀ ਉਨ੍ਹਾਂ ਨੂੰ ਵੀ ਜ਼ਬਾਨ ਲਾਉਣੀ ਹੁੰਦੀ ਐ; ਜੋ ਜਜ਼ਬੇ ਆਕਾਰ ਵਿਚ ਅਜੇ ਛੋਟੇ ਹੀ ਹੁੰਦੇ ਹਨ, ਜੋ ਅਨੁਭਵ ਅਜੇ ਪੁੰਗਰ ਹੀ ਰਿਹਾ ਹੁੰਦੈ, ਉਸ ਨੂੰ ਬਾਲਗ ਬਣਾਉਣਾ ਹੁੰਦੈ। ਜਿਸ ਤਰ੍ਹਾਂ ਇਸ ਪੈਂਤੜੇ ਦਾ ਸਿਆਸਤਦਾਨ ਮੁਲਖੱਈਏ ਦੇ ਸਹੀ ਖਿਆਲਾਂ ਨੂੰ ਕੇਂਦਰਤ ਕਰਦਾ ਹੈ ਉਸੇ ਤਰ੍ਹਾਂ ਸਾਹਿਤਕਾਰ ਨੇ ਵੀ ਮੁਲਖੱਈਏ ਦੇ ਸਹੀ ਜਜ਼ਬੇ ਨੂੰ ਕੇਂਦਰਤ ਕਰਨਾ ਹੁੰਦੈ। ਉਸ ਨੂੰ ਇਕਾਗਰ ਕਰਨਾ ਹੁੰਦੈ, ਉਸ ਦਾ ਪ੍ਰਤੀਨਿਧ ਸਿਰਜਣਾ ਹੁੰਦੈ, ਤੇ ਪਰੋਲਤਾਰੀ ਦੇ ਪੈਂਤੜੇ ਦੇ ਨਾਇਕ ਦੀ ਸ਼ਕਲ ਵਿਚ ਉਸ ਨੂੰ ਪੇਸ਼ ਕਰਦਾ ਹੁੰਦੈ।

ਮੁਲਖੱਈਏ ਦਾ ਅਨੁਭਵ, ਉਸ ਦਾ ਜਜ਼ਬਾ, ਸਾਹਿਤਕ ਰਚਨਾ ਦਾ ਸੀਧਾ, ਉਸ ਦਾ ਸੱਚ, ਉਸ ਦਾ ਕੱਚਾ ਮਾਲ ਤਾਂ ਹੁੰਦੈ ਪਰ ਸਾਹਿਤਕਾਰ ਮੁਲਖ਼ੱਈਏ ਦੀ ਨਿਰੀ ਨਕਲ ਨਹੀਂ ਮਾਰ ਸਕਦਾ। ਆਪਣੀ ਕਿਰਤ ਵਾਸਤੇ ਉਸ ਨੂੰ ਘਾਲਣਾ ਘਾਲਣੀ ਪੈਂਦੀ ਹੈ। ਸਿਆਸਤਦਾਨ ਵਾਂਗ ਹੀ ਉਸ ਦੀ ਸ਼ਖ਼ਸੀਅਤ ਕੰਡੇ 'ਤੇ ਚੜ੍ਹੀ ਹੁੰਦੀ ਐ ਕਿ ਇਨਕਲਾਬੀ ਤੌਰ 'ਤੇ ਤਬਦੀਲ ਹੋ ਰਹੀ ਸਮਾਜਕ ਮਨੁਖੀ ਅਸਲੀਅਤ ਦੀ ਨਬਜ਼ ਨੂੰ ਉਹ ਸਹੀ ਸਮਝਦਾ ਹੈ ਕਿ ਨਹੀਂ। ਸਾਹਿਤਕਾਰ ਦੀ ਸ਼ਖ਼ਸੀਅਤ ਦਾ, ਉਸ ਦੇ ਦਿਲ ਦੇ ਜਜ਼ਬੇ ਦਾ ਮੂਲ ਤਾਂ ਲਾਜ਼ਮੀ ਪਰੋਲਤਾਰੀ ਦੇ ਪੈਂਤੜੇ ਦਾ ਸੱਚ ਹੀ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸ ਦਾ ਮਜ਼ਮੂਨ ਸਿਰਫ ਮੁਲਖੱਈਆ ਹੀ ਹੈ ਅਤੇ ਸਮਝਣਾ ਤੇ ਪੇਸ਼ ਕਰਨਾ ਸਿਰਫ ਉਸ ਨੇ ਮੁਲਖੱਈਏ ਨੂੰ ਹੀ ਹੈ। ਸਿਆਸਤਦਾਨ ਵਾਂਗ ਸਾਹਿਤਕਾਰ ਵਾਸਤੇ ਬੁਨਿਆਦੀ ਦੋ ਮਜ਼ਮੂਨ ਹਨ—ਮਾਰਕਸਵਾਦ ਤੇ ਸਮਾਜ। ਮਾਰਕਸਵਾਦ ਸਮਾਜਕ ਅਸਲੀਅਤ ਨੂੰ ਸਮਝਣ ਦਾ, ਉਸ ਦਾ ਵਿਸ਼ਲੇਸ਼ਨ ਕਰਨ ਦਾ ਤਰੀਕਾ ਹੈ, ਅਤੇ ਉਸ ਵਿਸ਼ਲੇਸ਼ਨ ਦੇ ਆਧਾਰ 'ਤੇ ਅਮਲ ਕਰਨ ਦਾ। ਸੋ ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ ਸਮਾਜ ਨੂੰ ਸਮਝਣ ਵਾਸਤੇ ਮਾਰਕਸਵਾਦ ਦਾ ਗੌਹਰੀ ਹੁੰਦਾ ਹੈ ਅਤੇ ਉਸ ਦੀ ਮਦਦ ਨਾਲ ਸਮਾਜ ਨੂੰ ਸਮਝਦਾ ਹੈ। ਸਮਝਣਾ ਤਾਂ ਉਸ ਨੇ ਹੁੰਦਾ ਹੈ – ਸਮਾਜ ਦੀ ਡਾਇਲੈਕਟਿਕ ਨੂੰ। ਅਤੇ ਸਮਾਜ ਦੀ ਡਾਇਲੈਕਟਿਕ ਦਾ ਅਮਲੀ ਰੂਪ ਹੈ—ਜਮਾਤੀ ਜਦੋ-ਜਹਿਦ। ਸੋ ਸਾਹਿਤਕਾਰ ਨੇ ਮਾਹਿਰ ਹੋਣਾ ਹੈ—ਚਲ ਰਹੀ ਜਮਾਤੀ ਜਦੋ-ਜਹਿਦ ਦਾ। ਸਮਾਜ ਦੇ ਪਦਾਰਥਕ ਰਿਸ਼ਤਿਆਂ ਦਾ, ਵਿਚਾਰਧਾਰਕ ਰਿਸ਼ਤਿਆਂ ਦਾ। ਵਿਦਿਆ ਦੇ ਖੇਤਰ ਵਿਚ ਵੀ ਤੇ ਸਾਹਿਤ ਦੇ ਖੇਤਰ ਵਿਚ ਵੀ ਮੂਲ, ਅਹਿਮ ਮਜ਼ਮੂਨ ਹੈ—ਜਮਾਤੀ ਜਦੋ-ਜਹਿਦ।

ਮਧ ਕਾਲ ਵਿਚ ਤਾਂ ਦਸ਼ਾ ਵਖਰੀ ਸੀ, ਪਰ ਅੱਜ ਦੇ ਪ੍ਰਸੰਗ ਵਿਚ ਲੋਕਾਂ ਦੀ ਬੰਦ-ਖਲਾਸ ਦੇ ਰਾਹ ਵਿਚ ਬਾਹਰਮੁਖੀ ਸਥਿਤੀ ਘੱਟ ਹੀ ਰੁਕਾਵਟ ਹੁੰਦੀ ਹੈ। ਆਮ ਤੌਰ 'ਤੇ ਰੁਕਾਵਟ ਹੁੰਦੀ ਹੈ—ਕਾਬਜ਼ ਜਮਾਤੀ ਤਾਕਤ ਦੀ ਠੋਸੀ ਹੋਈ ਅੰਤਰਮੁਖੀ ਹਦਬੰਦੀ, ਵਿਚਾਰਧਾਰਕ ਕਲਚਰਲ ਦਸ਼ਾ। ਸਾਹਿਤਕਾਰ ਵਾਸਤੇ ਸਿਰਫ ਪਦਾਰਥਕ ਸਮਾਜਕ ਰਿਸ਼ਤਿਆਂ ਦਾ ਗੌਹਰੀ ਹੋਣਾ ਹੀ ਕਾਫ਼ੀ ਨਹੀਂ। ਉਸ ਦੇ ਵਾਸਤੇ ਲਾਜ਼ਮੀ ਹੈ ਕਿ ਵਿਚਾਰਧਾਰਕ, ਕਲਚਰਲ ਰਿਸ਼ਤਿਆਂ ਦੀ ਨਬਜ਼ 'ਤੇ ਵੀ ਉਸ ਦਾ ਹੱਥ ਹੋਵੇ। ਸਮਾਜਕ ਅਸਲੀਅਤ ਨੂੰ ਪੂਰੀ ਤਰ੍ਹਾਂ ਪੇਸ਼ ਕਰਨ ਵਾਸਤੇ ਸਾਹਿਤਕਾਰ ਵਾਸਤੇ ਲਾਜ਼ਮੀ ਹੈ ਕਿ ਉਹ ਧਾੜ ਦੀ ਧਾੜ ਪਾਤਰ ਉਸਾਰੇ, ਪੇਸ਼ ਕਰੇ। ਸਭ ਕਿਸਮ ਦੇ ਪਾਤਰ ਪੇਸ਼ ਕਰੇ, ਸਭ ਜਮਾਤਾਂ ਦੇ ਪਾਤਰ ਪੇਸ਼ ਕਰੇ, ਸਭ ਜਮਾਤਾਂ ਦੇ ਪ੍ਰਤੀਨਿਧ ਪਾਤਰ ਪੇਸ਼ ਕਰੇ, ਪਰੋਲਤਾਰੀ ਦੇ ਪੈਂਤੜੇ ਦੀਆਂ ਅੱਖਾਂ ਨਾਲ ਦੇਖ ਕੇ, ਆਜ਼ਾਦੀ ਦੀ ਤਕੜੀ ਤੋਲ ਕੇ। ਜਿੰਨਾਂ ਚਿਰ ਸਾਹਿਤਕਾਰ ਪਦਾਰਥਕ ਰਿਸ਼ਤਿਆਂ ਦੇ ਨਾਲ ਵਿਚਾਰਧਾਰਕ, ਕਲਚਰਲ ਰਿਸ਼ਤਿਆਂ ਦੀ, ਵਿਚਾਰਧਾਰਕ,

ਕਲਚਰਲ ਦਸ਼ਾ ਦੀ ਤਸਖੀਸ਼ ਕਰਨ ਜੋਗਾ ਨਹੀਂ ਹੁੰਦਾ, ਉਹ ਧੜਾ ਧੜ ਸਭ ਜਮਾਤਾਂ ਦੇ ਪਾਤਰ, ਉਨ੍ਹਾਂ ਦਾ ਆਪਸ ਵਿਚ ਤਵਾਜ਼ਨ ਪੇਸ਼ ਨਹੀਂ ਕਰ ਸਕਦਾ। ਵਿਚਾਰਧਾਰਕ, ਕਲਚਰਲ ਦਸ਼ਾ ਹਮੇਸ਼ਾਂ ਪਦਾਰਥਕ ਸਥਿੱਤੀ ਨਾਲ ਮੇਲ ਨਹੀਂ ਖਾਂਦੀ ਹੁੰਦੀ, ਕਦੇ ਵੀ ਉਸ ਦਾ ਨਿਰਾ ਅਕਸ ਨਹੀਂ ਹੁੰਦੀ। ਇਸ ਨੂੰ ਨਿਖੇੜ ਕੇ ਦੇਖਣਾ ਲਾਜ਼ਮੀ ਹੁੰਦਾ ਹੈ।

ਬੁਰਜੂਆ ਤੇ ਪਰੋਲਤਾਰੀ ਦੇ ਪੈਂਤੜੇ ਵਾਲਿਆਂ ਸਾਹਿਤਕਾਰਾਂ ਦਾ ਆਪਸ ਵਿਚ ਫਰਕ ਧੁਰ ਸਿਰ ਹੁੰਦਾ ਹੈ ਅਤੇ ਇਹ ਉਪਜਦਾ ਹੈ ਦੋਹਾਂ ਧਿਰਾਂ ਦੇ, ਇਕ ਦੂਜੇ ਦੇ ਵਿਰੋਧੀ ਗਿਆਨ ਦੇ ਸਿਧਾਂਤਾਂ ਤੋਂ, ਸੱਚ ਦੇ ਸੋਮੇਂ ਤੋਂ। ਹਾਕਮ ਜਮਾਤਾਂ ਦੇ ਪੱਖੀ ਸਾਹਿਤਕਾਰ ਅਚੇਤ ਜਾਂ ਸੁਚੇਤ ਇਸ ਸਿਧਾਂਤ ਦੇ ਧਾਰਨੀ ਹੁੰਦੇ ਹਨ ਕਿ ਸੱਚ ਦਾ ਸੋਮਾਂ ਮਨ ਹੈ, ਪ੍ਰਤਿਭਾ ਦਾ ਦਿਮਾਗ ਅਤੇ ਸਾਹਿਤ, ਕਲਾ, ਕਲਚਰ, ਸਭਿਅਤਾ ਆਦਿ ਸਭ ਉਸੱਰਦੀਆਂ ਹਨ—ਉਚ ਕੋਟੀ ਦੀਆਂ ਪ੍ਰਤਿਭਾਵਾਂ ਵਲੋਂ। ਸਾਹਿਤ/ਕਲਾ ਦਾ ਮਜ਼ਮੂਨ ਤਾਂ ਅੰਤ ਬੰਦਾ ਹੀ ਹੈ, ਉਸ ਦੀ ਕਰਨੀ, ਉਸ ਦੀ ਤਕਦੀਰ। ਸਵਾਲ ਹੁੰਦਾ ਹੈ ਬੰਦੇ ਨੂੰ, ਵੱਖ ਵੱਖ ਕਿਸਮ ਦਿਆਂ ਬੰਦਿਆਂ ਨੂੰ, ਵਖ-ਵਖ ਜਮਾਤਾਂ ਦੇ ਬੰਦਿਆਂ ਨੂੰ ਪੇਸ਼ ਕਰਨ ਦਾ। ਹਾਕਮ ਜਮਾਤਾਂ ਦੇ ਹਿਤੀ ਸਾਹਿਤਕਾਰ ਮੇਹਨਤਕਸ਼ ਤਬਕੇ ਨੂੰ, ਲੋਕਾਂ ਨੂੰ ਪੇਸ਼ ਕਰਦੇ ਹਨ ਜਮਾਂਦਰੂ ਖਰ-ਦਿਮਾਗ, ਫਿਤਰਤੋਂ ਵਹਿਸ਼ੀ, ਅਸਲਿਉਂ ਜਾਹਿਲ, ਜੋ ਆਪਣੇ ਆਪ ਜੋਗੇ ਨਹੀਂ, ਹੋ ਹੀ ਨਹੀਂ ਸਕਦੇ। ਜੋ ਅਗਲਿਆਂ ਦੇ ਸਾਂਭੇ ਹੀ ਸਾਂਭੇ ਰਹਿ ਸਕਦੇ ਹਨ। ਸਪਸ਼ਟ ਇਹ ਕਰਦੇ ਹਨ ਕਿ ਕੁਦਰਤ ਦੀ ਕਰਨੀ ਹੀ ਐਸੀ ਹੈ ਕਿ ਇਹਨਾਂ ਦੇ ਸਿਰ 'ਤੇ ਮਾਲਕ ਦਾ ਹੋਣਾ ਲਾਜ਼ਮੀ ਹੈ। ਅਤੇ ਇਹਨਾਂ ਨੂੰ ਚਾਹੀਦਾ ਹੈ ਇਹਨਾਂ ਦਾ ਠੂਠਾ ਭਰਿਆ ਰਵ੍ਹੇ। ਇਸ ਤੋਂ ਉਪਰ ਇਹ ਨਾ ਸੋਚ ਸਕਦੇ ਹਨ, ਨਾ ਹੀ ਉਠ ਸਕਦੇ ਹਨ। ਇਹਨਾਂ ਦੇ ਮਨਾਂ ਨੂੰ ਇਕੋ ਕੁੰਜੀ ਲਗਦੀ ਹੈ ਤੇ ਉਹ ਹੈ—ਪੈਸੇ ਦਾ ਲਾਲਚ।

ਦੂਸਰੇ ਪਾਸੇ ਪਰੋਲਤਾਰੀ ਦੇ ਪੈਂਤੜੇ ਦਾ ਗਿਆਨ ਦਾ ਸਿਧਾਂਤ, ਮਨੁਖੀ ਬਣਤਰ, ਸੁਭਾ ਦਾ ਸੰਕਲਪ ਇਸ ਦੇ ਐਨ ਉਲਟ ਹੈ। ਜਿਸ ਤਰ੍ਹਾਂ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ ਇਸ ਪੈਂਤੜੇ ਦਾ ਗਿਆਨ ਦਾ ਸਿਧਾਂਤ ਹੈ ਕਿ ਗਿਆਨ ਪੈਦਾ ਹੁੰਦਾ ਹੈ ਸਮਾਜਕ ਅਮਲ 'ਚੋਂ, ਮੁਲਖੱਈਏ ਦੀ ਪੈਦਾਵਾਰ ਵਾਸਤੇ ਜਦੋ-ਜਹਿਦ 'ਚੋਂ ਅਤੇ ਸਾਇੰਟਿਫਿਕ ਤਜਰਬੇ ਤੋਂ। ਅਤੇ ਸੱਚ ਦਾ ਸੋਮਾਂ, ਉਸ ਦਾ ਉਸੱਰਈਆ ਹੈ—ਮੁਲਖੱਈਆ, ਉਸ ਦਾ ਅਮਲ। ਸੱਚ ਬੇਅੰਤ ਹੈ, ਅਥਾਹ ਹੈ, ਇਸ ਨੂੰ ਕੋਈ ਹੱਦ ਬੰਨਾ ਨਹੀਂ। ਇਸ ਵਾਸਤੇ ਸੱਚ ਦੇ ਉਸਰੱਈਏ—ਮੁਲਖੱਈਏ ਦੀਆਂ ਸੰਭਾਵਨਾਵਾਂ ਅਥਾਹ ਹਨ। ਉਨ੍ਹਾਂ ਨੂੰ ਕੋਈ ਹਾਥ ਨਹੀਂ। ਉਸ ਦੀਆਂ ਸੰਭਾਵਨਾਵਾਂ ਨੂੰ ਜੂੜੀ ਕੌਣ ਬੈਠਾ ਹੈ? ਕਿਹੜੀ ਚੀਜ਼ ਜੂੜੀ ਬੈਠੀ ਹੈ? ਉਸ ਦੀਆਂ ਸੰਭਾਵਨਾਵਾਂ ਨੂੰ ਕਾਚੂ ਕਰੀ ਬੈਠੀਆਂ ਹਨ ਉਸ ਨੂੰ ਪਾਈਆਂ ਗਈਆਂ ਜ਼ਹਿਨੀ ਜੰਜੀਰਾਂ, ਸਮਾਜਕ ਗੁਲਾਮੀ ਦੇ ਬੰਧਨ। ਉਸ ਦੇ ਵਾਸਤੇ ਸਵਾਲ ਹੈ ਜਮਾਤੀ ਜਦੋ-ਜਹਿਦ ਰਾਹੀਂ ਆਜ਼ਾਦੀ ਦੀ ਚੇਤਨਤਾ ਨੂੰ ਵਰਨ ਦਾ, ਉਸ ਨੂੰ ਗ੍ਰਹਿਣ ਕਰਨ ਦਾ, ਉਸ ਦੀ ਸਮਾਜਕ ਮਨੁਖੀ ਅਮਲ ਵਿਚ ਤਰਜਮਾਨੀ ਕਰਨ ਦਾ। ਇਸ ਸਿਧਾਂਤ ਦੇ ਅਨੁਸਾਰ ਬੰਦੇ ਦੀਆਂ, ਮੁਲਖੱਈਏ ਦੀਆਂ ਸੰਭਾਵਨਵਾਂ ਦਾ ਕਦੀ ਕਿਸੇ ਨੇ ਨਾ ਅੰਤ ਪਾਇਆ ਹੈ ਨਾ ਪਾ ਹੀ ਸਕਦਾ ਹੈ। ਸੋ ਮਨੁਖ ਜਾਤੀ ਦੀ ਨਿਜਾਤ ਵਾਸਤੇ ਰਾਹ ਹੀ ਇਕ ਹੈ—ਮੁਲਖੱਈਏ ਦੇ ਲੜ ਲੱਗਣ ਦਾ।

ਇਹਨਾਂ ਦੋਹਾਂ ਪੈਂਤੜਿਆਂ ਦੇ ਲੋਕਾਂ ਬਾਬਤ ਸੰਕਲਪਾਂ ਦਾ ਆਪਸ ਵਿਚ ਟੱਕਰਾਅ ਹੀ ਇਹਨਾਂ ਦੋਹਾਂ ਪੈਂਤੜਿਆਂ ਦੀ ਆਪਸ ਵਿਚ ਜਦੋ-ਜਹਿਦ ਦਾ ਆਧਾਰ ਹੈ, ਰੂਪ ਹੈ। ਪਰੋਲਤਾਰੀ ਦੇ ਪੈਂਤੜੇ ਦਾ ਸਾਹਿਤਕਾਰ ਮੁਲਖੱਈਏ ਨੂੰ, ਲੋਕਾਂ ਨੂੰ, ਆਪਣੇ ਪੈਂਤੜੇ ਦੇ ਗਿਆਨ ਦੇ ਸਿਧਾਂਤ ਦੇ

ਅਨੁਸਾਰ, ਉਸ ਦੇ ਮਨੁਖੀ ਬਣਤਰ ਦੇ ਸੰਕਲਪ ਦੇ ਆਧਾਰ 'ਤੇ ਪੇਸ਼ ਕਰਦਾ ਹੈ। ਉਹ ਮੁਲਖੱਈਏ ਨੂੰ, ਲੋਕਾਂ ਨੂੰ ਆਪਣੀ ਬੰਦ-ਖਲਾਸ ਵਾਸਤੇ ਜਦੋ-ਜਹਿਦ ਕਰਦਿਆਂ ਨੂੰ, ਆਪਣੇ ਦਵਾਲਿਉ ਜ਼ਹਿਨੀ ਜੰਜੀਰਾਂ ਤੋੜਦਿਆਂ ਨੂੰ, ਹਰ ਪਹਿਲੂ ਵਿਚ ਵਿਤੋਂ ਵੱਡਿਆਂ ਹੁੰਦਿਆਂ ਨੂੰ ਹੀ ਉਜਾਗਰ ਨਹੀਂ ਕਰਦਾ, ਉਹ ਮਲੋ ਮੱਲੀ ਸੁਝਾਉਂਦਾ, ਅਹਿਸਾਸ ਕਰਾਉਂਦਾ ਜਾਂਦਾ ਹੈ ਕਿ ਇਹਨਾਂ ਲੋਕਾਂ ਦਾ ਦਾਈਆ ਦੂਰ ਐ, ਇਹਨਾਂ ਹੁਣ ਧਾਈ ਕਰ ਲਈ ਏ, ਇਹਨਾਂ ਨੂੰ ਠਲ੍ਹ ਪਾਉਣ ਵਾਲਾ ਕੋਈ ਨਹੀਂ ਜੰਮਿਆਂ। ਸਮਾਜ ਦਾ ਵੇਗ ਇਹਨਾਂ ਦੇ ਅੰਗ ਸੰਗ ਏ। ਇਹ ਅਜਿੱਤ ਨੇ। ਇਹਨਾਂ ਦੀ ਅੰਤਮ ਜਿੱਤ ਯਕੀਨੀ ਹੈ। ਇਹ ਇਨਸਾਨੀਅਤ ਦਾ ਉਭਾਰ ਨੇ। ਇਹਨਾਂ ਦੀ ਗਰਮ ਜੋਸ਼ੀ ਜ਼ੁਲਮ ਤੇ ਜ਼ਬਰ ਨੂੰ, ਕਾਬਜ਼ਾਂ ਨੂੰ ਇਨਸਾਨੀਅਤ ਦੀ ਵੰਗਾਰ ਹੈ। ਅਤੇ ਇਹਨਾਂ ਦੀ ਜਿੱਤ ਵਿਚ ਹੀ ਦੁਨੀਆਂ ਦੇ ਸਭ ਦੁਖ ਦੂਰ ਨੇ।

ਵੇਖਣ ਨੂੰ ਕਾਬਜ਼ ਭਾਵੇਂ ਕਿੰਨੇ ਤਕੜੇ ਨੇ, ਖੂਨ ਦੀਆਂ ਨਦੀਆਂ ਭਾਵੇਂ ਉਹ ਕਿੰਨੀਆਂ ਵਹਾ ਦੇਣ, ਨੇਕੀ ਇਹਨਾਂ ਵਿਚੋਂ ਖਤਮ ਐ। ਔਧ ਉਹਨਾਂ ਦੀ ਮੁਕ ਚੁਕੀ ਹੈ। ਹੋਣੀ ਉਹਨਾਂ ਦੇ ਸਿਰ 'ਤੇ ਕੂਕ ਰਹੀ ਹੈ। ਉਹ ਮੌਤ ਦਾ ਮਾਲ ਨੇ। ਵਹਿਸ਼ਤ ਜਿਨੀ ਮਰਜ਼ੀ ਉਹ ਪਏ ਖਿਲਾਰ ਲੈਣ, ਪਰ ਕਬਰੀਂ ਅੰਤ ਉਹਨਾਂ ਨੇ ਹੀ ਪੈਣਾ ਹੈ। ਸੁਆਲ ਸਿਰਫ਼ ਮੁਲਖੱਈਏ ਦੀ ਬਗ਼ਾਵਤ ਦਾ ਨਹੀਂ, ਸੁਆਲ ਮੁਲਖੱਈਏ ਦੇ ਜਮਾਤੀ ਪੈਂਤੜੇ ਦੀ ਤਬਦੀਲੀ ਦਾ ਹੈ। ਜਿਸ ਤਰ੍ਹਾਂ ਫਰੀਦ ਸਾਹਿਬ, ਗੁਰੂ ਸਾਹਿਬਾਨ ਤੇ ਵਾਰਸਸ਼ਾਹ ਨੇ ਆਜ਼ਾਦੀ ਦੇ ਪੈਂਤੜੇ ਦੇ ਨਾਇਕਾਂ ਨੂੰ ਪੇਸ਼ ਕਰਦਿਆਂ, ਉਨ੍ਹਾਂ ਦੀਆਂ ਮਨੁਖੀ ਖ਼ਾਸੀਅਤਾਂ, ਉਨ੍ਹਾਂ ਦਿਆਂ ਮਨੁਖੀ ਮਨੋਰਥਾਂ ਬਾਬਤ ਚੜ੍ਹੇ ਦਿਨ ਵਾਂਗ ਚਾਨਣਾ ਕੀਤਾ ਹੈ, ਕਿਸੇ ਨੂੰ ਭੁਲੇਖਾ ਨਹੀਂ ਰਹਿਣ ਦਿਤਾ ਕਿ ਉਨ੍ਹਾਂ ਨਾਇਕਾਂ ਦੀ ਮਨੁਖੀ ਬਣਤਰ, ਆਪਣੇ ਵਿਰੋਧੀਆਂ, ਦੁਨੀਆਂਦਾਰਾਂ, ਮਨਮੁਖਾਂ ਤੇ ਪੈਂਚਾਂ ਕੈਦੋਆਂ ਦੇ ਐਨ ਵਿਰੋਧੀ ਹੈ, ਉਨ੍ਹਾਂ ਦੀਆਂ ਮਨੁਖੀ ਖ਼ਾਸੀਅਤਾਂ,ਮਨੁਖੀ ਮਨੋਰਥ, ਕਦਰਾਂ-ਕੀਮਤਾਂ, ਕਾਬਜ਼ ਸਮਾਜਕ ਰਿਸ਼ਤਿਆਂ ਦੀਆਂ ਸਿਰਜੀਆਂ ਖ਼ਾਸੀਅਤਾਂ, ਮਨੋਰਥਾਂ, ਕਦਰਾਂ-ਕੀਮਤਾਂ ਨੂੰ ਜੜ੍ਹੋਂ ਲੈਂਦੀਆਂ ਹਨ ਤੇ ਉਨ੍ਹਾਂ ਨਾਲ ਕੋਈ ਸਮਝੌਤਾ ਮੁਮਕਿਨ ਨਹੀਂ, ਏਸੇ ਤਰ੍ਹਾਂ ਹੀ ਪਰੋਲਤਾਰੀ ਦੇ ਪੈਂਤੜੇ ਵਾਲਾ ਸਾਹਿਤਕਾਰ ਆਪਣੇ ਨਾਇਕਾਂ ਦੀ, ਆਪਣੇ ਪੈਂਤੜੇ ਦੇ ਪਾਤਰਾਂ ਦੀ, ਆਪਣੇ ਪੈਂਤੜੇ ਦੇ ਅਨੁਸਾਰੀ ਮਨੁਖੀ ਬਣਤਰ ਨੂੰ, ਉਸ ਦੇ ਅਨੁਸਾਰੀ ਮਨੁਖੀ ਖਾਸੀਅਤਾਂ, ਮਨੋਰਥਾਂ ਆਦਿ ਨੂੰ ਰੱਜ ਕੇ ਉਜਾਗਰ ਕਰੇਗਾ। ਸਪਸ਼ਟ ਕਰੇਗਾ ਕਿ ਆਪਣੀ ਆਜ਼ਾਦੀ ਵਾਸਤੇ ਮੁਲਖੱਈਏ ਦੀ ਕੀਤੀ ਜਾ ਰਹੀ ਜਮਾਤੀ ਜਦੋ-ਜਹਿਦ ਨਵੀਂ ਕਿਸਮ ਦਾ, ਰੋਮ-ਰੋਮ ਨਵੇਂ ਨਜ਼ਰੀਏ ਵਾਲਾ, ਨਵੀਆਂ ਕਦਰਾਂ-ਕੀਮਤਾਂ ਵਾਲਾ ਬੰਦਾ ਸਿਰਜ ਰਹੀ ਹੈ, ਜੋ ਕਿ ਕਾਬਜ਼ ਬੁਰਜੂਆ ਰਿਸ਼ਤਿਆਂ ਵਿਚ, ਕਿਸੇ ਹਾਲਤ ਵਿਚ ਵੀ ਸਮਾਏਗਾ ਨਹੀਂ, ਜਿਸ ਦਾ ਇਹਨਾਂ ਰਿਸ਼ਤਿਆਂ ਵਿਰੁਧ ਬੁਰਦੋਂ ਬੁਰਦੀ ਲਾਉਣਾ ਉਸ ਦੀ ਫਿਤਰਤ ਹੈ। ਦੂਸਰੇ ਲਫਜ਼ਾਂ ਵਿਚ ਉਹ ਮੁਲਖੱਈਏ ਨੂੰ ਬਾਗੀ ਕਰ ਕੇ ਪੇਸ਼ ਨਹੀਂ ਕਰੇਗਾ, ਇਨਕਲਾਬੀ ਕਰ ਕੇ ਚਿਤਰੇਗਾ। ਫਰੀਦ ਸਾਹਿਬ, ਗੁਰੂ ਸਾਹਿਬਾਨ, ਵਾਰਸ ਸਾਹ ਇਸ ਨੁਕਤੇ ਬਾਬਤ ਕਿਤੇ ਭੋਰਾ ਕੱਚਿਆਈ ਨਹੀਂ ਕਰਦੇ। ਉਹਨਾਂ ਦੀ ਰਚਨਾ ਦਾ ਸਿਖਰ ਹੀ ਇਹ ਨੁਕਤਾ ਹੈ। ਪਰੋਲਤਾਰੀ ਦੇ ਪੈਂਤੜੇ ਦੇ ਸਾਹਿਤਕਾਰ ਦੇ ਹਥੋਂ ਇਸ ਨੁਕਤੇ 'ਤੇ ਕੱਚਿਆਈ ਘਾਤਕ ਹੋਵੇਗੀ। ਉਸ ਨੇ ਸਪਸ਼ਟ ਹੀ ਇਹ ਕਰਨਾ ਹੈ ਕਿ ਜਮਾਤੀ ਜਦੋ-ਜਹਿਦ ਰਾਹੀਂ ਆਜ਼ਾਦ ਬੰਦੇ ਦੀ ਸਿਰਜਣਾ ਬਗੈਰ ਆਜ਼ਾਦੀ ਖਾਮ-ਖਿਆਲੀ ਹੈ। ਪਰੋਲਤਾਰੀ ਦੇ ਪੈਂਤੜੇ ਦੇ ਸਾਹਿਤਕਾਰ ਦਾ ਕਰਤਵ ਹੀ ਆਜ਼ਾਦ ਬੰਦੇ ਦੀ ਸਿਰਜਣਾ ਵਿਚ ਸਹਾਈ ਹੋਣਾ ਹੈ।

ਖ਼ਾਲਿਸਤਾਨ ਜਾਂ ਪੰਜਾਬੀਅਤ ?

ਭਗਵਾਨ ਜੋਸ਼

'ਖ਼ਾਲਿਸਤਾਨ' ਜਾਂ 'ਸਿੱਖ ਹੋਮਲੈਂਡ' ਦੇ ਸੰਕਲਪ ਦਾ ਜਨਮ ਲਗ ਪਗ ਪਾਕਿਸਤਾਨ ਦੇ ਸੰਕਲਪ ਦੇ ਨਾਲ ਹੀ ਹੋਇਆ ਸੀ। ਪਾਕਿਸਤਾਨ ਬਣਨ ਦਾ ਆਧਾਰ ਕੌਮੀਅਤ ਦੀ ਭਾਵਨਾ ਨਹੀਂ, ਸਗੋਂ ਧਾਰਮਿਕ ਚੇਤਨਤਾ ਸੀ। ਜੇਕਰ ਪੰਜਾਬ, ਪਾਕਿਸਤਾਨ ਵਾਂਗ ਇਕ ਵਖਰਾ ਸੂਬਾ. ਜਿਸ ਵਿਚ ਕੇਵਲ 'ਸਿੱਖਾਂ ਦਾ ਰਾਜ' ਹੋਵੇ ਉਦੋਂ ਪਾਕਿਸਤਾਨ ਦੇ ਨਾਲ ਹੀ ਨਹੀਂ ਬਣਿਆ ਤਾਂ ਇਸ ਦਾ ਇਕ ਮਹੱਤਵਪੂਰਨ ਕਾਰਨ ਇਹ ਵੀ ਸੀ ਕਿ ਸਾਮਰਾਜ ਦੇ ਖਿਲਾਫ਼ ਆਕਾਲੀ ਲਹਿਰ ਦੀ ਚੜ੍ਹਤ ਤੋਂ ਬਾਅਦ ਸਿੱਖ ਵਸੋਂ ਦਾ ਕਾਫ਼ੀ ਹਿੱਸਾ ਕੌਮੀਅਤ ਦੀ ਭਾਵਨਾ ਨਾਲ ਓਤਪੋਤ ਸੀ। ਨਤੀਜੇ ਵਜੋਂ ਇਹ ਵਸੋਂ 'ਧਾਰਮਿਕ ਚੇਤਨਤਾ' ਤੇ 'ਕੌਮੀਅਤ ਦੀ ਚੇਤਨਤਾ' ਦੇ ਦੋ-ਧਰੂਵਾਂ ਵਿਚ ਖਿਲਰੀ ਹੋਈ ਸੀ। ਇਕ ਪਾਸੇ ਜੇਕਰ 'ਧਾਰਮਿਕ ਚੇਤਨਤਾ' ਨੂੰ ਸਿਆਸਤ ਤੋਂ ਅਲੱਗ ਕਰ ਕੇ ਵੇਖਣ ਵਾਲੀ ਘਟ-ਗਿਣਤੀ ਕੱਟੜ ਕੌਮ-ਪ੍ਰਸਤਾਂ ਦੀ ਸੀ, ਤਾਂ ਦੂਸਰੇ ਪਾਸੇ ਸਿਆਸਤ ਤੇ ਧਰਮ ਦੀ ਏਕਤਾ ਉਪਰ ਜ਼ੋਰ ਦੇਣ ਵਾਲੀ ਇਕ ਹੋਰ ਘਟ-ਗਿਣਤੀ ਫਿਰਕਾ-ਪ੍ਰਸਤਾਂ ਦੀ ਸੀ। ਬਾਕੀ ਵਸੋਂ 'ਧਾਰਮਿਕ ਚੇਤਨਤਾ' ਤੇ 'ਕੌਮੀਅਤ ਦੀ ਚੇਤਨਤਾ' ਦੀਆਂ ਮਿਲਗੋਭਾ ਹੋਈਆਂ ਭਾਵਨਾਵਾਂ ਕਾਰਨ ਵਿਚ-ਵਿਚਾਲੇ ਡਾਵਾਂ-ਡੋਲ ਰਹੀ ਤੇ ਅੱਜ ਵੀ ਹੈ। ਸਿੱਖ ਵਸੋਂ ਦੀ ਇਹ ਬਹੁ-ਗਿਣਤੀ ਇਕ ਪਾਸੇ ਦੇਸ਼ ਉਪਰ ਭੀੜ ਪੈਣ ਸਮੇਂ ਜੇ ਇਹ ਮਹਿਸੂਸ ਕਰਦੀ ਹੈ ਕਿ ਉਹ ਸਿਰਫ਼ ਕੌਮੀਅਤ ਦੀ ਭਾਵਨਾ ਵਿਚ ਹੀ ਰੰਗੀ ਹੋਈ ਹੈ ਤੇ ਦੂਸਰੇ ਪਾਸੇ ਜਦ ਕਦੇ 'ਪੰਥ ਨੂੰ ਖਤਰੇ' ਦਾ ਨਾਹਰਾ ਜ਼ੋਰ ਫੜਦਾ ਹੈ ਤਾਂ ਇਸ ਦਾ ਇਹ ਮਹਿਸੂਸ ਕਰਨਾ ਕਿ ਉਹ ਕੇਵਲ ਸਿੱਖੀ ਦੇ ਜਜ਼ਬੇ ਨਾਲ ਓਤਪੋਤ ਹੈ, ਉਨਾ ਹੀ ਕੁਦਰਤੀ ਹੈ। ਇਸ ਤਰ੍ਹਾਂ ਦੇ ਭਾਵਨਾਤਮਿਕ ਸੰਸਾਰ ਵਿਚ ਇਕ ਪਾਸੇ ਦੀ ਚੇਤਨਤਾ ਤੋਂ ਦੂਸਰੇ ਪਾਸੇ ਦੀ ਚੇਤਨਤਾ ਵਿਚ ਤਬਦੀਲੀ ਹੋਣ ਵਿਚ ਵਧੇਰੇ ਦੇਰ ਨਹੀਂ ਲੱਗਦੀ।

ਜੋ ਗੱਲ ਮਹੱਤਵਪੂਰਨ ਹੈ ਉਹ ਇਹ ਕਿ ਹਿੰਦੂ ਜਜ਼ਬੇ ਦੀ ਧਾਰਮਿਕ ਚੇਤਨਤਾ ਵਾਂਗ, ਇਹ ਕੇਵਲ ਧਾਰਮਿਕ ਚੇਤਨਤਾ ਹੀ ਨਹੀਂ ਸਗੋਂ ਇਹ ਘੱਟ-ਗਿਣਤੀ ਦੀ ਆਪਣੀ ਅਸੁਰਖਿਆ ਦੀ ਚੇਤਨਤਾ ਵੀ ਹੈ। ਤੇ ਇਸ ਕਾਰਨ ਹੀ ਇਹ ਮਸਲਾ ਵਧੇਰੇ ਗੁੰਝਲਦਾਰ ਤੇ ਗੰਭੀਰ ਬਣ ਜਾਂਦਾ ਹੈ। ਅਜਿਹੀ ਵਸੋਂ ਨੂੰ ਆਪਣੇ ਆਪ ਦਾ ਦੂਸਰਿਆਂ ਵਿਚ ਸਮੋ ਲਏ ਜਾਣ, ਆਪਣੀ ਵੱਖਰੀ ਹੋਂਦ ਦੇ

ਮਿਟ ਜਾਣ ਦਾ ਡਰ ਤੇ ਸੰਸੇ ਦਾ ਬਣਿਆ ਰਹਿਣਾ ਕੁਦਰਤੀ ਹੈ। ਪਰ ਮਿਟ ਜਾਣ ਜਾਂ ਸਮੋ ਲਏ ਜਾਣ ਦੇ ਇਹ ਸੰਸੇ ਤੇ ਡਰ ਕਿੰਨੇ ਕੁ ਡੂੰਘੇ ਹਨ ? ਵਸੋਂ ਦੇ ਕਿੰਨੇ ਕੁ ਵਿਸ਼ਾਲ ਹਿੱਸੇ ਵਿਚ ਪਸਰੇ ਹੋਏ ਹਨ ? ਇਹ ਸਵਾਲ ਬਹੁਤ ਮਹੱਤਵ ਪੂਰਨ ਹੈ। ਕਿਉਂਕਿ ਅਸਲ ਵਿਚ ਇਨ੍ਹਾਂ ਉਪਰ ਹੀ ਇਹ ਗੱਲ ਨਿਰਭਰ ਕਰਦੀ ਹੈ ਕਿ ਇਸ ਡਰ ਜਾਂ ਸੰਸੇ ਪਿਛੇ ਛੁਪੇ ਬਚਾਓ ਦੇ ਜਜ਼ਬੇ ਨੂੰ ਕਿੰਨੀ ਕੁ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ ਤੇ ਉਭਾਰ ਕੇ ਇਸ ਦੀ ਗਲਤ ਜਾਂ ਸਹੀ ਵਰਤੋਂ ਕਿੰਨੀ ਕੁ ਕੀਤੀ ਜਾ ਸਕਦੀ ਹੈ। ਆਜ਼ਾਦੀ ਤੋਂ ਪਹਿਲਾਂ ਸਿੱਖ ਵਸੋਂ ਦੇ ਮੁਕਾਬਲੇ ਮੁਸਲਿਮ ਵਸੋਂ ਵਿਚ ਇਹ ਡਰ ਤੇ ਸੰਸੇ ਕਿਤੇ ਵਧੇਰੇ ਸਨ ਤੇ ਇਸੇ ਕਾਰਨ ਹੀ ਮੁਸਲਿਮ ਵਸੋਂ ਦੀ ਕਾਫ਼ੀ ਗਿਣਤੀ ਨੂੰ ਵਖਰੇ ਪਾਕਿਸਤਾਨ ਲਈ ਮੁਸਲਿਮ ਲੀਡਰਾਂ ਨੇ ਸਹਿਮਤ ਕਰ ਲਿਆ, ਪਰੰਤੂ ਸਿੱਖ ਵਸੋਂ ਨੂੰ ਇਕ ਵਖਰੀ ਸਟੇਟ (ਸਿੱਖ ਹੋਮਲੈਂਡ) ਲਈ ਰਜ਼ਾਮੰਦ ਕਰਨ ਦੇ ਆਸਾਰ ਸਿੱਖ ਸਿਆਸਤਦਾਨਾਂ ਨੂੰ ਵਧੇਰੇ ਸਾਜ਼ਗਾਰ ਨਜ਼ਰ ਨਾ ਆਏ।

ਕਿਸੇ ਵੀ ਸਮਾਜ ਦੇ ਲੋਕਾਂ ਲਈ ਆਪਣੀ ਸਭਿਆਚਾਰਕ ਹੋਂਦ (Cultural Identity) ਇਕ ਬਹੁਤ ਮਹੱਤਵ-ਪੂਰਨ ਗੱਲ ਹੁੰਦੀ ਹੈ। ਇਨ੍ਹਾਂ ਸਭਿਆਚਾਰਕ ਕਦਰਾਂ ਰਾਹੀਂ ਹੀ ਉਸ ਸਮਾਜ ਦੇ ਮਨੁੱਖ ਆਪਣੀ ਜ਼ਿੰਦਗੀ ਦੇ ਮਕਸਦ, ਚੰਗੇ-ਮਾੜੇ ਦਾ ਤੇ ਪਾਪ-ਪੁੰਨ ਦਾ ਅਹਿਸਾਸ, ਜ਼ਿੰਦਗੀ ਦੀਆਂ ਤੰਗੀਆਂ-ਤੁਰਸ਼ੀਆਂ ਤੇ ਦੁਖਾਂ-ਸੁੱਖਾਂ ਦਾ ਰੈਸ਼ਨੇਲ ਘੜਦੇ ਹਨ। ਜਨਮ, ਵਿਆਹ-ਸ਼ਾਦੀਆਂ ਤੇ ਮੌਤ ਜਿਹੇ ਸੰਕਲਪਾਂ ਦੇ ਜਿਊਣ ਵਿਚ ਮਹੱਤਵ ਨੂੰ ਸਮਝਦੇ ਹਨ। ਠੀਕ ਹੈ ਮਨੁੱਖ ਰੋਟੀ ਲਈ ਜਿਊਂਦੇ ਹਨ, ਪਰ ਉਪਰਲੀਆਂ ਗੱਲਾਂ ਤੋਂ ਬਿਨਾਂ ਮਨੁੱਖਾਂ ਦਾ ਰੋਟੀ ਲਈ ਜਿਊਣਾ—'ਮਨੁੱਖਾਂ' ਦਾ ਰੋਟੀ ਲਈ ਜਿਊਣ ਦੀ ਬਜਾਏ 'ਪਸ਼ੂਆਂ' ਦਾ ਚਾਰੇ ਲਈ ਜਿਊਣ ਦੇ ਸਾਮਾਨ ਹੋ ਜਾਵੇਗਾ। ਇਸੇ ਲਈ ਹੀ ਸਭਿਆਚਾਰਕ ਹੋਂਦ ਨੂੰ ਬਣਾਈ ਰੱਖਣ ਲਈ ਜਜ਼ਬੇ ਦਾ ਐਨਾ ਬਲਕਾਰ ਹੋਣਾ ਕੁਦਰਤੀ ਹੈ।

ਕਿਸੇ ਵੀ ਵਸੋਂ ਵਿਚ ਇਸ ਸਭਿਆਚਾਰਕ ਹੋਂਦ ਦੇ ਬਣਨ ਦੀ ਪ੍ਰਕ੍ਰਿਆ ਬੜੀ ਗੁੰਝਲਦਾਰ ਹੁੰਦੀ ਹੈ। ਇਹ ਇਕ ਲੰਮੇ ਇਤਿਹਾਸਕ ਦੌਰ ਵਿਚ ਭੂਗੋਲਿਕ ਤੇ ਆਰਥਕ ਪੱਖਾਂ ਤੇ ਉਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਘਟਨਾਵਾਂ ਦੇ ਗੁੰਝਲਦਾਰ ਵਰਤਾਰਿਆਂ ਦੇ ਤਾਣੇ-ਬਾਣੇ ਦਾ ਸਿਲਸਿਲਾ ਹੁੰਦੀ ਹੈ। ਇਕ ਵੱਖਰੀ ਕੌਮ ਹੋਣ ਦੇ ਅਹਿਸਾਸ ਦਾ ਜਨਮ ਵੀ ਇਸੇ ਪ੍ਰਕ੍ਰਿਆ ਵਿਚੋਂ ਹੁੰਦਾ ਹੈ। ਆਇਆ ਸਭਿਆਚਾਰਕ ਹੋਂਦ ਵਿਚ 'ਧਾਰਮਿਕ ਚੇਤਨਤਾ' ਦੇ ਤੱਤ ਵਧੇਰੇ ਭਾਰੂ ਹਨ ਜਾਂ ਕੌਮੀਅਤ-ਹੋਣ-ਦੇ-ਅਹਿਸਾਸ ਦੇ ? ਇਹ ਗੱਲ ਕਿਸੇ ਭੂਗੋਲਿਕ ਖਿੱਤੇ ਵਿਚ ਇਕ ਤੋਂ ਵਧੇਰੇ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਆਪਣਾ ਇਕੱਠਾ ਜੀਵਨ ਬਣਾਈ ਰੱਖਣ ਵਿਚ ਬਹੁਤ ਮਦਦਗਾਰ ਸਾਬਤ ਹੁੰਦੀ ਹੈ।

ਜੋ ਲੋਕ ਅੱਜ ਧਾਰਮਿਕ ਵਿਸ਼ਵਾਸਾਂ ਦਾ ਆਦਰ ਕਰਦੇ ਹੋਏ ਪਰ ਉਸ ਤੋਂ ਉਪਰ ਉਠ ਕੇ ਪੰਜਾਬ ਦੇ ਸਮੁੱਚੇ ਲੋਕਾਂ ਦੀ ਏਕਤਾ ਚਾਹੁੰਦੇ ਹਨ ਤੇ ਪੰਜਾਬ ਦੀ ਵਸੋਂ ਲਈ ਉਜੱਲੇ ਭਵਿਖ ਦੀ ਕਲਪਨਾ ਕਰਦੇ ਹਨ, ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਉਹ ਪਹਿਲਾਂ ਸਿੱਖ ਵਸੋਂ ਦੇ ਆਪਣੀ ਸਭਿਆਚਾਰਕ ਹੋਂਦ ਬਾਰੇ ਸੰਸੇ, ਭਰਮਾਂ ਤੇ ਡਰਾਂ ਨੂੰ ਸਵੀਕਾਰ ਕਰਨ ਤੇ ਆਪਣੇ ਆਪ ਨੂੰ ਇਸ ਅਹਿਸਾਸ ਤੋਂ ਜਾਣੂ ਕਰਵਾਉਣ। ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਜਿਥੇ ਇਕ ਪਾਸੇ ਉਨ੍ਹਾਂ ਮੌਕਾ-ਪ੍ਰਸਤ, ਚੌਧਰ ਦੇ ਭੁੱਖੇ ਸਿਆਸਤਦਾਨਾਂ ਨੂੰ ਪਛਾਣਨ ਜੋ ਸਿੱਖ ਵਸੋਂ ਦੇ ਸੰਸਿਆਂ ਤੇ ਭਰਮਾਂ ਦਾ ਲਾਭ ਉਠਾਉਣਾ ਚਾਹੁੰਦੇ ਹਨ, ਇਸ ਮਸਲੇ ਨੂੰ ਉਨ੍ਹਾਂ ਦੀ ਇਤਿਹਾਸਕ ਤਕਦੀਰ ਦਾ ਮਸਲਾ ਨਾ ਸਮਝ

ਕੇ ਕੁਰਸੀ ਦਾ ਮਸਲਾ ਬਣਾਉਣਾ ਚਾਹੁੰਦੇ ਹਨ, ਉਥੇ ਉਹ ਨਾਲ ਹੀ ਦੂਸਰੇ ਪਾਸੇ ਵਸੋਂ ਦੇ ਮਨਸ ਵਿਚ 'ਧਾਰਮਿਕ ਚੇਤਨਤਾ' ਦੇ ਤੱਤਾਂ ਨੂੰ 'ਕੌਮੀ-ਚੇਤਨਤਾ' ਦੇ ਤੱਤਾਂ ਦੀ ਪਿਉਂਦ ਚੜ੍ਹਾਉਣ। ਪਰ ਇਹ ਕਾਰਜ ਫੌਰੀ ਨਹੀਂ ਸਗੋਂ ਇਤਿਹਾਸਕ ਹੈ। ਧੂੰਆਂ-ਧਾਰ ਤਕਰੀਰਾਂ ਜਾਂ ਸਤਹੀ-ਪੱਧਰ ਦੀ ਨਾਹਰੇਬਾਜ਼ੀ ਇਸ ਉਦੇਸ਼ ਨੂੰ ਪਰਾਪਤ ਕਰਨ ਤੋਂ ਅਸਮਰੱਥ ਰਹੇਗੀ। ਕਿਸੇ ਵੀ ਪਾਰਟੀ ਵਿਰੁੱਧ ਥੋੜ੍ਹ-ਚਿਰੀ ਕੱਢੀ ਸਿਆਸੀ ਭੜਾਸ ਮਸਲੇ ਨੂੰ ਸੁਆਰਨ ਦੀ ਬਜਾਏ ਵਿਗਾੜ ਭਾਵੇਂ ਦੇਵੇ।

ਉਪਰ ਜ਼ਿਕਰ ਕੀਤੇ ਉਦੇਸ਼ਾਂ ਦੀ ਪਰਾਪਤੀ ਵਿਚੋਂ ਪਹਿਲੇ ਉਦੇਸ਼ ਦੀ ਪਰਾਪਤੀ ਲਈ ਪ੍ਰੋਗਰਾਮ ਤੇ ਕਾਰਜ ਆਰਥਕ ਤੇ ਰਾਜਨੀਤਕ ਹੋਣਗੇ, ਜਦੋਂ ਕਿ ਦੂਸਰੇ ਉਦੇਸ਼ ਦੀ ਪਰਾਪਤੀ ਸਭਿਆਚਾਰਕ ਕਾਰਜ ਨੂੰ ਨੇਪਰੇ ਚਾੜ੍ਹ ਕੇ ਹੀ ਹੋਵੇਗੀ। ਇਥੇ ਪਹਿਲ ਸਭਿਆਚਾਰਕ ਕਾਰਜਾਂ ਦੀ ਹੈ ਜਾਂ ਆਰਥਕ ਕਾਰਜਾਂ ਦੀ ? ਇਹ ਗੱਲ ਅਤੀਅੰਤ ਮਹੱਤਵਪੂਰਨ ਹੈ। 'ਧਾਰਮਿਕ ਚੇਤਨਤਾ' ਦੀ ਗਲਤ ਵਰਤੋਂ ਦੇ ਖਿਲਾਫ਼ ਆਰਥਕ ਤੇ ਰਾਜਨੀਤਕ ਕਾਰਜਾਂ ਨੂੰ ਵਸੋਂ ਉਦੋਂ ਤੱਕ ਸਵੀਕਾਰ ਨਹੀਂ ਕਰੇਗੀ ਜਦ ਤੱਕ ਉਨ੍ਹਾਂ ਦਾ ਭਾਵਨਾਤਮਿਕ ਸੰਸਾਰ ਕੇਵਲ 'ਧਾਰਮਿਕ ਚੇਤਨਤਾ' ਦੇ ਸੰਸੇ ਤੇ ਡਰ ਦੀ ਪਕੜ ਵਿਚ ਰਹਿੰਦਾ ਹੈ। ਇੰਜ ਸਭਿਆਚਾਰਕ ਕਾਰਜ ਆਰਥਕ ਕਾਰਜ਼ਾਂ ਦੇ ਮੁਕਾਬਲੇ ਵਧੇਰੇ ਮਹੱਤਵਪੂਰਨ ਹੋ ਨਿਬੜਦੇ ਹਨ ਕਿਉਂਕਿ ਸਭਿਆਚਾਰਕ ਕਾਰਜਾਂ ਨਾਲ ਪੱਧਰਾਈ ਇਸ ਜ਼ਮੀਨ ਵਿਚ ਹੀ ਆਰਥਕ ਕਾਰਜਾਂ ਤੇ ਉਨ੍ਹਾਂ ਨਾਲ ਜੁੜੀ ਸਿਆਸਤ ਦੀਆਂ ਜੜ੍ਹਾਂ ਡੂੰਘੀਆਂ ਧਸ ਸਕਦੀਆਂ ਹਨ। ਇਸ ਤੋਂ ਬਿਨਾਂ ਆਰਥਕ ਹਿੱਤਾਂ ਦੀ ਚੇਤਨਤਾ ਉਪਰ ਉਪਰ ਹੀ ਰਹਿੰਦੀ ਹੈ। ਅਜਿਹੇ ਵਿਚਾਰਧਾਰਕ ਸੰਕਟ ਸਮੇਂ ਜਿਸ ਵਿਚੋਂ ਪੰਜਾਬ ਅੱਜ ਗੁਜ਼ਰ ਰਿਹਾ ਹੈ ਸਭਿਆਚਾਰਕ ਕਾਰਜਾਂ ਤੋਂ ਬਿਨਾਂ ਆਰਥਕ ਪਰੋਗਰਾਮ ਇੰਜ ਹਨ ਜਿਵੇਂ ਕਿਸੇ ਡਰੇ ਹੋਏ ਮਨੁੱਖ, ਜਿਸ ਨੂੰ ਆਪਣੀ ਜ਼ਿੰਦਗੀ ਦੇ ਅਗਲੇ ਪਲਾਂ ਦੀ ਗੈਰ-ਯਕੀਨੀ ਨੇ ਗ੍ਰਸਿੱਆ ਹੋਵੇ, ਅੱਗੇ ਸ਼ਾਹੀ ਪਕਵਾਨ ਪਰੋਸੇ ਹੋਏ ਹੋਣ। ਅੱਜ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਦੇ ਲੋਕਾਂ ਦੀ ਏਕਤਾ ਤੇ ਭਵਿਖ ਇਸ ਗੱਲ ਉਪਰ ਨਿਰਭਰ ਕਰਦੇ ਹਨ ਕਿ ਭਵਿਖ ਵਿਚੋਂ ਕਿਥੋਂ ਤੱਕ ਇਨ੍ਹਾਂ ਸਭਿਆਚਾਰਕ ਕਾਰਜਾਂ ਨੂੰ ਪਹਿਲ ਦੇ ਕੇ ਨਿਭਾਇਆ ਜਾਂਦਾ ਹੈ।

ਪੰਜਾਬ ਵਿਚ ਅੱਜ ਇਹ ਸਭਿਆਚਾਰਕ ਪਰੋਗਰਾਮ ਹੈ ਕੀ ? ਇਸ ਨੂੰ ਨਿਭਾਉਣਾ ਕਿਵੇਂ ਹੈ ? ਇਸ ਗੱਲ ਉਪਰ ਬੁੱਧੀਮਾਨਾਂ ਦਾ ਧਿਆਨ ਕੇਂਦਰਤ ਹੋਣ ਦੀ ਲੋੜ ਹੈ।

ਸਿੱਖ ਵਸੋਂ ਤੇ ਖਾਸ ਕਰ ਸਿੱਖ ਬੁੱਧੀਜੀਵੀਆਂ ਦਾ ਕੁਝ ਭਾਗ ਇਹ ਮਹਿਸੂਸ ਕਰਦਾ ਹੈ ਕਿ ਇਕ ਪਾਸੇ ਜਿਥੇ ਸਿੱਖ ਨੌਜਵਾਨ ਦਾੜ੍ਹੀਆਂ ਠਪਵਾ ਰਹੇ ਹਨ, ਉਥੇ ਨਾਲ ਹੀ ਸਿੱਖ ਵਸੋਂ ਵਿਚ ਨਵੇਂ ਨਵੇਂ ਫ਼ਿਰਕੇ ਆਪਣਾ ਅਸਰ ਰਸੂਖ ਵਧਾਉਣ ਵਿਚ ਲੱਗੇ ਹੋਏ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਹਾਲਾਤ ਇੰਜ ਹੀ ਰਹੇ ਤਾਂ ਆਉਣ ਵਾਲੇ ਪੰਜਾਹ ਜਾਂ ਸੌ ਸਾਲਾਂ ਵਿਚ ਪੰਜਾਬ ਵਿਚ ਦਾੜ੍ਹੀਆਂ ਵਾਲੇ ਗੁਰਸਿੱਖ ਟਾਵੇਂ ਟਾਵੇਂ ਹੀ ਨਜ਼ਰ ਆਉਣਗੇ। ਉਨ੍ਹਾਂ ਦਾ ਇਹ ਸੰਸਾ ਜਾਇਜ਼ ਹੈ। ਪਰ ਗੁਰਸਿੱਖੀ ਦੀ ਕੇਸਾਧਾਰੀ ਮਰਯਾਦਾ ਨੂੰ ਜੇਕਰ ਅਜਿਹਾ ਸੰਸਾ ਪ੍ਰਗਟਾਉਣ ਵਾਲੇ ਲੋਕ ਸਦਾ ਸਦਾ ਲਈ ਕਾਇਮ ਰੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਅੱਗ ਅੱਜ ਕੇਵਲ ਦੋ ਰਾਹ ਹਨ :

(1) ਇਕ ਰਾਹ ਇਹ ਹੈ : ਇਸ ਤੋਂ ਪਹਿਲਾਂ ਕਿ ਕੁਝ ਲੋਕ ਸਿੱਖ ਧਰਮ ਤੋਂ ਉਪਰਾਮ ਹੋਣ ਤੇ ਹੋਰ ਫਿਰਕਿਆਂ ਵੱਲ ਮੂੰਹ ਕਰਨ, ਸਿੱਖੀ ਦੇ ਵਿਰਸੇ ਤੇ ਧਾਰਮਕ ਸੰਸਥਾਵਾਂ ਨੂੰ ਤਾਕਤ ਦੇ ਭੁਖੇ ਸੁਹਦੇ ਸਿਆਸਤਦਾਨਾਂ ਕੋਲੋਂ ਬਚਾਉਣਾ, ਕਿਉਂਕਿ ਧਰਮ ਨੂੰ ਬਚਾਉਣ ਲਈ ਚੌਧਰ ਕਾਇਮ

ਰੱਖਣ ਦੀ ਸਿਆਸਤ ਚੰਗਾ ਹਥਿਆਰ ਨਹੀਂ। ਕਿਸੇ ਵੀ ਧਰਮ ਵਿਚ ਆਪਣੀ ਧਾਰਮਿਕਤਾ ਨੂੰ ਬਣਾਈ ਰੱਖਣ ਦੀ ਸੱਚਾਈ ਤੇ ਸੁੱਚੇ ਆਧਾਰ-ਵਰਤਾਓ ਕਾਰਨ ਅੰਦਰੂਨੀ ਸ਼ਕਤੀ ਹਮੇਸ਼ਾਂ ਕਾਇਮ ਰਹਿੰਦੀ ਹੈ ਤੇ ਉਹ ਹੀ ਉਸ ਧਰਮ ਦੀ ਅਸਲੀ ਰਖਿਅਕ ਹੁੰਦੀ ਹੈ। ਅੱਜ ਤੱਕ ਜੇਕਰ ਸਿੱਖੀ ਕਾਇਮ ਹੈ ਤਾਂ ਇਹ ਸਿਆਸਤ ਨਹੀਂ ਜਿਸ ਨੇ ਸਿੱਖੀ ਨੂੰ ਬਚਾ ਕੇ ਰਖਿਆ ਹੈ ਇਹ ਸਿੱਖੀ ਦੀ ਅੰਦਰੂਨੀ ਸ਼ਕਤੀ ਦਾ ਖ਼ਾਸਾ ਹੈ ਜਿਸ ਵਿਚ ਸਮੇਂ ਸਮੇਂ ਆਪਣੇ ਬਚਾ ਲਈ ਲੋੜੀਂਦੇ ਯੋਗ ਢੰਗ-ਤਰੀਕੇ ਈਜਾਦ ਕਰਨ ਦੀ ਕਾਬਲੀਅਤ, ਵਿਸ਼ਵਾਸ ਤੇ ਹੌਸਲਾ ਹੈ।

ਸਿੱਖੀ ਦੇ ਜਜ਼ਬੇ ਦੀ ਅਸਲੀ, ਡੂੰਘੀ ਤੇ ਇਤਿਹਾਸਕ ਤਾਸੀਰ ਇਸ ਜਜ਼ਬੇ ਦਾ ਨੀਚਾਂ ਦਾ ਹਾਮੀ ਹੋਣਾ ਤੇ ਸਿਕਦਾਰਾਂ ਦਾ ਵਿਰੋਧੀ ਹੋਣਾ ਹੈ। ਤੇ ਸੱਭ ਤੋਂ ਵੱਡੀ ਗੱਲ ਇਸ ਦਾ ਬ੍ਰਾਹਮਣਵਾਦ ਦੀ ਪੈਦਾ ਕੀਤੀ ਜਾਤ-ਪਾਤ ਦੇ ਖਿਲਾਫ਼ ਡੱਟਣਾ ਹੈ। ਜੋ ਲੋਕ ਇਸ ਗੱਲ ਦਾ ਅਹਿਸਾਸ ਨਹੀਂ ਕਰਦੇ ਤੇ ਨਾ ਹੀ ਦੂਸਰਿਆਂ ਨੂੰ ਕਰਵਾਉਂਦੇ ਹਨ ਉਹ ਸਿੱਖੀ ਦੇ ਇਤਿਹਾਸਕ ਮਿਸ਼ਨ ਤੋਂ ਮੁਨਕਰ ਹਨ ਤੇ ਸਿੱਖੀ ਦੀ ਸਪਿਰਟ ਨੂੰ ਗੰਧਲਾ ਕਰਦੇ ਹਨ। ਇਤਿਹਾਸਕ ਦ੍ਰਿਸ਼ਟੀਕੋਨ ਤੋਂ ਵੇਖਿਆਂ ਸਿੱਖੀ ਦੇ ਅਸਲੀ ਤੇ ਵਧੇਰੇ ਚਾਤੁਰ ਦੁਸ਼ਮਣ ਇਹੀ ਹਨ।

ਇਕੱਲੇ ਪੰਜਾਬ ਵਿਚ ਹੀ ਅੱਜ ਲੱਖਾਂ ਲੋਕ ਹਨ ਜੋ ਅਜਿਹੇ ਕਿਸੇ ਵੀ ਧਰਮ ਪਿਛੇ ਲੱਗਣ ਲਈ ਤਿਆਰ ਹੋਣਗੇ ਜੋ ਸਰਬੱਤ ਦੇ ਭਲੇ ਲਈ ਇਮਾਨਦਾਰੀ ਤੇ ਹੌਂਸਲੇ ਨਾਲ ਅੱਜ ਜਾਤ-ਪਾਤ ਦਾ ਵਿਰੋਧ ਕਰੇ ਤੇ ਨੀਚਾਂ ਦੀ ਹਾਲਤ ਸੁਧਾਰਨ ਲਈ ਧਰਮ-ਯੁੱਧ ਛੇੜੇ। ਗੁਰੂਆਂ ਦਾ 'ਧਰਮ-ਯੁੱਧ' ਇਹੀ ਸੀ। ਹੁਣ ਵਾਲੇ ਸਭ ਭਾਰੂ ਜੱਟ-ਲੀਡਰਸ਼ਿਪ ਦੇ 'ਕੁਰਸੀ-ਯੁੱਧ' ਦੇ ਦਮਗਜੇ ਹਨ। ਕੀ ਸਿੱਖੀ ਨੂੰ ਅਸਲੀ ਅਰਥਾਂ ਵਿਚ ਪਿਆਰ ਕਰਨ ਵਾਲੇ ਗੁਰਸਿੱਖਾਂ ਨੂੰ ਇਹ ਚਣੌਤੀ ਮਨਜ਼ੂਰ ਹੈ ? ਪਰ ਗੁਰੂਆਂ ਦਾ ਦਰਸਾਇਆ ਇਹ ਰਾਹ ਖੰਡੇ ਦੀ ਧਾਰ ਤੋਂ ਵੀ ਤਿੱਖਾ ਹੈ; ਇਹ ਰਾਹ ਮਾਛੀਵਾੜੇ ਦੇ ਜੰਗਲਾਂ ਵਿਚੋਂ ਦੀ ਲੰਘਦਾ ਹੈ; ਤੇ ਇਸ ਰਾਹ 'ਤੇ ਚਲਣ ਵਾਲਿਆਂ ਨੂੰ ਅੱਜ ਸ਼ਾਇਦ 'ਖਦਰਾਣੇ ਦੀ ਢਾਬ ਦਾ ਪਾਣੀ' ਵੀ ਨਸੀਬ ਨਾ ਹੋਵੇ। ਸਿੱਖੀ ਕੇਵਲ ਬੱਚ ਹੀ ਨਹੀਂ ਸਕਦੀ, ਇਹ ਵੱਧ-ਫੁੱਲ ਵੀ ਸਕਦੀ ਹੈ, ਸੰਸਾਰ ਨੂੰ ਮੁਕਤੀ ਦਾ ਨਵਾਂ ਰਾਹ ਵਿਖਾ ਸਕਦੀ ਹੈ। ਜੇਕਰ ਅਜਿਹੀ ਕਹਿਣੀ ਤੇ ਕਰਨੀ ਵਾਲੇ ਗੁਰਸਿੱਖ ਕਿਤੇ ਹੈਨ ਤਾਂ ਸਾਡਾ ਸੀਸ ਉਨ੍ਹਾਂ ਦੇ ਕਦਮਾਂ ਵਿਚ ਸਤਕਾਰ ਨਾਲ ਝੁੱਕਦਾ ਹੈ।

(2) ਦੂਸਰਾ ਰਾਹ ਉਨ੍ਹਾਂ ਅਗੇ ਕੁਰਸੀ ਦੀ ਸਿਆਸਤ ਨਾਲ ਧਰਮ ਨੂੰ ਬਚਾਉਣ ਦਾ ਰਾਹ ਹੈ। ਖਾਲਿਸਤਾਨ ਵਿਚ ਸਿੱਖੀ ਨੂੰ ਜੇਕਰ ਸਟੇਟ ਦੇ ਡੰਡੇ ਨੇ ਹੀ ਬਚਾਉਣਾ ਹੈ ਤਾਂ ਇਹ ਪਾਕਿਸਤਾਨ ਦੇ ਜ਼ੀਆ ਤੇ ਈਰਾਨ ਦੇ ਖੋਮੇਨੀ ਵਾਲੇ ਰਾਜ-ਪ੍ਰਬੰਧ ਤੋਂ ਹਰਗਿਜ਼ ਵਖਰਾ ਰਾਜ-ਪ੍ਰਬੰਧ ਨਹੀਂ ਹੋਵੇਗਾ। ਪਰ ਇਸ ਦਾ ਭਾਵ 'ਸੰਗਤ' ਤੇ 'ਪੰਕਤ' ਦੀ ਸਰਦਾਰੀ ਛੱਡ ਕੇ ਡੰਡੇ ਦੀ ਸਰਦਾਰੀ ਸਵੀਕਾਰ ਕਰਨਾ ਹੋਵੇਗਾ। ਇਸ ਦਾ ਭਾਵ ਗੁਰੂ ਗੋਬਿੰਦ ਸਿੰਘ ਵਲੋਂ ਪੰਜਾਂ-ਪਿਆਰਿਆਂ ਅੱਗੇ ਕਾਇਮ ਕੀਤੀ ਬਰਾਬਰਤਾ ਤੇ ਏਕਤਾ ਦੀ ਪ੍ਰਥਾ ਤੋਂ ਸਦਾ ਸਦਾ ਲਈ ਮੂੰਹ ਮੋੜਨਾ ਹੋਵੇਗਾ। ਉਸ ਤੋਂ ਵੀ ਵਧੇਰੇ ਇਸ ਦਾ ਅਸਲੀ ਅਰਥ ਇਸਰਾਈਲ ਵਾਂਗ ਸਾਮਰਾਜ ਦੇ ਹੱਥ-ਠੋਕੇ ਬਣਨਾ ਹੋਵੇਗਾ।

ਪੰਜਾਬੀ ਸੂਬੇ ਨੂੰ ਬੋਲੀ ਦੇ ਆਧਾਰ 'ਤੇ ਲੰਮੇਂ ਸਮੇਂ ਲਈ ਸੂਬਾ ਨਾ ਸਵੀਕਾਰ ਕਰਨਾ, ਫੇਰ ਦੋ-ਭਾਸ਼ਾਈ ਲੰਗੜਾ ਸੂਬਾ ਬਨਾਉਣਾ ਤੇ ਪੰਜਾਬ ਦੀ ਹਿੰਦੂ ਵਸੋਂ ਦੇ ਕੁਝ ਭਾਗ ਦੁਆਰਾ ਪੰਜਾਬੀ ਨੂੰ

ਆਪਣੀ ਮਾਂ-ਬੋਲੀ ਸਵੀਕਾਰ ਨਾ ਕਰਨਾ...ਵੰਡ ਤੋਂ ਬਾਅਦ ਪੰਜਾਬ ਦਾ ਸਭ ਤੋਂ ਵੱਡਾ ਦੁਖਾਂਤ ਹੈ।

ਆਰਿਆ ਸਮਾਜ ਦੇ ਲੀਡਰਾਂ ਦੇ ਪਿਛੇ ਲੱਗ ਕੇ ਹਿੰਦੂਤਵ ਦੀ ਚੇਤਨਤਾ ਫੈਲਾਉਣ ਦੀ ਥਾਂ ਜੇ ਪੰਜਾਬੀ ਖਤਰੀਆਂ ਨੇ ਆਪਣੇ ਸਾਮਰਾਜ ਦੇ ਵਿਰੋਧ ਸਮੇਂ ਪੰਜਾਬੀਅਤ ਨੂੰ ਤੇ ਪੰਜਾਬੀ ਬੋਲੀ ਨੂੰ ਆਪਣੀ ਸਭਿਆਚਾਰਕ ਹੋਂਦ, ਕਦਰਾਂ-ਕੀਮਤਾਂ ਦਾ ਆਧਾਰ ਬਣਾਇਆ ਹੁੰਦਾ ਤਾਂ...... ਪਰ 'ਜੇ' ਕਿਸੇ ਦੇ ਹੱਥ ਨਹੀਂ ਆਉਂਦੀ ਤੇ 'ਜੇ' ਨਾਲ ਕੋਈ ਮਸਲਾ ਹੱਲ ਵੀ ਨਹੀਂ ਹੁੰਦਾ। ਪਰ ਅੱਜ ਇਤਿਹਾਸ ਦਾ ਇਕ ਮਹੱਤਵਪੂਰਨ ਮੋੜ ਸਾਡੇ ਸਾਹਮਣੇ ਹੈ ਤੇ ਇਸ ਬਾਰੇ ਫੈਸਲਾ ਲੈਣਾ ਬਹੁਤ ਹੱਦ ਤੱਕ ਸਾਡੇ ਵੱਸ ਵਿਚ ਹੈ।

ਪੰਜਾਬੀ ਹਿੰਦੂਆਂ ਦੀ ਵਸੋਂ ਦਾ ਮਾਂ-ਬੋਲੀ ਤੋਂ ਮੁਨਕਰ ਹੋਇਆ ਭਾਗ ਜੇਕਰ ਅੱਜ ਤਨੋਂ-ਮਨੋਂ ਪੰਜਾਬੀ ਬੋਲੀ ਨੂੰ ਆਪਣੀ ਮਾਂ-ਬੋਲੀ ਸਵੀਕਾਰ ਕਰਨ ਵੱਲ ਵੱਧਣ ਲੱਗ ਪਵੇ ਤਾਂ ਪੰਜਾਬ ਵਿਚ ਸਮੁੱਚੇ ਸਭਿਆਚਾਰਕ ਢਾਂਚੇ ਦਾ ਪਾਸਾ ਹੀ ਪਰਤਿਆ ਜਾ ਸਕਦਾ ਹੈ। ਪੰਜਾਬ ਵਿਚ ਖਾਲਿਸਤਾਨ ਦੇ ਫੈਲਦੇ ਸੰਸੇ ਨੂੰ ਜੇਕਰ ਕੋਈ ਚੀਜ਼ ਭਵਿਖ ਵਿਚ ਠਲ੍ਹ ਪਾ ਸਕਦੀ ਹੈ (ਪ੍ਰਬੰਧਕੀ ਢਾਂਚੇ ਦੀ ਕਾਇਮ ਕੀਤੀ ਵਕਤੀ ਠਲ੍ਹ ਨਹੀਂ ਸਗੋਂ ਪੱਕੀ ਸਭਿਆਚਾਰਕ ਠਲ੍ਹ) ਤਾਂ ਉਹ ਪੰਜਾਬ ਦੀ ਹਿੰਦੂ ਵਸੋਂ ਦਾ ਇਹ ਫੈਸਲਾ ਹੀ ਪਾ ਸਕਦਾ ਹੈ। ਪੰਜਾਬ ਦੇ ਭਵਿਖ ਤੇ ਏਕਤਾ ਦਾ ਫੈਸਲਾ ਅੱਜ ਪੰਜਾਬ ਦੀ ਹਿੰਦੂ ਵਸੋਂ ਦੇ ਹੱਥਾਂ ਵਿਚ ਹੈ। ਉਹ ਚਾਹੇ ਤਾਂ ਪੰਜਾਬ ਦੀ ਵਿਗੜੀ ਤਕਦੀਰ ਸੁਆਰ ਸਕਦੀ ਹੈ ਤੇ ਜੇ ਚਾਹੇ ਤਾਂ ਇੰਜ ਹੀ ਗੂੜ੍ਹੀ ਨੀਂਦ ਸੁੱਤੇ ਰਹਿਣ ਦਾ ਫੈਸਲਾ ਲੈ ਸਕਦੀ ਹੈ। ਕੇਵਲ ਅਜਿਹਾ ਮਹੱਤਵਪੂਰਨ 'ਇਤਿਹਾਸਕ ਫੈਸਲਾ' ਹੀ ਪੰਜਾਬ ਦੀ ਏਕਤਾ ਨੂੰ ਬਚਾ ਸਕਦਾ ਹੈ।

Send subscriptions & donations to :

*H.S. Saini
95, Burns Ave.,
Southall, Middx, U.K.
*Parminder Tiwana
1086 Mc Callum Rd.
Abbotsford. B.C.
Canada

Price : Rs. 2.00 per copy
Subscription :
Annual (India) : Rs. 20
U.S.A., Canada : Rs. 130 (By air)
U.K. : Rs. 120 (By Air)
Life membership : 200 (India)
Rs. 1,000 (Foreign)

ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ-ਮੈਂਬਰ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ **PIN** ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਓ। ਬੈਂਕ-ਡਰਾਫ਼ਟ ਸਿਰਫ **SEDH** ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।

ਸਿੱਖ-ਸਿਆਸਤ ਤੇ ਅਕਾਲੀ—3

ਹਿੰਮਤ ਸਿੰਘ ਸੋਢੀ

ਸਿੱਖੀ ਦੇ ਅਕਾਸ਼ ਉਤੇ ਅਨੇਕਾਂ ਹੀ ਤਾਰੇ ਹਨ। ਉਹ ਤਾਰੇ ਵੀ ਹਨ, ਅਹਿੱਲ ਤੇ ਅਡੋਲ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਮਨ ਨੀਵਾਂ, ਮੱਤ ਉਚੀ ਰਖੀ, ਸਿਦਕ ਨਹੀਂ ਹਾਰਿਆ......ਉਹ ਤਾਰੇ ਵੀ ਹਨ ਜੋ ਤੁਰੇ ਫਿਰਦੇ ਰਹਿੰਦੇ ਹਨ, ਇਕ ਥਾਂ ਟਿਕ ਕੇ ਨਹੀਂ ਖਲੋ ਸਕਦੇ......ਕਿਤੇ "ਸੱਤ ਰਿਸ਼ੀ" ਹਨ, ਕਿਤੇ ਸਰਵਨ ਵਹਿੰਗੀ ਚੁਕੀ ਫਿਰਦਾ ਹੈ......ਤੇ ਸਿੱਖੀ ਦਾ ਉਹ ਧਰੂ ਤਾਰਾ ਵੀ ਹੈ ਜਿਸ ਦੀ ਪਰਕਰਮਾ ਕਰਨ ਦਾ ਹੋਰ ਤਾਰੇ ਦਮ ਭਰਦੇ ਹਨ। ਧਰੂ ਤਾਰਾ ਆਦੀ-ਮਨਿਆਦੀ ਹੈ, ਸਦੀਆਂ ਤੋਂ ਅਡੋਲ ਖੜਾ ਹੈ, ਇਸ ਦੀ ਆਭਾ ਹੀ ਵਖਰੀ ਤੇ ਨਿਆਰੀ ਹੈ; ਉਹੋ ਜਿਹਾ ਹੋਰ ਕੋਈ ਨਹੀਂ ਹੋ ਸਕਦਾ। ਏਥੇ ਅਸੀਂ ਅਜੇ ਤੁਰਨ ਫਿਰਨ ਵਾਲੇ ਤਾਰਿਆਂ ਦਾ ਹੀ ਜ਼ਿਕਰ ਕਰਾਂਗੇ।

ਉਤਰ-ਪੱਛਮ ਦੀ ਗੁੱਠੇ ਸੱਤ-ਰਿਸ਼ੀ ਹਨ (ਸੁਖ ਨਾਲ ਪੰਜਾਬ ਵੀ ਦੇਸ਼ ਦੀ ਉਤਰ-ਪਛਮੀ ਗੁੱਠ ਵਿਚ ਹੀ ਹੈ।) ਇਹਨਾਂ ਸੱਤ ਰਿਸ਼ੀਆਂ ਵਿਚ ਚਾਰ ਤਾਂ ਮੰਜੀ ਦੇ ਪਾਵਿਆਂ ਵਰਗੇ ਹਨ, ਬਾਕੀ ਤਿੰਨ ਇਸ ਮੰਜੀ ਦੇ ਉਪਰ, ਮੰਜੀ ਤੋਂ ਬਾਹਰੇ ਹਨ। ਇਹ ਚਾਰ ਪਾਵੇ ਸਮਝ ਲਉ ਚਾਰ 'ਅਕਾਲੀ ਦਲ'। ਕਦੇ ਇਹ ਮੰਜੀ ਇਕੱਠੀ ਸੀ। ਹੁਣ 'ਡਿਸਮੈਂਟਲ' ਹੋ ਗਈ ਹੈ ਤੇ ਇਕ ਇਕ ਪਾਵਾ ਇਕ ਇਕ ਵਡੀ ਜਾਂ ਨਿੱਕੀ 'ਹੀਅ' ਲਈ ਫਿਰਦਾ ਹੈ। ਅਕਾਲੀ ਦਲ (ਸੰਤ) ਦਾ ਪਾਵਾ ਤੇ ਹੀਅ ਸਭ ਤੋਂ ਵਡਾ ਹੈ, ਉਸ ਤੋਂ ਨਿੱਕਾ ਅਕਾਲੀ ਦਲ (ਤਲਵੰਡੀ) ਦਾ, ਉਸ ਤੋਂ ਵੀ ਨਿੱਕਾ ਅਕਾਲੀ ਦਲ (ਮਾਸਟਰ ਗਰੁਪ, ਜਥੇਦਾਰ ਸੰਤੋਖ ਸਿੰਘ) ਵਾਲਾ; ਤੇ ਸਭ ਤੋਂ ਨਿਕਚੂ ਜਿਹਾ ਅਕਾਲੀ ਦਲ (ਕਾਨਫੈਡਰਲ ਰਿਟਾਇਰਡ ਪੁਲਸ ਕਪਤਾਨ ਦਾਨੇਵਾਲੀਆ) ਵਾਲਾ। ਇਹ ਚਾਰੇ ਪਾਵੇ ਤੇ ਹੀਆਂ ਇਕ ਦੂਜੇ ਤੋਂ ਏਨੇ ਵਡੇ-ਨਿਕੇ ਹਨ ਕਿ ਮੁੜ ਇਸ ਮੰਜੀ ਦੇ ਜੁੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਉਪਰ ਦੇ ਤਿੰਨ ਤਾਰਿਆਂ ਵਿਚੋਂ ਇਕ (ਸੰਤ ਭਿੰਡਰਾਂਵਾਲਾ), ਜੋ ਸਤਾਂ ਵਿਚੋਂ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਤਾਰਾ ਹੈ, ਬਾਰ ਬਾਰ ਕਹਿ ਰਿਹਾ ਹੈ ਕਿ ਮੰਜੀ ਜੁੜਨੀ ਚਾਹੀਦੀ ਹੈ, ਸਗੋਂ ਚਾਰ ਦੀ ਥਾਂ ਛੇ ਜਾਂ ਸੱਤ ਪਾਵਿਆਂ ਵਾਲੀ ਹੋਣੀ ਚਾਹੀਦੀ ਹੈ। ਕੋਈ ਵੱਡੀ ਗੱਲ ਨਹੀਂ ਕਿ ਕਲਾ ਮਹਾਰਾਜ ਦੀ ਵਰਤ ਹੀ ਜਾਵੇ: "ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ। ਧਰਤੀ ਤੇ ਅਕਾਸਿ ਚਢਾਵੈ ਚਢੇ ਆਕਾਸਿ ਗਿਰਾਵੈ। ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ।

ਖਲ ਮੂਰਖਿ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ । ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ । ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸ ਮੂਰਤਿ ਬਲਿਹਾਰੀ ।'' (ਪੰਨਾ: 1252)

ਸਿਆਸਤ ਵਿਚ ਕੀ ਕੁਝ ਸੰਭਵ ਨਹੀਂ ਹੈ ? ਜੇ ਬਰਤਾਨਵੀ ਰਾਜ ਉਤੇ ਸੂਰਜ ਅਸਤ ਹੋ ਸਕਦਾ ਹੈ, ਜੇ ਅਖੰਡ-ਭਾਰਤ ਖੰਡ ਹੋ ਸਕਦਾ ਹੈ, ਅਗਾਂਹ ਪਾਕਿਸਤਾਨ ਦੇ ਦੋ ਟੋਟੇ ਦੋ ਵਖਰੇ ਵਖਰੇ ਦੇਸ਼ ਬਣ ਸਕਦੇ ਹਨ, ਤਾਂ ਕੀ ਮੋਹਨ ਸਿੰਘ ਸੱਚਾ ਨਹੀਂ ਹੋ ਸਕਦਾ : ''ਖੂਹਾਂ ਵਿਚ ਪਾਣੀ ਢੇਰ ਅਜੇ/ਟਿੰਡਾਂ ਲਾਉਣੇ ਕਈ ਗੇੜ ਅਜੇ/ਕੁਝ ਹੋਰ ਵੀ ਹੋਵਣ ਵਾਲਾ ਹੈ/ਐਵੇਂ ਨਹੀਂ ਖਿੱਤੀਆਂ ਘੁੰਮ ਰਹੀਆਂ ।''

ਇਸ ਖਿੱਤੀ ਦੇ ਸਤ ਤਾਰਿਆਂ ਤਿੰਨ ਵਿਚੋਂ ਬਾਹਰਲੇ ਤਾਰੇ ਸਿਧੇ ਸੰਤਾਂ (ਭਿੰਡਰਾਂ ਵਾਲੇ) ਦੇ ਅਸਰ ਹੇਠ ਹਨ : 'ਖਾਲਿਸਤਾਨ' ਦੀ ਖੁਲ੍ਹ ਕੇ ਹਿਮਾਇਤ ਕਰਨ ਵਾਲਾ ਦਲ ਖਾਲਸਾ ਅਤੇ ਸੁਖਜਿੰਦਰ ਸਿੰਘ ਦੀ 'ਖਾਲਸਾ ਲੀਗ', ਜਾਂ ਅਕਾਲੀ-ਦਲ (ਸੁਖਜਿੰਦਰ)। ਪਰ ਸੰਤ ਇਹਨਾਂ ਬਾਕੀ ਛੇਆਂ ਪਾਵਿਆਂ ਵਾਲੀ ਮੰਜੀ ਉਤੇ ਬਰਾਜਨਾ ਲੋੜਦੇ ਹਨ । (ਛੇ ਪੱਹੀਆਂ ਵਾਲੀ ਗੱਡੀ ਜਾਂ ਛੇ ਘੋੜਿਆਂ ਵਾਲੀ ਬੱਘੀ ਭਲਾ ਕੌਣ ਨਹੀਂ ਚਾਹੁੰਦਾ ?)

ਝੀਲ ਵਿਚ ਨਿਕੀਆਂ-ਮੋਟੀਆਂ ਢੀਮਾਂ ਸੁਟਣ ਜਾਂ 'ਤਾਰੀਆਂ' ਪਾਉਣ ਨਾਲ ਕੀ ਬਣਦਾ ਹੈ ? ਝੀਲ ਵਿਚ ਤਾਂ ਕਿਧਰੋਂ ਮਗਰ-ਮਛ (ਜਿਸਨੂੰ ਫਾਰਸੀ ਵਿਚ 'ਨਿਹੰਗ ਕਹਿੰਦੇ ਹਨ) ਹੀ ਆਣ ਵੜੇ ਤਾਂ ਹੀ ਪਾਣੀ ਉਸੱਲ-ਵੱਟੇ ਭੰਨਦਾ ਹੈ । 'ਖਾਲਿਸਤਾਨ' ਬਾਰੇ ਖੁਲ੍ਹ ਕੇ ਤਾਂ ਸਭ ਤੋਂ ਪਹਿਲਾਂ ਸੁਖਜਿੰਦਰ ਸਿੰਘ ਨੇ ਹੀ ਬਿਆਨ ਦਿੱਤਾ । [ਯਾਦ ਰਹੇ ਕਿ ਸੁਖਜਿੰਦਰ ਸਿੰਘ ਪਹਿਲਾਂ ਇਕ ਪੁਲਸ-ਅਫਸਰ ਰਹਿ ਚੁਕਾ ਹੈ, ਬੜਾ ਉਚਾ ਲੰਮਾ, ਬੇਹੱਦ ਸੁਹਣਾ-ਸੁਣਖਾ ਆਦਮੀ ਹੈ ਜੋ 1977-79 ਦੇ ਸਮੇਂ ਬਾਦਲ ਮਨਿਸਟਰੀ ਵਿਚ ਵਜ਼ੀਰ ਵੀ ਸੀ ਤੇ ਬਾਦਲ ਦੀ ਥਾਂ ਆਪ ਮੁਖ-ਮੰਤਰੀ ਬਣਨਾ ਚਾਹੁੰਦਾ ਸੀ । ਏਸੇ ਸਿਲਸਿਲੇ ਵਿਚ ਉਹ ਵਜ਼ਾਰਤ ਤੋਂ ਅਲਗ ਹੋਇਆ ਤੇ ਫੇਰ ਅਕਾਲੀ-ਦਲ (ਲੌਂਗੋਵਾਲ) ਤੋਂ ਵੀ] ਸੁਖਜਿੰਦਰ ਸਿੰਘ ਨੇ ਰੋਜ਼ਾਨਾ 'ਅਜੀਤ' (ਜਲੰਧਰ) ਨੂੰ ਖਾਲਿਸਤਾਨ ਦੀ ਮੰਗ ਬਾਰੇ ਜੋ ਬਿਆਨ ਦਿੱਤਾ (ਸਤੰਬਰ 14 ਤੇ 15, 1981) ਉਹ ਇਸ ਪ੍ਰਕਾਰ ਹੈ :

''1947 ਤੇ ਉਸ ਤੋਂ ਪਹਿਲਾਂ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਉਸ ਸਮੇਂ ਵੀ ਅੰਗਰੇਜ਼ ਨੇ ਭਾਰਤ ਵਿਚ ਤਿੰਨ ਕੌਮਾਂ ਮੰਨੀਆਂ ਸਨ—ਹਿੰਦੂ, ਮੁਸਲਮਾਨ ਤੇ ਸਿੱਖ......ਸਿੱਖ ਸਭ ਤੋਂ ਘਟ ਸਮਾਂ ਗੁਲਾਮ ਰਹੇ । ਸਿੱਖਾਂ ਨੇ ਇਸ ਦੇਸ਼ ਵਿਚ ਹਮੇਸ਼ਾਂ ਜ਼ੁਲਮ ਦੇ ਵਿਰੁਧ ਹੀ ਲੜਾਈ ਲੜੀ...... ਪੰਡਤ ਜਵਾਹਰ ਲਾਲ ਨੇ ਸਿੱਖਾਂ ਨਾਲ ਇਸ ਗੱਲ ਦਾ ਵਾਅਦਾ ਕੀਤਾ ਸੀ ਕਿ ਉਤਰੀ-ਭਾਰਤ ਵਿਚ ਇਕ ਅਜਿਹਾ ਖੇਤਰ ਬਣਾਇਆ ਜਾਏਗਾ ਜਿਸ ਵਿਚ ਰਹਿ ਕੇ ਸਿੱਖ ਵੀ ਇਹ ਮਹਿਸੂਸ ਕਰ ਸਕਣਗੇ ਕਿ ਉਹ ਵੀ ਆਜ਼ਾਦ ਹਨ......ਅਸੀਂ ਚਾਹੁੰਦੇ ਹਾਂ ਕਿ ਪੰਡਤ ਨਹਿਰੂ ਅਤੇ ਦੂਜੇ ਕਾਂਗਰਸੀ ਲੀਡਰਾਂ ਨੇ ਸਿੱਖਾਂ ਨਾਲ ਜੋ ਵਾਅਦੇ ਕੀਤੇ ਸਨ, ਉਹਨਾਂ ਨੂੰ ਪੂਰਾ ਕੀਤਾ ਜਾਵੇ......ਅਸੀਂ ਤਾਂ ਵਾਅਦੇ ਨਹੀਂ ਤੋੜੇ । ਅਸੀਂ ਤਾਂ ਇਸ ਦੇਸ਼ ਵਿਚ ਰਹਿਣਾ ਪਰਵਾਨ ਕੀਤਾ । ਇਹ ਵਿਸ਼ਵਾਸ ਕਿਸ ਨੇ ਤੋੜਿਆ ? ਇਹ ਵਿਸ਼ਵਾਸ ਤੋੜਿਆ ਹਿੰਦੂ ਲੀਡਰਸ਼ਿਪ ਨੇ । ਪਿਛਲੇ 34 ਸਾਲਾਂ ਦਾ ਇਤਿਹਾਸ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਨਾਲ ਭਰਿਆ ਪਿਆ ਹੈ ।......ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੀ ਸਮਝਿਆ ਗਿਆ । ਸਿੱਖ ਵਿਤਕਰਿਆਂ ਸਬੰਧੀ ਰੋਸ ਕਰਨ ਲਈ ਦਿਲੀ ਜਾਣਾ ਚਾਹੁੰਦੇ ਸਨ ਤਾਂ ਉਹਨਾਂ ਦੇ ਰਾਹ ਵਿਚ ਰੁਕਾਵਟਾਂ ਪੈਦਾ ਕੀਤੀਆਂ ਗਈਆਂ। ਰਸਤੇ ਵਿਚ ਉਹਨਾਂ 'ਤੇ ਲਾਠੀਚਾਰਜ ਹੋਏ, ਉਹਨਾਂ 'ਤੇ ਗੋਲੀਆਂ ਵਰਸਾਈਆਂ ਗਈਆਂ ਤੇ ਉਹਨਾਂ 'ਤੇ ਤਸ਼ਦੱਦ ਕੀਤਾ ਗਿਆ । ਪਰ

ਬੁਜ਼ਦਿਲ ਅਕਾਲੀ ਲੀਡਰਸ਼ਿਪ ਵਲੋਂ ਅੱਜ ਵੀ ਭਾਰਤ ਦੀ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ ਇਹ ਕਿਹਾ ਜਾ ਰਿਹਾ ਹੈ ਕਿ ਸਾਡਾ ਮਰਨ-ਜੀਵਨ ਭਾਰਤ ਨਾਲ ਬੱਝਾ ਹੋਇਆ ਹੈ ।......ਭਾਰਤ ਦੀ ਕੋਈ ਵੀ ਪਾਰਟੀ ਜਾਂ ਕੌਮ ਇਸ ਤਰ੍ਹਾਂ ਦੀ ਜੁਰੱਅਤ ਨਹੀਂ ਦਿਖਾ ਸਕਦੀ ਜਿਸ ਤਰ੍ਹਾਂ ਸਿੱਖਾਂ ਨੇ ਦਿਖਾਈ । ਮੈਂ ਸਿੱਖਾਂ ਦੇ ਇਸ ਜਜ਼ਬੇ ਸਾਹਮਣੇ ਸਿਰ ਝੁਕਾਂਦਾ ਹਾਂ, ਜਦਕਿ ਲੀਡਰਾਂ ਨੇ ਉਹ ਬਹਾਦਰੀ ਨਹੀਂ ਦਿਖਾਈ ਜੋ ਆਮ ਸਿੱਖਾਂ ਨੇ ਦਿਖਾਈ । ਜੇ ਅਕਾਲੀ ਲੀਡਰਸ਼ਿਪ ਵੀ ਆਮ ਸਿੱਖਾਂ ਵਾਂਗ ਬਹਾਦਰ ਹੁੰਦੀ ਤਾਂ ਹੁਣ ਤਕ ਕੰਮ ਵੀ ਕਾਫ਼ੀ ਕੁਝ ਬਣ ਜਾਂਦਾ......ਮੈਂ ਪਾਰਟੀ ਵਿਚ ਰਹਿ ਕੇ ਵੀ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹਾਂ ਕਿ ਸਾਨੂੰ ਇਕ ਅਜਿਹੇ ਖਿਤੇ ਦੀ ਲੋੜ ਹੈ ਜਿਥੇ ਅਸੀਂ ਵੀ ਆਜ਼ਾਦੀ ਤੇ ਖੁਦਮੁਖਤਾਰੀ ਦਾ ਸੁਆਦ ਮਾਨ ਸਕੀਏ । ਜੇ ਪਾਰਟੀ ਮੈਨੂੰ ਕਹਿੰਦੀ ਕਿ ਕੁਝ ਸਮਾਂ ਹੋਰ ਉਡੀਕਿਆ ਜਾਵੇ ਤਾਂ ਮੈਂ ਪਾਰਟੀ ਤੋਂ ਵਖ ਨਾ ਹੁੰਦਾ । ਪਰ ਪਾਰਟੀ ਨੇ ਤਾਂ ਇਸ ਪਾਸੇ ਚਲਣਾ ਸਵੀਕਾਰ ਨਾ ਕੀਤਾ, ਇਸ ਲਈ ਮੈਨੂੰ ਵਖ ਹੋਣਾ ਪਿਆ ।

''ਜੇ ਹਿੰਦੂ ਅਤੇ ਮੁਸਲਮਾਨ ਆਜ਼ਾਦੀ ਦਾ ਫਲ ਚਖ ਸਕਦੇ ਹਨ ਤਾਂ ਸਿੱਖ ਕਿਉਂ ਨਹੀਂ ? ਫਿਰ ਕਾਂਗਰਸ ਲੀਡਰਸ਼ਿਪ ਇਸ ਗਲ ਦੀ ਪਾਬੰਦ ਵੀ ਹੈ । ਜਿਥੋਂ ਤਕ ਵਖਰੇ ਖੇਤਰ ਦਾ ਸੁਆਲ ਹੈ, ਇੰਟਰਨੈਸ਼ਨਲ ਲਾਅ ਅਨੁਸਾਰ ਇਹ ਕੋਈ ਜੁਰਮ ਨਹੀਂ ਹੈ । ਦੁਨੀਆਂ ਦੇ ਨਕਸ਼ੇ 'ਤੇ ਕਈ ਦੇਸ਼ ਉਭਰੇ । ਭਾਰਤ ਕਦੀ ਆਜ਼ਾਦ ਨਾ ਹੁੰਦਾ ਜੇ ਅਸੀਂ ਅਗਰੇਜ਼ ਪਾਸੋਂ ਆਜ਼ਾਦੀ ਨਾ ਮੰਗਦੇ । ਬੰਗਲਾ ਦੇਸ਼ ਕਦੀ ਆਜ਼ਾਦ ਨਾ ਹੁੰਦਾ ਜੇ ਆਜ਼ਾਦੀ ਮੰਗਣਾ ਜੁਰਮ ਸਮਝਿਆ ਜਾਂਦਾ । ਅਸੀਂ ਜਿਸ ਇਲਾਕੇ 'ਤੇ ਅਧਾਰਤ ਖਾਲਿਸਤਾਨ ਚਾਹੁੰਦੇ ਹਾਂ, ਉਹ ਆਬਾਦੀ ਦੇ ਲਿਹਾਜ਼ ਨਾਲ ਦੁਨੀਆਂ ਦੇ 104 ਦੇਸ਼ਾਂ ਤੋਂ ਵਡਾ ਹੋਏਗਾ ਅਤੇ ਰਕਬੇ ਦੇ ਲਿਹਾਜ਼ ਨਾਲ 36ਵਾਂ ਦੇਸ਼ ਹੋਵੇਗਾ । ਉਸ ਤੋਂ ਵਡੇ ਕੇਵਲ 35 ਦੇਸ਼ ਹੋਣਗੇ । ਇਸ ਵਿਚ ਹਿੰਦੂਆਂ ਜਾਂ ਸਿੱਖਾਂ ਦੀ ਬਹੁਗਿਣਤੀ ਦਾ ਸੁਆਲ ਨਹੀਂ । ਸੁਆਲ ਤਾਂ ਕੇਵਲ ਇਹ ਹੈ ਕਿ ਸਿਖ ਵੀ ਆਜ਼ਾਦੀ ਅਤੇ ਖੁਦਮੁਖਤਾਰੀ ਵਿਚ ਭਾਈਵਾਲ ਬਣਨ । ਜੇ ਖਾਲਿਸਤਾਨ ਵਿਚ ਹਿੰਦੂਆਂ ਦੀ ਬਹੁਗਿਣਤੀ ਹੋਵੇਗੀ ਤਾਂ ਇਸ ਵਿਚ ਕਿਹੜੀ ਗਲਤ ਗਲ ਹੈ......

''ਯੂ.ਐਨ.ਓ. ਦਾ ਮੈਂਬਰ ਬਣਨਾ ਇਸ ਦਾ ਹਕ ਹੈ । ਇਸ ਵਿਚ ਭਾਰਤ ਦਾ ਨੁਕਸਾਨ ਵੀ ਕੀ ਹੈ । ਪੀ.ਐਲ.ਓ. ਵੀ ਤਾਂ ਮੈਂਬਰ ਹੈ । ਫਿਰ ਸਿੱਖ ਦੁਨੀਆਂ ਦੇ ਹਰ ਕੋਨੇ ਵਿਚ ਹਨ । ਉਹਨਾਂ ਨੂੰ ਜਿਥੇ ਵੀ ਮੁਸ਼ਕਲ ਪੇਸ਼ ਆਏਗੀ, ਉਹ ਯੂ.ਐਨ.ਓ. ਪਾਸ ਜਾ ਕੇ ਫਰਿਆਦ ਕਰ ਸਕਣਗੇ। ਉਹਨਾਂ ਨੂੰ ਹਰ ਸਮੇਂ ਭਾਰਤ ਵਲ ਵੇਖਣ ਦੀ ਲੋੜ ਨਹੀਂ ਰਹੇਗੀ। ਇਸ ਲਈ ਯੂ.ਐਨ.ਓ. ਦੀ ਮੈਂਬਰਸ਼ਿਪ ਸਿੱਖਾਂ ਦਾ ਹਕ ਹੈ......

''ਸਾਨੂੰ ਕਿਸੇ ਦੀ ਮਦਦ ਦੀ ਲੋੜ ਹੀ ਨਹੀਂ, ਅਸੀਂ ਕਈ ਵਾਰ ਦੂਜੀਆਂ ਪਾਰਟੀਆਂ ਨਾਲ ਸਹਿਯੋਗ ਕਰ ਚੁਕੇ ਹਾਂ । ਕਾਂਗਰਸ ਨਾਲ ਮਿਲੇ, ਕਮਿਊਨਿਸਟਾਂ ਨਾਲ ਰਲੇ, ਜਨਤਾ ਪਾਰਟੀ ਦਾ ਸਾਥ ਦਿਤਾ । ਸਾਰੇ ਤਜਰਬੇ ਫੇਲ੍ਹ ਹੋਏ, ਤਾਂ ਫਿਰ ਨਵੇਂ ਸਿਰੇ ਤੋਂ ਤਜਰਬੇ ਕਰਨ ਦਾ ਕੀ ਲਾਭ ? ਇਸ ਲਈ ਨਾ ਤਾਂ ਕਿਸੇ ਪਾਰਟੀ ਦੀ ਇਛਿਆ ਕੀਤੀ ਹੈ ਤੇ ਨਾ ਹੀ ਕਰਾਂਗੇ । ਜੇ ਕੋਈ ਸਾਥ ਦੇਣਾ ਚਾਹੇਗਾ ਤਾਂ ਉਸ ਦਾ ਸੁਆਗਤ ਕਰਾਂਗੇ...ਫਿਰ ਅਸੀਂ ਦੂਜੀਆਂ ਪਾਰਟੀਆਂ ਪਾਸੋਂ ਮਦਦ ਦੀ ਆਸ ਕਿਸ ਤਰ੍ਹਾਂ ਕਰ ਸਕਦੇ ਹਾਂ । ਸੰਤ ਲੌਂਗੋਵਾਲ 7 ਸਤੰਬਰ ਦੇ ਜਲੂਸ ਲਈ ਸ੍ਰੀ ਬਾਜਪਾਈ ਤੇ ਸ੍ਰੀ ਚੰਦਰ ਸ਼ੇਖਰ ਪਾਸ ਗਏ, ਪਰ ਉਹਨਾਂ ਨੇ ਮਦਦ ਕਰਨ ਤੋਂ ਨਾਹ ਕਰ ਦਿਤੀ । ਇਹਨਾਂ ਪਾਰਟੀਆਂ ਦੀ ਕੋਈ ਬਹੁਤੀ ਪੁਛ ਪ੍ਰਤੀਤ ਨਹੀਂ ਪਰ ਜੇ ਉਹ ਜਲੂਸ ਕਢਣ ਵਿਚ ਮਦਦ ਨਹੀਂ

ਦਿੰਦੀਆਂ ਤਾਂ ਫਿਰ ਉਹਨਾਂ ਪਾਸੋਂ ਹੋਰ ਆਸ ਕੀ ਹੋ ਸਕਦੀ ਹੈ ?

ਖਾਲਸਾ ਦਲ ਵਾਲਿਆਂ ਦਾ ਵੀ ਲਗ ਭਗ ਸੁਖਜਿੰਦਰ ਸਿੰਘ ਵਾਲਾ ਸਟੈਂਡ ਹੈ। ਉਹਨਾਂ ਦੀਆਂ ਦੋ ਖਾਸ ਜਥੇਬੰਦੀਆਂ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਅਤੇ 'ਆਲ ਇੰਡੀਆ ਸਿੱਖ ਯੂਥ ਫੈਡਰੇਸ਼ਨ' ਹਨ। ਸੰਤ ਕਰਤਾਰ ਸਿੰਘ ਭਿੰਡਰਾਂਵਾਲਾ ਦਾ ਲੜਕਾ ਭਾਈ ਅਮਰੀਕ ਸਿੰਘ ਉਹਨਾਂ ਦਾ ਨੇਤਾ ਹੈ, ਜੋ 1980 ਦੀਆਂ ਵਿਧਾਨ-ਸਭਾ ਚੋਣਾਂ ਵਿਚ ਜੀਵਨ ਸਿੰਘ ਉਮਰਾਨੰਗਲ ਦੇ ਖਿਲਾਫ ਖੜਾ ਹੋਇਆ ਸੀ ਅਤੇ ਲੌਂਗੋਵਾਲ ਗਰੁਪ ਲਈ ਸਿਰ ਦਰਦੀ ਦਾ ਕਾਰਨ ਬਣਿਆ ਸੀ। ਸੰਤ ਲੌਂਗੋਵਾਲ ਦਾ ਆਪਣਾ ਗਠ-ਜੋੜ ਵਧੇਰੇ ਪ੍ਰਕਾਸ਼ ਸਿੰਘ ਬਾਦਲ ਨਾਲ ਹੈ, ਤੇ ਬਾਦਲ ਦਾ ਉਮਰਾਨੰਗਲ ਨਾਲ। ਇਹ ਮਿਲ ਕੇ ਟੌਹੜਾ ਨੂੰ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਲਾਹੁਣਾ ਚਾਹੁੰਦੇ ਹਨ, ਜੋ ਪਿਛਲੇ ਸੱਤ ਸਾਲ ਤੋਂ ਇਸ ਗੱਦੀ ਉਤੇ ਜੱਫਾ ਮਾਰੀ ਬੈਠਾ ਹੈ। ਉਧਰ ਟੌਹੜਾ ਸੰਤ ਭਿੰਡਰਾਂ ਵਾਲੇ ਦੀ ਅਸ਼ੀਰਵਾਦ ਲੈਣੀ ਚਾਹੁੰਦਾ ਹੈ ਤਾਂ ਜੋ ਨਵੰਬਰ ਵਿਚ ਹੋਣ ਵਾਲੀ ਪ੍ਰਧਾਨਗੀ ਦੀ ਚੋਣ ਵਿਚ ਉਹ ਮੁੜ ਸਫਲ ਹੋ ਸਕੇ। ਦਿੱਲੀ ਦਾ ਅਕਾਲੀ ਦਲ (ਸੰਤ) ਵੀ ਟੌਹੜਾ ਦੇ ਵਿਰੁਧ ਹੈ। ਇਸ ਤਰ੍ਹਾਂ ਅਕਾਲੀ ਦਲ (ਸੰਤ) ਦੇ ਲੀਡਰਾਂ ਵਿਚ ਵੀ ਆਪਸੀ ਅੰਤਰ-ਵਿਰੋਧ ਬਹੁਤ ਹੈ। ਉਹ ਇੰਦਰਾ ਗਾਂਧੀ ਨਾਲ ਗੱਲ ਤੋਰ ਕੇ, ਕੁਝ ਮਾੜੀਆਂ-ਮੋਟੀਆਂ ਮੰਗਾਂ ਮੰਨਵਾ ਕੇ, ਭੱਲ ਖਟਣੀ ਚਾਹੁੰਦੇ ਹਨ। ਪਰ ਕੇਂਦਰ ਥੋੜੇ ਕੀਤਿਆਂ ਉਹਨਾਂ ਦੀਆਂ ਮੰਨਣ ਲਈ ਤਿਆਰ ਨਹੀਂ ਹੋ ਸਕਦਾ। ਕੇਂਦਰ ਨੂੰ ਪਤਾ ਹੈ ਕਿ ਸੱਤਾਂ-ਰਿਸ਼ੀਆਂ ਵਿਚੋਂ ਬਾਕੀ ਛੇ ਲੌਂਗੋਵਾਲ (ਸੰਤ) ਧੜੇ ਦੇ ਨਾਲ ਨਹੀਂ ਹਨ। ਸਾਢੇ ਤਿੰਨ ਸਾਲ ਪਹਿਲਾਂ ਹਵਾ ਸੰਤ ਭਿੰਡਰਾਂ ਦੇ ਹੱਕ ਵਿਚ (ਅਪ੍ਰੈਲ 1978 ਤੋਂ) ਸਰਕਣੀ ਸ਼ੁਰੂ ਹੋਈ ਸੀ ਤੇ ਇਸ ਸਾਲ ਇਹ ਵਧੇਰੇ ਹੀ ਉਸ ਦੇ ਹੱਕ ਵਿਚ ਹੈ। ਏਸੇ ਲਈ ਕੇਂਦਰ ਨੂੰ ਲੌਂਗੋਵਾਲ ਧੜੇ ਤੋਂ ਵੀ ਵਧੇਰੇ ਸੰਤ ਭਿੰਡਰਾਂ ਦਾ ਡਰ ਹੈ। ਸੰਤ ਭਿੰਡਰਾਂ ਜਦ ਸਭਨਾਂ ਸਿੱਖਾਂ ਦੀ ਏਕਤਾ ਦੀ ਗੱਲ ਕਰਦਾ ਹੈ ਤਾਂ ਅਕਾਲੀ ਮੰਜੀ ਦੇ ਚਾਰੇ ਪਾਵੇ ਹਿੱਲਣੇ ਸ਼ੁਰੂ ਹੋ ਜਾਂਦੇ ਹਨ, ਕਿਉਂਕਿ ਸੰਤ ਭਿੰਡਰਾਂ ਇਸ ਦੌਰ ਵਿਚ ਸਿੱਖਾਂ ਦੇ ਇਕ ਵਡੇ ਪਿਤਾਮਾ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਇਆ ਹੈ। ਉਹ ਲੌਂਗੋਵਾਲ ਧੜੇ ਨਾਲੋਂ ਵੀ ਵਧ ਕੇ ਸਿੱਖ-ਸਿਆਸਤ ਦਾ ਇਕ ਮੁਕਾਬਲੇ ਦਾ ਤੇ ਵਡੇਰਾ ਧੁਰਾ ਬਣ ਰਿਹਾ ਹੈ। ਮਹਿਤਾ ਚੌਂਕ ਵਿਖੇ ਉਸ ਦੀ ਗ੍ਰਿਫਤਾਰੀ ਵਾਲੇ ਦਿਨ (20-9-81) ਜਦ ਲੌਂਗੋਵਾਲ ਤੇ ਟੌਹੜਾ ਵੀ ਪੁਜੇ ਤਾਂ ਜਥੇਦਾਰ ਸੰਤੋਖ ਸਿੰਘ ਦੇ ਨਾਲ ਉਹ ਇਕ ਸਟੇਜ ਉਤੇ ਬੈਠਣ ਲਈ ਤਿਆਰ ਨਹੀਂ ਸਨ। ਪਰ ਓਥੇ ਸਾਰਾ ਪੰਥ ਹੀ ਜੁੜਿਆ ਹੋਇਆ ਸੀ, ਵਾਪਸ ਕਿਸ ਤਰ੍ਹਾਂ ਜਾਂਦੇ ? ਜਦ ਪੰਦਰਾਂ ਅਕਤੂਬਰ ਨੂੰ ਸੰਤ ਭਿੰਡਰਾਂ ਦੀ ਰਿਹਾਈ ਵਾਲੇ ਦਿਨ ਇਕੱਲਾ ਜਥੇਦਾਰ ਟੌਹੜਾ ਹੀ ਫਿਰੋਜ਼ਪੁਰ ਪੁਜਾ, ਸੰਤ ਦਲ ਦਾ ਹੋਰ ਕੋਈ ਨੇਤਾ ਨਹੀਂ। ਏਥੇ ਵੀ ਸੰਤੋਖ ਸਿੰਘ ਪੁਜਾ ਹੋਇਆ ਸੀ। ਤੇ ਸਿਆਸਤ ਏਥੇ ਵੀ ਕਾਰ-ਫਰਮਾ ਹੈ: ਇਕ ਪਾਸੇ ਸੰਤ ਭਿੰਡਰਾਂ ਦਾ ਅਸ਼ੀਰਵਾਦ ਖਾਲਿਸਤਾਨੀਆਂ ਨੂੰ ਪ੍ਰਾਪਤ ਹੈ ਤੇ ਦੂਜੇ ਖਾਸੇ ਸੰਤੋਖ ਸਿੰਘ ਨੂੰ। ਫੇਰ ਸੰਤੋਖ ਸਿੰਘ ਦੇ ਸੰਬੰਧ ਕੇਂਦਰ ਨਾਲ ਵੀ ਹਨ। ਅਕਾਲੀਆਂ ਨੂੰ ਇਹ ਡਰ ਹੈ ਕਿ ਕੇਂਦਰ ਜਾਣ-ਬੁਝ ਕੇ ਮੌਜੂਦਾ ਲੀਡਰਸ਼ਿਪ ਦੀ ਥਾਂ ਸੰਤ ਭਿੰਡਰਾਂ ਨੂੰ ਲਿਆਉਣਾ ਚਾਹੁੰਦਾ ਹੈ, ਜਿਵੇਂ 1960 ਤੋਂ ਬਾਅਦ ਨਹਿਰੂ ਨੇ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਉਤੇ ਸੰਤ ਫਤਿਹ ਸਿੰਘ ਨੂੰ ਲਿਆਂਦਾ ਸੀ। ਪਿਛਲੇ ਦੋ ਮਹੀਨਿਆਂ ਦੀ ਸਿੱਖ-ਸਿਆਸਤ ਦੀ ਗਤੀ-ਵਿਧੀ ਤੋਂ ਪਤਾ ਲਗਦਾ ਹੈ ਕਿ ਕੇਂਦਰੀ ਸਰਕਾਰ ਕਿੰਨੀ 'ਕਾਇਆਂ' ਹੈ ਤੇ ਇਸ ਨੂੰ 'ਚੋਣਾ' ਕਿੰਨਾ ਮੁਸ਼ਕਲ ਕੰਮ ਹੈ (ਸੇਧ, ਸਤੰਬਰ ਤੇ ਅਕਤੂਬਰ ਦੇ ਅੰਕਾਂ ਵਾਲੇ ਲੇਖਾਂ ਵਿਚ ਇਸ ਗੱਲ ਦੀ ਚਰਚਾ ਹੋ ਚੁਕੀ ਹੈ।)

ਅਕਾਲੀਆਂ (ਸੰਤ) ਦੀਆਂ ਮੁਖ ਮੰਗਾਂ ਵਿਚ ਪੰਜਾਬ ਤੋਂ ਬਾਹਰ ਪੰਜਾਬੀ-ਬੋਲਦੇ ਇਲਾਕਿਆਂ

ਤੇ ਚੰਡੀਗੜ੍ਹ ਦਾ ਮੁੜ ਪੰਜਾਬ ਵਿਚ ਪੁਨਰ-ਗਠਨ, ਭਾਖੜੇ ਦਾ ਕੰਟਰੋਲ ਪੰਜਾਬ ਨੂੰ ਦੇਣਾ, ਹਰਿਆਣਾ ਤੇ ਦਿਲੀ ਆਦਿ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਕਰਾਰ ਦੇਣਾ ਅਤੇ ਰਾਜਾਂ ਨੂੰ ਵਧੇਰੇ ਹੱਕ ਦੇਣਾ ਸ਼ਾਮਲ ਹੈ। ਸਰਕਾਰ ਵਲੋਂ ਕਈ ਹੀਲਿਆਂ ਤੇ ਬਹਾਨਿਆਂ ਨਾਲ ਇਹ ਮੰਗਾਂ ਟਾਲੀਆਂ ਜਾ ਰਹੀਆਂ ਹਨ। ਕੇਂਦਰ ਨੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੀਆਂ ਸਰਕਾਰਾਂ ਤੇ ਕਾਂਗਰਸੀਆਂ ਨੂੰ ਹਰੀ ਝੰਡੀ ਦਿਖਾ ਦਿਤੀ ਹੈ ਕਿ ਉਹ ਵੀ ਇਹਨਾਂ ਮੰਗਾਂ ਦਾ ਮੁਕਾਬਲਾ ਕਰਨ ਲਈ ਵਾ-ਵੇਲਾ ਸ਼ੁਰੂ ਕਰ ਦੇਣ। ਹਾਂ, ਇਸ ਤਰ੍ਹਾਂ ਦੀਆਂ ਤੁਛ ਮੰਗਾਂ ਮੰਨਣ ਵਿਚ ਕੇਂਦਰ ਦਾ ਕੁਝ ਵੀ ਨਹੀਂ ਵਿਗੜਦਾ, ਜਿਵੇਂ ਕਿਸੇ ਰੇਲ-ਗੱਡੀ ਦਾ ਨਾਮ 'ਗੋਲਡਨ-ਟੈਂਪਲ ਐਕਸਪ੍ਰੈਸ' ਰਖ ਦਿਤਾ ਜਾਵੇ, ਜਾਂ ਅਫਗਾਨਿਸਤਾਨ ਵੱਲ ਆਉਂਦੇ-ਜਾਂਦੇ ਹਵਾਈ ਜਹਾਜ਼ ਰਾਜਾ-ਸਾਂਸੀ (ਅੰਮ੍ਰਿਤਸਰ) ਅੱਡੇ ਉਤੇ ਰੁਕ ਜਾਇਆ ਕਰਨ। ਸੋ ਕੇਂਦਰ ਛਣਕਣਾ ਦੇ ਕੇ ਹੀ ਅਕਾਲੀਆਂ ਨੂੰ ਵਰਚਾਉਣਾ ਚਾਹੁੰਦਾ ਹੈ।

ਅਸੀਂ ਸਿੱਖੀ ਦੇ ਅਕਾਸ਼ ਦੇ ਤਾਰਿਆਂ ਤੋਂ ਗੱਲ ਸ਼ੁਰੂ ਕੀਤੀ ਸੀ। 'ਸਰਵਨ ਦੀ ਵਹਿੰਗੀ' ਵਾਲੀ ਗੱਲ ਵਿਚੇ ਹੀ ਰਹਿ ਗਈ—ਸਰਵਨ ਪੁਤਰ ਵਹਿੰਗੀ ਵਿਚ ਅੰਨ੍ਹੇ ਮਾਪਿਆਂ ਨੂੰ ਪਾਈ ਵਗਿਆ ਜਾ ਰਿਹਾ ਹੈ। ਇਹ ਵਹਿੰਗੀ ਸਾਡੇ ਬੁਧੀਜੀਵੀਆਂ ਦੀ ਹੈ, 'ਸਿੱਖ ਬੁਧੀਜੀਵੀਆਂ' ਦੀ। ਇਕ ਵਹਿੰਗੀ ਸ: ਹੁਕਮ ਸਿੰਘ ਦੇ ਅਸ਼ੀਰਵਾਦ ਨਾਲ ਭੁਪਿੰਦਰ ਸਿੰਘ ਸਾਬਕ ਐਮ. ਪੀ. ਨੇ ਦਿਲੀ ਵਿਖੇ ਬਣਾਈ ਹੋਈ ਹੈ, ਨਾਮ ਹੈ, "ਆਲ ਇੰਡੀਆ ਸਿੱਖ ਕੌਂਸਲ" ਜਿਸ ਵਿਚ ਹਰਦਿਤ ਸਿੰਘ ਮਲਿਕ, ਸਾਬਕ ਆਈ. ਸੀ. ਐਸ. ਤੋਂ ਲੈ ਕੇ ਵਿੰਗ-ਕਮਾਂਡਰ ਮੋਹਨ ਸਿੰਘ ਤੇ ਲੇਖਕ-ਡਾ: ਮਹੀਪ ਸਿੰਘ ਤਕ ਸਜਣ ਸ਼ਾਮਲ ਹਨ। ਇਹ ਕੌਂਸਲ ਕੇਂਦਰ-ਨਿਵਾਜ਼ ਹੈ। ਇਕ ਵਖਰੀ ਕਿਸਮ ਦੀ ਵਹਿੰਗੀ "ਸਿੱਖ, ਇਕ ਵਖਰੀ ਕੌਮ ਤੇ ਕੌਮ ਲਈ ਯੂ. ਐਨ. ਓ. ਦੀ ਮੈਂਬਰਸ਼ਿਪ" ਵਾਲਿਆਂ ਨੇ ਬਣਾਈ ਹੋਈ ਹੈ, ਜਿਸ ਦਾ ਨਾਮ ਹੈ, "ਕੌਂਸਲ ਆਫ ਸਿੱਖ ਅਫੇਅਰਜ਼" ਜਿਸ ਦੀ ਇਕ ਮੀਟਿੰਗ ਵਿਚ ਸ: ਜੁਗਿੰਦਰ ਸਿੰਘ ਮਾਨ (ਸਾਬਕ ਸਪੀਕਰ, ਪੰਜਾਬ ਵਿਧਾਨ ਸਭਾ) ਨੇ ਇਸ ਵਿਸ਼ੇ ਉਤੇ 19.4.81 ਨੂੰ ਇਕ ਪੇਪਰ ਪੜ੍ਹਿਆ। ਪੇਪਰ ਕੁਝ ਇਤਿਹਾਸਕ ਤੇ ਰਾਜਸੀ ਤੱਥਾਂ ਤੇ ਦਲੀਲਾਂ ਨਾਲ ਲੈਸ ਹੈ, ਜੋ ਕਲਕੱਤੇ ਦੇ ਮਾਸਿਕ ਪੱਤਰ "**Sikh Review**" (ਅਕਤੂਬਰ 1981 ਅੰਕ) ਵਿਚ ਛਪਿਆ ਹੈ। ਲੇਖ ਦੇ ਅਖੀਰ ਵਿਚ ਖਾਸ ਗੱਲ ਇਹ ਕਹੀ ਹੈ ਕਿ ਲਾਲਾ ਜਗਤ ਨਾਰਾਇਣ ਜਿਹੇ ਅਖਬਾਰ-ਨਵੀਸਾਂ ਦੀਆਂ ਹਰਕਤਾਂ ਨੇ ਸਿੱਖਾਂ ਨੂੰ ਆਪਣੇ ਹੱਕਾਂ ਲਈ ਘੋਲ ਕਰਨ ਵਾਸਤੇ ਜਗਾਇਆ ਹੈ।

ਖਾਲਿਸਤਾਨ, ਯੂ. ਐਨ. ਓ. ਦੀ ਐਸੋਸੀਏਟ ਮੈਂਬਰੀ, ਸੂਬਿਆਂ ਲਈ ਵਧੇਰੇ ਅਧਿਕਾਰ, ਵਡੇਰਾ ਪੰਜਾਬ ਆਦਿ ਮੰਗਾਂ ਤਾਂ ਖੂਬ ਹਨ, ਜਿੰਨ੍ਹਾਂ ਨਾਲ ਉਤਰੀ ਭਾਰਤ ਵਿਚ ਭੁਚਾਲ ਦੇ ਝਟਕੇ ਜਿਹੇ ਵੀ ਆਏ ਹਨ, ਪਰ ਹਕੀਕਤ ਇਹ ਹੈ ਕਿ ਕੇਂਦਰ, ਥੋੜੇ ਕੀਤਿਆਂ, ਪੰਜਾਬ ਦੇ ਤਿੰਨ-ਚਾਰ ਗਵਾਂਢੀ ਰਾਜਾਂ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦੀ ਬਿਲਕੁਲ ਜਮਹੂਰੀ ਜਿਹੀ ਮੰਗ ਪਰਵਾਨ ਕਰਨ ਲਈ ਵੀ ਤਿਆਰ ਨਹੀਂ ਹੋ ਸਕਦਾ। ਹਾਕਮ ਜਮਾਤ ਆਪਣੇ ਪਾਰਲੀਮੈਂਟਰੀ ਖੋਭੇ, ਆਰਥਕ-ਰਾਜਸੀ ਖੋਭੇ, ਪਾਰਟੀ ਦੇ ਅੰਦਰੂਨੀ ਸੰਕਟ, ਸੁਪਰ-ਤਾਕਤਾਂ ਦੇ ਚਲਾਏ ਹੋਏ ਚੱਕਰਾਂ ਦੇ ਖੋਭੇ ਵਿਚ ਇਸ ਤਰ੍ਹਾਂ ਫਸੀ ਹੋਈ ਹੈ ਕਿ ਖਾਲਿਸਤਾਨ ਜਾਂ ਯੂ. ਐਨ. ਓ. ਦੀ ਮੈਂਬਰੀ ਦੀ ਗੱਲ ਤਾਂ ਦੂਰ ਰਹੀ, ਉਹ ਸੰਤ ਗਰੁਪ ਦੀਆਂ ਭਾਖੜੇ ਤੇ ਵਡੇਰੇ ਪੰਜਾਬ ਜਿਹੀਆਂ ਮੰਗਾਂ ਵੀ ਸਵੀਕਾਰ ਨਹੀਂ ਕਰੇਗੀ। ਇਹਨਾਂ ਗੱਲਾਂ ਨੂੰ ਮੁਖ ਰਖ ਕੇ ਹੀ ਉਹਨਾਂ ਪੰਜਾਬ ਵਿਚ ਕੋਈ ਭਾਰੀ ਸਨਅਤ ਵੀ ਨਹੀਂ ਲਗਾਈ।

ਖਾਲਿਸਤਾਨ ਦੀ ਮੰਗ ਨੂੰ ਦੇਸ਼-ਵਿਆਪੀ ਮਹੱਤਵ ਵਧੇਰੇ ਕਰਕੇ ਸਰਮਾਏਦਾਰਾਂ ਦੇ ਅਖਬਾਰਾਂ ਨੇ ਹੀ ਦਿਤਾ ਹੈ। ਜੇ ਇਕ ਪਾਸੇ 'ਖਾਲਿਸਤਾਨ' ਦੀ ਮੰਗ ਨੂੰ 'ਅਮਰੀਕਾ-ਪਰੇਰਤ' ਕਿਹਾ ਗਿਆ ਹੈ,

ਤਾਂ ਦੂਜੇ ਪਾਸੇ ਰੂਸੀ ਪ੍ਰੈਸ ਨੇ ਵੀ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ ਹੈ । ਕਿਸੇ ਕੌਮ ਜਾਂ ਕੌਮੀਅਤ ਲਈ ਵੱਖਰਾ ਰਾਜ ਤਾਂ ਆਮ ਤੌਰ 'ਤੇ ਅੰਤਰ-ਰਾਸ਼ਟਰੀ ਤਾਕਤਾਂ ਦੇ ਘੋਲ ਜਾਂ ਦਖਲ-ਅੰਦਾਜ਼ੀ ਨਾਲ ਹੀ ਸੰਭਵ ਹੋਇਆ ਹੈ । ਯਹੂਦੀ ਸਦੀਆਂ ਤੱਕ ਆਪਣਾ ਵੱਖਰਾ ਦੇਸ਼ ਨਾ ਬਣਾ ਸਕੇ । ਆਖਰ ਵੱਡੀਆਂ ਤਾਕਤਾਂ ਨੇ ਹੀ ਬਣਾਇਆ । ਯੂਰਪ ਵਿਚ ਕੌਮੀਅਤ ਤੇ ਭਾਸ਼ਾ ਦੇ ਆਧਾਰ ਉਤੇ ਨਿਕੇ ਨਿਕੇ ਦੇਸ਼ਾਂ ਦਾ ਨਿਰਮਾਣ ਵੀ ਪਹਿਲੀ ਵਡੀ ਜੰਗ ਦੇ ਬਾਅਦ ਹੀ ਸੰਭਵ ਹੋਇਆ । ਪਾਕਿਸਤਾਨ ਵੀ ਬਾਹਰਲੀ ਤਾਕਤ ਹੀ ਬਣਵਾ ਗਈ । ਬੰਗਲਾ ਦੇਸ਼ ਵੀ ਬਾਹਰਲੀਆਂ ਤਾਕਤਾਂ ਦੀ ਦਖਲ-ਅੰਦਾਜ਼ੀ ਨਾਲ ਹੀ ਹੋਂਦ ਵਿਚ ਆਇਆ । ਜੇ ਅੰਗ੍ਰੇਜ਼ ਲੰਕਾ ਨੂੰ ਵਖਰਾ ਨਾ ਕਰ ਦੇਂਦੇ, ਤਾਂ ਕੀ ਭਾਰਤ ਇਸ ਨੂੰ ਵਖਰਾ ਹੋਣ ਦੇਂਦਾ ? ਖਾਲਿਸਤਾਨ ਵੀ ਇਕਲੇ ਸਿੱਖ ਨਹੀਂ ਬਣਾ ਸਕਦੇ ।

ਸਾਰੀ ਸਿਖ ਕੌਮ ਇਕ ਹੋ ਜਾਵੇ, ਖਾਲਿਸਤਾਨ ਤਾਂ ਵੀ ਆਪਣੇ ਬਲ ਬੂਤੇ ਨਹੀਂ ਬਣ ਸਕਦਾ । ਅਜਿਹੀਆਂ ਸਮਸਿਆਵਾਂ ਦਾ ਅੰਤਮ ਨਿਰਣਾ ਤਾਂ ਕੌਮਾਂਤਰੀ ਹਾਲਤਾਂ ਹੀ ਕਰਦੀਆਂ ਹਨ । ਸ਼ਾਇਦ ਏਸੇ ਲਈ 'ਰਿਪਬਲਿਕ ਆਫ ਖਾਲਿਸਤਾਨ' ਦਾ ਪ੍ਰਧਾਨ ਡਾ: ਜਗਜੀਤ ਸਿੰਘ ਚੌਹਾਨ ਅਤੇ 'ਨਨਕਾਣਾ ਸਾਹਿਬ ਫਾਊਂਡੇਸਨ' ਦਾ ਪ੍ਰਧਾਨ ਗੰਗਾ ਸਿੰਘ ਢਿਲੋਂ ਬਾਹਰੋਂ ਹੀ ਇਸ ਲਈ ਹਥ ਪੈਰ ਮਾਰਨ ਲਗੇ ਹਨ । ਕਿਹਾ ਜਾਂਦਾ ਹੈ ਕਿ ਅਕਾਲੀ ਦਲ (ਸੰਤ) ਦੇ ਲੀਡਰ ਅਪ੍ਰੈਲ ਵਿਚ ਅਮਰੀਕਾ ਗਏ ਸਨ ਅਤੇ ਉਥੇ 'ਖਾਲਿਸਤਾਨ' ਬਾਰੇ ਵਿਚਾਰ ਹੋਇਆ ਤੇ ਖਾਲਿਸਤਾਨ ਦਾ ਨਕਸ਼ਾ ਵੀ ਪਾਸ ਕੀਤਾ ਗਿਆ । ਪਰ ਹੁਣ ਇਸ ਮੰਗ ਨਾਲ ਆਪਣੀ ਬੇਤੁਅਲਕੀ ਦੱਸ ਰਹੇ ਹਨ । ਏਸੇ ਤਰ੍ਹਾਂ ਅਕਾਲੀ ਦਲ (ਕਾਨਫੇਡਰਲ) ਜੋ ਬਹੁਤ ਵਡੇ ਸਿੱਖ ਜਿਮੀਂਦਾਰਾਂ ਦਾ ਨਿੱਕਾ ਜਿਹਾ ਗਰੁਪ ਹੈ, ਸਿੱਖ ਕੌਮ ਦੀ ਵਖਰੀ ਹਸਤੀ ਤੋਂ ਇਨਕਾਰੀ ਹੋ ਗਿਆ ਹੈ । ਜਥੇਦਾਰ ਸੰਤੋਖ ਸਿੰਘ ਤਾਂ ਖਾਲਿਸਤਾਨ ਜਾਂ 'ਸਿੱਖ ਵਖਰੀ ਕੌਮ' ਦੀ ਨਿਖੇਧੀ ਤੋਂ ਹੋਰ ਅੱਗੇ ਜਾਂਦਾ ਹੋਇਆ ਹਰਿਮੰਦਰ ਸਾਹਿਬ ਲਈ ਕੀਰਤਨ ਵਾਸਤੇ ਵਖਰੇ ਟ੍ਰਾਂਸਮਿਟਰ ਦੇ ਵੀ ਹੱਕ ਵਿਚ ਨਹੀਂ ਹੈ, ਕਿਉਂਕਿ ਇਸ ਨਾਲ ਉਸ ਦੇ ਆਪਣੇ ਅੱਡੇ (ਦਿੱਲੀ) ਨਾਲੋਂ ਅੰਮ੍ਰਿਤਸਰ ਦਾ ਮਹੱਤਵ ਵਧੇਰੇ ਹੁੰਦਾ ਹੈ । ਸ਼ਾਇਦ ਜਥੇਦਾਰ ਇਹ ਚਾਹੁੰਦਾ ਹੋਵੇ ਕਿ ਸਿੱਖੀ ਪਰਚਾਰ ਦਾ ਟ੍ਰਾਂਸਮਿਟਰ ਦਿੱਲੀ ਹੋਣਾ ਚਾਹੀਦਾ ਹੈ ! ਉਹ ਤੇ ਤਲਵੰਡੀ ਗਰੁਪ ਵਾਲੇ ਸੰਤ ਭਿੰਡਰਾਂ ਦੀ ਏਕਤਾ ਵਾਲੀ ਅਪੀਲ ਦੇ ਇਸ ਕਰ ਕੇ ਵਡੇ ਸਮਰਥਕ ਹਨ ਤਾਂ ਜੋ ਅਕਾਲੀ ਦਲ ਦੇ ਮੁੜ ਇਕ ਹੋਣ ਦੀ ਸੂਰਤ ਵਿਚ ਅਕਾਲੀ ਦਰਜਾ-ਬਦਰਜੀ (heirarchy) ਵਿਚ ਉਹਨਾਂ ਦੀ ਥਾਂ ਸੁਰਖਿਅਤ ਹੋ ਸਕੇ । ਉਸ ਸੂਰਤ ਵਿਚ ਸੰਤ ਲੌਂਗੋਵਾਲ ਦੀ ਪ੍ਰਧਾਨਗੀ ਜਾਂ ਪ੍ਰਕਾਸ਼ ਸਿੰਘ ਬਾਦਲ ਦੀ ਭਵਿਖ ਦੀ ਚੀਫ਼-ਮਨਿਸਟਰੀ ਖਤਰੇ ਵਿਚ ਪੈ ਸਕਦੀ ਹੈ । ਇਸੇ ਕਰ ਕੇ ਸੰਤ ਲੌਂਗੋਵਾਲ ਦਾ ਧੜਾ ਕੇਂਦਰ ਤੋਂ ਕੁਝ ਨਾ ਕੁਝ ਮੰਨਵਾ ਕੇ ਆਪਣੀ ਸਾਖ ਬਚਾਉਣ ਦੀ ਫਿਕਰ ਵਿਚ ਹੈ । ਉਹ ਨਾ ਹੀ ਵਡੇਰੇ ਪੰਜਾਬ (ਬਾਹਰ ਰਹਿ ਗਏ ਪੰਜਾਬੀ-ਬੋਲੀ ਦੇ ਇਲਾਕਿਆਂ ਦੇ ਪੁਨਰ-ਗਠਨ) ਲਈ ਉਤਾਵਲੇ ਹਨ, ਨਾ ਹੀ ਪੰਜਾਬ ਤੋਂ ਬਾਹਰ ਪੰਜਾਬੀ ਬੋਲੀ ਦੀ ਪੜ੍ਹਾਈ ਲਈ । ਉਹ ਤਾਂ 'ਆਲ-ਇੰਡੀਆ ਗੁਰਦਵਾਰਾ ਐਕਟ' ਚਾਹੁੰਦੇ ਹਨ ਜਿਸ ਨਾਲ ਸਾਰੇ ਦੇਸ਼ ਦੇ ਵਡੇ ਗੁਰਦਵਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆ ਜਾਣ, ਜਿਸ ਦਾ ਵਿਰੋਧ ਸੰਤੋਖ ਸਿੰਘ ਤੇ ਹੋਰ ਕਈ ਸੰਸਥਾਵਾਂ ਤੇ ਬਾਹਰ ਦੀਆਂ ਗੁਰਦਵਾਰਾ ਕਮੇਟੀਆਂ ਕਰਦੀਆਂ ਹਨ । ਅਕਾਲੀ (ਸੰਤ) ਭਾਖੜੇ ਦਾ ਪ੍ਰਬੰਧ ਵੀ ਪੰਜਾਬ ਪਾਸ ਲਿਆਉਣਾ ਚਾਹੁੰਦੇ ਹਨ, ਤਾਂ ਜੋ ਵਡੇ ਜਿਮੀਂਦਾਰਾਂ ਵਿਚ ਉਹਨਾਂ ਦੀ ਸਾਖ ਬਣੀ ਰਹੇ । ਨਿੱਕੀਆਂ ਮੰਗਾਂ ਤਾਂ ਸਰਕਾਰ ਮੰਨ ਵੀ ਸਕਦੀ ਹੈ । ਅੜਿੱਕਾ ਤਾਂ ਇਹਨਾਂ ਦੋ ਤਿੰਨ ਵਡੀਆਂ ਮੰਗਾਂ ਦਾ ਹੈ । ਸੋ, ਦੇਖਣ ਵਾਲੀ ਗੱਲ ਇਹੀ ਹੈ ਕਿ ਅਕਾਲੀ ਦਲ (ਸੰਤ) ਵਿਚ ਹੋਰ ਕਿੰਨਾ ਕੁ ਦਮ, ਕਿੰਨਾ ਕੁ ਚਿਰ ਕਾਇਮ ਰਹਿੰਦਾ ਹੈ । (9.11.81)

ਪੰਜਾਬ ਦੇ ਖੇਤ ਮਜ਼ਦੂਰ—2

ਡਾ: ਨਿਰਮਲ ਆਜ਼ਾਦ

ਜਦ ਖੇਤੀ ਵਿਚ ਸਰਮਾਏਦਾਰ ਆਰਥਕਤਾ ਦਾ ਆਧਾਰ ਬੱਝ ਰਿਹਾ ਹੋਵੇ, ਮਜ਼ਬੂਤ ਹੋ ਰਿਹਾ ਹੋਵੇ ਅਤੇ ''ਪੇਂਡੂ ਇਲਾਕੇ ਵਿਚ ਖੇਤ ਮਜ਼ਦੂਰ ਇਕ ਨਿਖੜਵੀਂ ਜਮਾਤ ਵਜੋਂ ਉਭਰੇ'' ਜਾਂ ਉਭਰ ਰਹੇ ਹੋਣ ਤਾਂ ਖੇਤੀ ਦੇ ਪੈਦਾਵਾਰੀ ਰਿਸ਼ਤਿਆਂ ਵਿਚ ਦੋ ਗਲਾਂ ਵਾਪਰਦੀਆਂ ਹਨ । ਇਕ ਪਾਸੇ ਤਾਂ ਕਿਸਾਨੀ ਪਹਿਲੀ ਇਕ-ਮੁੱਠ ਕਿਸਾਨੀ ਨਹੀਂ ਰਹਿੰਦੀ ਅਤੇ ਦੂਜੇ ਪਾਸੇ ਬੇਜ਼ਮੀਨਿਆਂ ਦੇ, ਗਿਣਤੀ 'ਚ ਨਿੱਤ ਵਧਦੇ ਖੇਤ ਮਜ਼ਦੂਰਾਂ ਦੇ ਸਬੰਧ ਕਿਸਾਨਾਂ ਨਾਲ ਸਮੁਚੇ ਤੌਰ 'ਤੇ ਅਤੇ ਇਸ ਵਿਚ ਉਭਰ ਰਹੀਆਂ ਵੱਖ ਵੱਖ ਜਮਾਤਾਂ ਨਾਲ ਖਾਸ ਕਰ ਕੇ ਪਹਿਲੇ ਅਤੇ ਇਕੋ ਜਿਹੇ ਨਹੀਂ ਰਹਿੰਦੇ । ਫਿਰ ਦੋ ਪੱਧਰ 'ਤੇ ਖੇਤ ਮਜ਼ਦੂਰਾਂ ਦੀਆਂ ਆਰਥਕ ਮੰਗਾਂ ਦਾ ਸਮਾਜਕ ਆਧਾਰ ਅਤੇ ਸਿਆਸੀ ਪੈਂਤੜਾ ਬਣਦਾ ਹੈ । ਇਕ ਪੱਧਰ ਹੁੰਦੀ ਹੈ ਸਿਧਾਂਤਕ ਅਤੇ ਦੂਜੀ ਪੱਧਰ ਨਿੱਤ ਦੇ ਹਾਲਾਤਾਂ ਦੀ ਜਿਨ੍ਹਾਂ ਵਿਚ ਕਿਸਾਨਾਂ ਦੀਆਂ ਵੱਖ ਵੱਖ ਜਮਾਤਾਂ ਅਤੇ ਖੇਤ ਮਜ਼ਦੂਰ ਇਕ ਨਿਖੜਵੀਂ ਜਮਾਤ ਵਜੋਂ ਉਭਰ ਰਹੇ, ਵਿਚਰ ਰਹੇ ਹੁੰਦੇ ਹਨ । ਪੰਜਾਬ ਖੇਤ ਮਜ਼ਦੂਰ ਸਭਾ ਦੇ ਸਿਰਜਣ ਵਾਲੇ ਖੱਬੀ ਸਿਆਸਤ ਦੇ ਆਗੂ ਤੇ ਕਾਰਕ ਹਨ, ਸੋ ਸਿਧਾਂਤ ਤਾਂ ਉਹਨਾਂ ਦਾ ਕੋਈ ਨਾ ਕੋਈ ਹੈ ਹੀ ਅਤੇ ਇਸੇ ਕਰ ਕੇ ਹੀ ਉਹਨਾਂ ਨੂੰ ਭਾਵੇਂ ''ਪਹਿਲਾ ਕੋਈ ਤਜਰਬਾ ਨਹੀਂ ਸੀ'' ਫਿਰ ਵੀ ਉਹਨਾਂ ''ਬਹੁਤ ਵੱਡੀਆਂ ਔਕੜਾਂ ਦਾ ਸਾਹਮਣਾ'' ਕਰ ਕੇ ਖੇਤ ਮਜ਼ਦੂਰ ਸਭਾ ਨੂੰ ਸਿਰਜਿਆ । ਇਸ ਸਿਧਾਂਤ ਦੀ ਸਚਿਆਈ, ਪਕਿਆਈ ਜਾਂ ਖੋਖਲੇਪਨ ਦਾ ਜ਼ਿਕਰ ਅਸੀਂ ਇਥੇ ਨਹੀਂ ਕਰ ਰਹੇ । ਇਸ ਲਈ ਵਖਰੇ ਲੇਖ ਦੀ ਲੋੜ ਹੋਵੇਗੀ । ਪਾਠਕਾਂ ਨੂੰ ਇਸ ਲਈ ਸੀ. ਪੀ. ਆਈ. ਦੇ ਦਸੰਬਰ 1948 ਦੇ 'ਭਾਰਤ ਵਿਚ ਖੇਤੀ ਦੇ ਸੁਵਾਲ' ਨਾਂ ਦੇ ਥੀਸਿਸ ਨੂੰ ਜਾਣਨਾ ਪਵੇਗਾ । ਹੁਣ ਜੇਕਰ ਨਿੱਤ ਦੇ ਹਾਲਾਤਾਂ ਨੂੰ ਹੀ ਲੈ ਲਿਆ ਜਾਵੇ ਤਾਂ ਇਹਨਾਂ ਬਾਰੇ ਸਮਝ ਵੀ ਕਿਸੇ ਸਿਧਾਂਤਕ ਪੈਂਤੜੇ ਤੋਂ ਬਣਦੀ ਹੈ ਜਾਂ ਫਿਰ ਸਾਕਾਰ ਹਕੀਕਤਾਂ ਦੀ ਸਮਝ ਖੁਦ ਇਕ ਸਿਧਾਂਤਕ ਤੇ ਸਿਆਸੀ ਪੈਂਤੜੇ ਨੂੰ ਜਨਮਦੀ ਹੈ ।

ਇਸ ਸਬੰਧ ਵਿਚ ਜੇਕਰ ਪੰਜਾਬ ਖੇਤ ਮਜ਼ਦੂਰ ਸਭਾ ਵਲੋਂ ਵਖ ਵਖ ਸਮਿਆਂ 'ਤੇ ਉਠਾਈਆਂ ਮੰਗਾਂ ਦਾ ਜ਼ਿਕਰ ਕੀਤਾ ਜਾਏ ਤਾਂ ਅਨੇਕਾਂ ਗਲਾਂ ਸਪਸ਼ਟ ਹੋ ਜਾਂਦੀਆਂ ਹਨ । ਸਭਾ ਦੇ ਸਮਾਗਮਾਂ ਵਿਚ ਪਾਸ ਕੀਤੇ ਮੱਤਿਆਂ, ਅਰੰਭੇ ਸੰਘਰਸ਼ਾਂ ਤੇ ਚਲਾਏ ਅੰਦੋਲਨਾਂ ਤੋਂ ਇਹਨਾਂ ਮੰਗਾਂ ਦੀ ਰੂਪ-ਰੇਖਾ ਬਣਦੀ ਹੈ । ਇਹ ਮੰਗਾਂ ਤਿੰਨ ਕਿਸਮ ਦੀਆਂ ਸਨ : ਪੰਜਾਬ ਦੀ ਖੇਤੀ ਦੇ ਆਰਥਕ ਢਾਂਚੇ ਤੇ

ਸਮਾਜਕ ਸੰਸਥਾਵਾਂ ਸਬੰਧੀ, ਖੇਤੀ ਦੇ ਆਰਥਕ ਆਧਾਰ ਤੇ ਪੈਦਾਵਾਰੀ ਰਿਸ਼ਤਿਆਂ ਸਬੰਧੀ, ਅਤੇ ਸਿਆਸੀ ਪੈਂਤੜੇ ਸਬੰਧੀ ਮੰਗਾਂ।

ਪਹਿਲੀ ਪਧਰ 'ਤੇ, ਪੰਜਾਬ ਦੀ ਖੇਤੀ ਦੇ ਆਰਥਕ ਢਾਂਚੇ ਤੇ ਸਮਾਜਕ ਸੰਸਥਾਵਾਂ ਸਬੰਧੀ, ਮੰਗਾਂ ਦਾ ਮੁਖ ਮੰਤਵ ਖੇਤ ਮਜ਼ਦੂਰਾਂ ਦੀ ਸਮਾਜਕ ਭਲਾਈ ਤੇ ਆਰਥਕ ਬੇਹਤਰੀ ਰਿਹਾ ਹੈ ਅਤੇ ਇਸ ਲਈ ਸਰਕਾਰ ਤੋਂ ਆਸ ਕੀਤੀ ਜਾਂਦੀ ਰਹੀ ਹੈ ਕਿ ਉਹ ਮਦਦ ਕਰੇ। ਇਸ ਸਬੰਧ ਵਿਚ ਕੀਤੇ 'ਸੰਘਰਸ਼ਾਂ' ਦਾ ਮੁਖ ਰੁਖ ਸਰਕਾਰ ਤੋਂ ਖੇਤ ਮਜ਼ਦੂਰਾਂ ਤੇ ਹੋਰ ਪੇਂਡੂ-ਗਰੀਬਾਂ ਦੇ ਹੱਕ ਵਿਚ ਸਕੀਮਾਂ ਬਨਵਾਉਣ ਤੇ ਲਾਗੂ ਕਰਵਾਉਣ ਵਲ ਹੀ ਰਿਹਾ। ਇਸ ਪੱਖ ਦੀਆਂ ਮੁਖ ਮੰਗਾਂ ਸਨ :

(1) ਕਰਜ਼ੇ ਘਟਾਉਣੇ ਤੇ ਸ਼ਾਹੂਕਾਰਾਂ ਦੇ ਪੁਰਾਣੇ ਕਰਜ਼ੇ ਰੱਦ ਕਰਨੇ, ਕਰਜ਼ਾ ਮਨਸੂਖੀ ਸਬੰਧੀ ਕਾਨੂੰਨ, ਪੇਂਡੂ-ਗਰੀਬਾਂ (ਖਾਸ ਕਰ ਖੇਤ ਮਜ਼ਦੂਰਾਂ) ਲਈ ਕਰਜ਼ੇ ਲਈ ਵਖਰੇ ਸਹਿਕਾਰੀ ਬੈਂਕ, ਕਰਜ਼ਾ ਸੰਸਥਾਵਾਂ ਤੇ ਸਥਾਪਤ ਸਹਿਕਾਰੀ ਬੈਂਕਾਂ ਦੇ ਨਿਯਮਾਂ 'ਚ ਸੋਧਾਂ, ਇਹਨਾਂ ਤੋਂ ਪੇਂਡੂ-ਗਰੀਬਾਂ ਨੂੰ ਆਸਾਨੀ ਨਾਲ, ਘੱਟ ਵਿਆਜ 'ਤੇ ਕਰਜ਼ੇ, ਇਹਨਾਂ ਲਈ ਸਹਿਕਾਰੀ ਸਭਾਵਾਂ ਦੀ ਮੈਂਬਰੀ ਦੀ ਘਟ ਫੀਸ ਤੇ ਆਉਂਦੀ ਫਸਲ ਤਕ ਬਿਨਾਂ ਵਿਆਜ ਅਨਾਜ/ਕਰਜ਼ਿਆਂ ਤੋਂ ਇਲਾਵਾ ਘਰ ਉਸਾਰੀ ਲਈ ਕਰਜ਼ੇ, ਵਪਾਰਕ ਬੈਂਕਾਂ ਤੋਂ ਪੇਂਡੂ-ਗਰੀਬਾਂ ਨੂੰ ਕਰਜ਼ੇ, ਆਦਿ।

(2) ਸ਼ਹਿਰਾਂ ਤੇ ਖਾਸ ਕਰਕੇ ਪਿੰਡਾਂ ਵਿਚ ਗਰੀਬਾਂ ਲਈ 500 ਦੀ ਆਬਾਦੀ ਪਿਛੇ ਇਕ ਸਸਤੇ ਅਨਾਜ ਦੀ ਦੁਕਾਨ ਜਾਂ ਡੀਪੂ, ਗ਼ਰੀਬਾਂ ਲਈ ਅਨਾਜ ਦੇ ਖੁਰਾਕ ਬੈਂਕ ਖੋਲ੍ਹਣੇ, ਜਾਗੀਰਦਾਰਾਂ ਤੇ ਧਨੀ ਕਿਸਾਨਾਂ ਦੇ ਅਨਾਜ ਦੀ ਜਬਰੀ ਵਸੂਲੀ, ਜ਼ਖ਼ੀਰੇਬਾਜ਼ਾਂ ਦੇ ਜ਼ਖ਼ੀਰੇ ਲੋਕ-ਮਿਲਵਰਤਨ ਨਾਲ ਕਢਵਾਉਣੇ ਅਤੇ ਇਹਨਾਂ ਉਪਰ ਸਰਕਾਰੀ ਕਬਜ਼ਾਂ ਕਰਵਾਉਣਾ, ਵਧਦੀ ਮਹਿੰਗਾਈ ਦੀ ਰੋਕ, ਆਦਿ।

(3) ਟੈਕਸਾਂ ਦਾ ਬੋਝ ਘਟਾਉਣਾ : ਪੇਸ਼ਾ ਟੈਕਸ, ਸਾਈਕਲ, ਮੁਸਾਫ਼ਰ, ਵਿਕਰੀ, ਆਬਕਾਰੀ ਆਦਿ ਟੈਕਸ ਖਤਮ ਕਰਨੇ, ਗਰੀਬ ਦਸਤਕਾਰਾਂ ਜ਼ਿੰਮੇ ਪੇਸ਼ਾ ਟੈਕਸ ਦੇ ਕੁਝ ਬਕਾਏ ਮੁਆਫ਼ ਅਤੇ ਅਗੇ ਤੋਂ ਘਟ ਦਰ, ਕਸਬਿਆਂ 'ਚ ਗਰੀਬ ਵਰਗਾਂ ਦੀ ਜ਼ਮੀਨ ਤੋਂ ਮਰਲਾ ਟੈਕਸ ਖਤਮ ਕਰਵਾਉਣਾ, ਆਦਿ।

(4) ਸੰਗਠਤ ਪੇਂਡੂ ਵਿਕਾਸ ਦੇ ਪ੍ਰੋਗਰਾਮ : ਬੇਕਾਰੀ ਸਬੰਧੀ ਸਰਵੇਖਣ ਅਤੇ ਪੇਂਡੂ ਰੁਜ਼ਗਾਰ ਸਕੀਮ, ਬੈਂਕਾਂ ਦਾ ਕੌਮੀਕਰਨ, ਸਰਕਾਰੀ ਖੇਤਰ ਦੇ ਆਧਾਰ 'ਤੇ ਦੇਸ਼ ਦਾ ਤੇਜ਼ੀ ਨਾਲ ਉਦਯੋਗੀ-ਕਰਨ, ਘਰੇਲੂ ਦਸਤਕਾਰੀ ਦੀ ਉਨਤੀ ਦੀਆਂ ਸਕੀਮਾਂ (ਇਸ ਲਈ ਬਿਨਾਂ ਵਿਆਜ ਜਾਂ ਘੱਟ ਵਿਆਜ ਉਪਰ ਕਰਜ਼ੇ) ਘਰੇਲੂ ਦਸਤਕਾਰੀਆਂ ਦੀ ਸਰਕਾਰੀ ਤੌਰ 'ਤੇ ਹਿਫ਼ਾਜ਼ਤ, ਰੁਜ਼ਗਾਰ ਦੇ ਵਸੀਲਿਆਂ ਵਿਚ ਵਾਧਾ ਕਰਨ ਲਈ ਭਾਰੀ ਪੈਮਾਨੇ 'ਤੇ ਪੇਂਡੂ ਵਿਕਾਸ ਕੰਮਾਂ ਦਾ ਜਾਰੀ ਕਰਨਾ, ਆਦਿ।

(5) ਭਲਾਈ ਦੀਆਂ ਸਕੀਮਾਂ ਅਤੇ ਇਹਨਾਂ ਉਪਰ ਜ਼ਿਆਦਾ ਖਰਚ : ਪੀਣ ਵਾਲੇ ਪਾਣੀ, ਵਿਦਿਅਕ, ਡਾਕਟਰੀ ਤੇ ਸਿਹਤ ਸਹੂਲਤਾਂ ਦਾ ਪ੍ਰਬੰਧ, ਗਰੀਬ ਵਰਗਾਂ (ਖਾਸ ਕਰ ਅਨੁਸੂਚਿਤ ਜਾਤੀਆਂ) ਦੇ ਵਿਦਿਆਰਥੀਆਂ ਲਈ ਵਜ਼ੀਫ਼ੇ ਤੇ ਮੁਫ਼ਤ ਖਾਣਾ, ਗਰੀਬ ਵਰਗਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ, ਪਬਲਿਕ ਵੰਡ ਪ੍ਰਣਾਲੀ, ਬੁੱਢੇ ਤੇ ਨਿਕਾਰਾ ਵਿਅਕਤੀਆਂ, ਯਤੀਮ ਬੱਚਿਆਂ, ਵਿਧਵਾਵਾਂ ਤੇ ਬੇਕਾਰ ਵਿਅਕਤੀਆਂ ਨੂੰ ਸਰਕਾਰ ਵਲੋਂ ਮਾਲੀ ਸਹਾਇਤਾ, ਛੂਤ-ਛਾਤ ਦੇ ਖਾਤਮੇ ਲਈ ਉਚੇਚੀ ਰਕਮ, ਹਰੀਜਨ ਕਲਿਆਣ ਫੰਡ, ਹਰੀਜਨ ਬਸਤੀਆਂ ਦਾ ਸੁਧਾਰ, ਪਿੰਡਾਂ ਵਿਚ (ਗਰੀਬਾਂ ਲਈ)

ਧਰਮਸ਼ਾਲਵਾਂ ਦੀ ਉਸਾਰੀ, ਅਨੁਸੂਚਿਤ ਜਾਤੀਆਂ ਲਈ ਭੋਂ-ਵਿਕਾਸ ਤੇ ਵਿੱਤ ਕਾਰਪੋਰੇਸ਼ਨ ਅਤੇ ਭਲਾਈ ਕਾਰਪੋਰੇਸ਼ਨ, ਪੱਛੜੀਆਂ ਸ਼੍ਰੇਣੀਆਂ ਲਈ ਵਖਰੀ ਕਾਰਪੋਰੇਸ਼ਨ, ਖੇਤੀਬਾੜੀ ਅਤੇ ਥਰੈਸ਼ਰ ਹਾਦਸਿਆਂ ਦੇ ਸ਼ਿਕਾਰ ਲੋਕਾਂ ਲਈ ਮਾਲੀ ਸਹਾਇਤਾ, ਉਸਾਰੀ ਦੇ ਕੰਮਾਂ ਲਈ ਸਰਕਾਰੀ ਯੋਜਨਾਵਾਂ, ਆਦਿ।

ਬੇਗਾਰ, ਸਮਾਜਕ ਜਬਰ, ਨਾਕਾਬੰਦੀ, ਪੁਲਸ ਅਤਿਆਚਾਰ ਅਤੇ ਜਬਰੀ ਠੀਕਰੀ ਪਹਿਰੇ ਦਾ ਖਾਤਮਾ, ਤਾਜ਼ਾਰੀ ਚੌਕੀਆਂ ਦੇ ਜੁਰਮਾਨੇ ਬੰਦ, ਪੇਂਡੂ ਬੇਜ਼ਮੀਨੇ ਉਜਰਤੀ ਮਜ਼ਦੂਰਾਂ ਨੂੰ ਘਰਾਂ ਲਈ ਰਾਖਵੇਂ ਥਾਂ ਜਾਂ ਘਰਾਂ ਲਈ (ਮੁਫ਼ਤ) ਥਾਂ ਦੀ ਵੰਡ, ਆਦਿ।

(6) ਪਿੰਡਾਂ ਦੇ ਚੌਕੀਦਾਰਾਂ ਦੀ ਤਨਖਾਹ ਸਰਕਾਰੀ ਖ਼ਜ਼ਾਨੇ ਵਿਚੋਂ, ਹੜ੍ਹ ਪੀੜਤਾਂ ਦੀ ਸਹਾਇਤਾ, ਜ਼ਿਲ੍ਹਾ ਭਲਾਈ ਕਮੇਟੀਆਂ ਦੀ ਸਥਾਪਨਾ ਅਤੇ ਇਹਨਾਂ ਵਿਚ ਖੇਤ ਮਜ਼ਦੂਰ ਸਭਾ ਦੇ ਪ੍ਰਤੀਨਿਧ ਵੀ ਲਏ ਜਾਣ 'ਤੇ ਜ਼ੋਰ। ਗਰੀਬਾਂ ਦੀ ਭਲਾਈ ਸਬੰਧੀ ਬਣਨ ਵਾਲੀਆਂ ਕਮੇਟੀਆਂ, ਸਭਾਵਾਂ ਵਿਚ ਮਜ਼ਦੂਰਾਂ ਦੇ ਨੁਮਾਇੰਦੇ ਸ਼ਾਮਿਲ ਕਰਨ, ਪੰਚਾਇਤਾ ਵਿਚ ਖੇਤ ਮਜ਼ਦੂਰਾਂ ਤੇ ਹੋਰ ਪੇਂਡੂ-ਗਰੀਬਾਂ ਦੀ ਰਾਖਵੀ ਚੋਣ 'ਤੇ ਜ਼ੋਰ। ਸਮਾਜਕ ਜਬਰ ਦੀਆਂ ਘਟਨਾਵਾਂ ਦੀ ਪੜਤਾਲ ਲਈ ਇਕ ਕੇਂਦਰੀ ਪੁਲਸ ਸੁਕਾਅਡ ਦੀ ਮੰਗ। ਨਵੀਆਂ ਯੂਨੀਅਨਾਂ, ਜਿਵੇਂ ਕਿ ਪਟਵਾਰ ਯੂਨੀਅਨ, ਚੌਕੀਦਾਰਾ ਯੂਨੀਅਨ, ਭੱਠਾ-ਮਜ਼ਦੂਰ ਯੂਨੀਅਨ ਅਤੇ ਭਾਰਤੀਆਂ ਖੇਤ-ਮਜ਼ਦੂਰ ਯੂਨੀਅਨ, ਆਦਿ ਦੀ ਸਥਾਪਨਾ।

ਇਵੇਂ ਇਸ ਗਲ 'ਤੇ ਜ਼ੋਰ ਦਿਤਾ ਜਾਂਦਾ ਰਿਹਾ ਕਿ ਸਰਕਾਰ ਖੇਤ ਮਜ਼ਦੂਰਾਂ ਅਤੇ ਹੋਰ ਪੇਂਡੂ-ਗਰੀਬਾਂ ਦੇ ਕਰਜ਼ੇ ਘਟਾਏ ਜਾਂ ਖਤਮ ਕਰੇ ਅਤੇ ਇਹਨਾਂ ਨੂੰ ਲੋੜ ਮੁਤਾਬਕ ਹੋਰ ਕਰਜ਼ੇ ਦੇਵੇ (ਤਾਂ ਜੋ ਸ਼ਾਹੂਕਾਰਾਂ ਦੀ ਥਾਂ ਉਹ ਸਰਕਾਰ ਦੇ ਕਰਜ਼ਾਈ ਬਣ ਜਾਣ !), ਸਰਕਾਰ ਸਸਤੇ ਅਨਾਜ ਦਾ ਪ੍ਰਬੰਧ ਕਰੇ, ਭਲਾਈ ਦੀਆਂ ਸਕੀਮਾਂ ਰਾਹੀਂ ਪੇਂਡੂ-ਗਰੀਬਾਂ ਦਾ ਜੀਵਨ ਸੌਖਿਆਂ ਕਰੇ, ਹਰ ਕਿਸਮ ਦੇ ਜਬਰ ਤੇ ਲੁਟ-ਖਸੁਟ ਨੂੰ ਖਤਮ ਕਰਨ ਦਾ ਯਤਨ ਕਰੇ ਅਤੇ ਇਸ ਸਬੰਧ ਵਿਚ ਖੇਤ-ਮਜ਼ਦੂਰਾਂ ਦੀਆਂ ਕੋਸ਼ਿਸ਼ਾਂ ਨੂੰ ਸਮਰਥਨ ਤੇ ਸਰਪਰਸਤੀ ਦੇਵੇ, ਸਰਕਾਰ ਖੇਤੀ ਤੇ ਸਨਅਤ ਦੇ ਖੇਤਰ ਵਿਚ ਸਰਮਾਏਦਾਰ ਆਰਥਕ ਵਿਕਾਸ ਨੂੰ ਤੇਜ਼ ਕਰੇ ਅਤੇ ਇਵੇਂ ਖੇਤੀ ਤੇ ਇਸ ਤੋਂ ਬਾਹਰ ਖੇਤ ਮਜ਼ਦੂਰਾਂ ਤੇ ਹੋਰ ਪੇਂਡੂ-ਗਰੀਬਾਂ ਲਈ ਜ਼ਿਆਦਾ ਤੇ ਸੌਖੇ ਕੰਮਾਂ ਦੀ ਸਹੂਲਤ ਪੈਦਾ ਕਰੇ।

ਦੂਜੀ ਪੱਧਰ ਦੀਆਂ, ਪੰਜਾਬ 'ਚ ਖੇਤੀ ਦੇ ਆਰਥਕ ਆਧਾਰ ਤੇ ਇਸ ਦੇ ਪੈਦਾਵਾਰੀ ਰਿਸ਼ਤਿਆਂ ਸਬੰਧੀ, ਮੁਖ ਮੰਗਾਂ ਦੋ ਕਿਸਮ ਦੀਆਂ ਸਨ, ਜ਼ਮੀਨੀ ਸੁਧਾਰਾਂ ਅਤੇ ਖੇਤ-ਮਜ਼ਦੂਰੀ ਬਾਰੇ :

(1) ਜ਼ਮੀਨ ਦੀ ਵੰਡ ਤੇ ਨਿਕਾਸੀ ਜ਼ਮੀਨ ਦੀ ਨਿਲਾਮੀ ਨੂੰ ਰੋਕਣਾ, ਤਿੱਖੇ ਭੂਮੀ ਸੁਧਾਰ ਕਰ ਕੇ ਅਤੇ ਜੰਗਲਾਤੀ ਵਿਭਾਗ ਤੋਂ ਨਿਕਾਸੀ ਜ਼ਮੀਨ ਕਢਵਾਉਣਾ, ਭੂਮੀ ਸੁਧਾਰਾਂ ਨੂੰ ਲਾਗੂ ਕਰਨਾ ਅਤੇ ਇਹਨਾਂ 'ਤੇ ਅਸਰਦਾਰ ਤਰੀਕੇ ਨਾਲ ਅਮਲ ਕਰਨਾ, ਤਿਖੇ ਭੂਮੀ ਸੁਧਾਰ ਲਾਗੂ ਕੀਤੇ ਜਾਣ ਬਾਅਦ ਵਾਧੂ ਜ਼ਮੀਨ ਦੀ ਪੇਂਡੂ-ਗਰੀਬਾਂ 'ਚ ਵੰਡ ਤਾਂ ਜੋ 'ਪੇਂਡੂ-ਗਰੀਬਾਂ ਦੀ ਜ਼ਮੀਨ ਦੀ ਭੁਖ ਦੂਰ ਕੀਤੀ ਜਾਵੇ', ਇਸ ਲਈ ਬੰਜਰ ਜ਼ਮੀਨਾਂ ਦੀ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਵਿਚ ਵੰਡ।

ਪਾਸ ਕੀਤੇ ਭੂਮੀਂ ਕਾਨੂੰਨਾਂ 'ਚ ਸੁਧਾਰ ਅਤੇ ਪੰਜਾਬ ਤੇ ਪੈਪਸੂ ਦੇ ਭੂਮੀ ਕਾਨੂੰਨਾਂ ਵਿਚੋਂ ਸਭ ਮਘੋਰੇ ਬੰਦ ਕਰਨੇ, ਫਾਲਤੂ ਜ਼ਮੀਨਾਂ ਬੇਜ਼ਮੀਨੇ ਹਲ ਵਾਹਕਾਂ ਵਿਚ ਵੰਡੀਆਂ ਜਾਣ ਬਾਅਦ ਹੀ ਹਲ ਵਾਹਕਾਂ ਦੀ ਮਰਜ਼ੀ ਅਨੁਸਾਰ ਸਹਿਕਾਰੀ ਖੇਤੀਬਾੜੀ ਲਈ ਯਤਨ, ਹੱਦ-ਬੰਦੀ ਕਾਨੂੰਨ ਨੂੰ ਬਿਨਾਂ ਕਿਸੇ ਛੋਟ ਦੇ ਲਾਗੂ ਕਰਨਾ, ਹੱਦ-ਬੰਦੀ ਦੀ ਪੱਧਰ ਘਟਾਉਣਾ ਅਤੇ ਗਿਰਦਾਵਰੀਆਂ ਨੂੰ ਦਰੁਸਤ

ਕਰਨਾ, ਗਰੀਬ ਕਿਸਾਨਾਂ ਤੇ ਮੁਜ਼ਾਰਿਆਂ ਦੀ ਬੇਦਖਲੀ ਬੰਦ ਕਰਨੀ ਅਤੇ ਜ਼ਮੀਨ 'ਤੇ ਉਹਨਾਂ ਨੂੰ ਪੱਕੇ ਹੱਕ ਦੇਣੇ; ਬੇਦਖਲ ਮੁਜ਼ਾਰੇ ਬਹਾਲ ਕਰਨੇ ਤੇ ਉਹਨਾਂ ਨਾਂ ਗਿਰਦਾਵਰੀਆਂ ਠੀਕ ਕਰਨਾ, ਜ਼ਮੀਨ ਸਬੰਧੀ ਸਭ ਬੇਨਾਮੀ ਸੌਦੇ ਬੰਦ ਕਰਨੇ, ਪੰਜਾਬ ਦੇ ਭੂਮੀ ਸੁਧਾਰ ਕਾਨੂੰਨ ਵਿਚ ਮਿੱਥੇ ਮੁਆਵਜ਼ੇ ਨੂੰ ਘੱਟ ਕਰਨਾ, ਪਿੰਡਾਂ ਵਿਚ ਸ਼ਾਮਲਾਤ ਜ਼ਮੀਨਾਂ ਪੰਚਾਇਤਾਂ ਦੇ ਹਵਾਲੇ ਕਰਨੀਆਂ ਅਤੇ ਸ਼ਾਮਲਾਤ ਜ਼ਮੀਨਾਂ ਨੂੰ ਧਨੀ ਕਿਸਾਨਾਂ ਤੋਂ ਛੁਡਵਾਉਣਾ, ਪੰਚਾਇਤੀ ਜ਼ਮੀਨ ਨੂੰ ਕਾਸ਼ਤ ਲਈ· ਪੇਂਡੂ ਮਜ਼ਦੂਰ ਤੇ ਗਰੀਬ ਕਿਸਾਨਾਂ ਨੂੰ ਦੇਣਾ ਅਤੇ ਜ਼ਮੀਨ ਦੀ ਵੰਡ ਸਮੇਂ ਹੋ ਰਹੇ ਭ੍ਰਿਸ਼ਟਾਚਾਰ ਦੀ ਪੜਤਾਲ ।

(2) ਖੇਤ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਦਾ ਨਿਸ਼ਚਿਤ ਕੀਤੇ ਜਾਣਾ, ਘਟੋ-ਘੱਟ ਉਜਰਤਾਂ ਵਿਚ ਵਾਧਾ, ਚੰਗੀਆਂ ਉਜਰਤਾਂ ਦਾ ਪ੍ਰਬੰਧ, ਘੱਟੋ-ਘੱਟ ਉਜਰਤਾਂ ਦੀ ਸੂਚੀ, ਮਰਦ ਤੇ ਔਰਤ ਖੇਤ ਮਜ਼ਦੂਰਾਂ ਲਈ ਇਕੋ ਜਿੰਨੀ ਉਜਰਤ ਅਤੇ ਇਹਨਾਂ ਘੱਟੋ-ਘੱਟ ਉਜਰਤਾਂ ਨੂੰ ਲਾਗੂ ਕਰਨ ਲਈ ਅਸਰਦਾਰ ਮਸ਼ੀਨਰੀ ਦੀ ਸਥਾਪਤੀ । ਵੱਡੇ ਫਾਰਮਾਂ ਵਿਚ ਕੰਮ ਦੇ ਘੰਟੇ ਨਿਸ਼ਚਿਤ ਅਤੇ ਕੰਮ ਦੇ ਬੋਝ ਨੂੰ ਹਲਕਾ ਕਰਨਾ । ਪੱਕੇ ਖੇਤ ਮਜ਼ਦੂਰਾਂ ਲਈ ਸਮੇਤ ਤਨਖਾਹ ਛੁਟੀਆਂ, ਸਾਰਾ ਸਾਲ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੁਰਖਿਆ ਦਾ ਪ੍ਰਬੰਧ ਅਤੇ ਸੀਰੀਆਂ ਦੇ ਹਿੱਤ ਵਿਚ ਇਕ ਵਖਰਾ ਕਾਨੂੰਨ, ਆਦਿ ।

ਇਵੇਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਕੋਸ਼ਸ਼ ਰਹੀ ਕਿ ਹਰ ਸਭੰਵ ਤਰੀਕੇ ਨਾਲ ਸਰਕਾਰ ਤੋਂ ਭੂਮੀ ਸੁਧਾਰ ਕਾਨੂੰਨਾਂ ਨੂੰ ਠੀਕ ਕਰਵਾਇਆ ਜਾਏ ਅਤੇ ਜ਼ਮੀਨ ਦੀ ਵੰਡ ਵਿਚੋਂ ਕੁਝ ਜ਼ਮੀਨ ਖੇਤ ਮਜ਼ਦੂਰਾਂ ਨੂੰ ਵੀ ਦਿਵਾਈ ਜਾਵੇ ਤਾਂ ਜੋ ਉਹਨਾਂ ਦੀ ਆਰਥਕ ਹਾਲਤ ਨੂੰ ਸੁਧਾਰਿਆ ਅਤੇ ਸਮਾਜਕ ਰੁਤਬੇ ਤੇ ਸਿਆਸੀ ਪ੍ਰਭਾਵ ਨੂੰ ਵਧਾਇਆ ਜਾਵੇ । ਇਸ ਤੋਂ ਇਲਾਵਾ ਖੇਤ ਮਜ਼ਦੂਰਾਂ ਲਈ ਚੰਗੀਆਂ ਉਜਰਤਾਂ ਦਾ ਪ੍ਰਬੰਧ ਸਰਕਾਰ ਤੋਂ ਕਰਵਾਇਆ ਜਾਵੇ ਅਤੇ ਲੋੜ ਪੈਣ 'ਤੇ ਇਸ ਲਈ ਸੰਘਰਸ਼ ਵੀ ਕੀਤੇ ਜਾਣ ।

ਤੀਜੀ ਪੱਧਰ 'ਤੇ ਪੰਜਾਬ ਖੇਤ ਮਜ਼ਦੂਰ ਸਭਾ ਵਲੋਂ ਜੋ ਸਿਆਸੀ ਪੈਂਤੜੇ ਦੀਆਂ ਮੰਗਾਂ ਉਠਾਈਆਂ ਜਾਂਦੀਆਂ ਰਹੀਆਂ, ਉਹ ਸਨ :

(1) ਖੇਤ-ਮਜ਼ਦੂਰਾਂ, ਮਿਹਨਤ-ਕਸ਼ ਕਿਸਾਨਾਂ ਅਤੇ ਸਨਅਤੀ ਮਜ਼ਦੂਰਾਂ ਦਾ ਏਕਾ, "ਖੇਤ ਮਜ਼ਦੂਰ ਤੇ ਕਿਸਾਨ ਏਕੇ" ਲਈ ਕਿਸਾਨਾਂ ਦੀਆਂ ਮੰਗਾਂ ਦੀ ਪ੍ਰੋੜਤਾ ਤੇ ਉਹਨਾਂ ਦੇ ਇਸ ਸਬੰਧ ਵਿਚ ਚਲਾਏ ਸੰਘਰਸ਼ਾਂ ਦੀ ਹਿਮਾਇਤ ।

ਖੇਤ ਮਜ਼ਦੂਰਾਂ ਤੋਂ ਇਲਾਵਾ ਹੋਰ ਕਾਮਿਆਂ—ਕਰਮਚਾਰੀਆਂ, ਜਿਵੇਂ ਕਿ ਮਫਾਲ ਤੇ ਭੱਠਾ ਮਜ਼ਦੂਰਾਂ, ਪੀ. ਡਬਲਯੂ. ਡੀ. ਦੇ ਮਜ਼ਦੂਰਾਂ, ਖ਼ਾਦੀ ਭੰਡਾਰ ਤੇ ਜੁਲਾਹਿਆਂ ਅਤੇ ਪਟਵਾਰੀਆਂ ਆਦਿ, ਦੀਆਂ ਮੰਗਾਂ ਅਤੇ ਕੁਲ ਹਿੰਦ ਇਸਤਰੀ ਕਾਨਫਰੰਸ ਦੀਆਂ ਮੰਗਾਂ ਤੇ ਕਾਰਵਾਈਆਂ ਦਾ ਸਮਰਥਨ । ਪੰਜਾਬ ਵਿਚ ਹੋਰ ਨਵੀਆਂ ਯੂਨੀਅਨਾਂ, ਜਿਵੇਂ ਕਿ ਭੱਠਾ-ਮਜ਼ਦੂਰ, ਪਟਵਾਰ ਤੇ ਚੌਕੀਦਾਰ ਯੂਨੀਅਨ ਆਦਿ, ਦੀ ਸਥਾਪਤੀ ਦੀਆਂ ਕੋਸ਼ਸ਼ਾਂ ਤੇ ਇਸ ਵਿਚ ਕਾਮਯਾਬੀ ।

(2) ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪਧਰ ਦੇ ਮਸਲਿਆਂ ਬਾਰੇ : ਸੰਸਾਰ ਅਮਨ ਦੀਆਂ ਕੋਸ਼ਸ਼ਾਂ ਨੂੰ ਸਮਰਥਨ । ਐਟਮੀ ਤੇ ਹਾਈਡਰੋਜਨ ਬੰਬਾਂ ਦੀ ਪਾਬੰਦੀ, ਅਮਰੀਕਾ ਦੀਆਂ ਫੌਜਾਂ ਦੀ ਫਾਰਮੂਸਾ ਤੋਂ ਵਾਪਸੀ, ਲੋਕ-ਚੀਨ ਲਈ ਇਤਹਾਦੀ ਸਭਾ ਤੇ ਸੁਰਖਿਆ ਕੌਂਸਲ ਦੀ ਮੈਂਬਰੀ ਆਦਿ ਮੰਗਾਂ ਤੋਂ ਇਲਾਵਾ ਗੋਆ ਦੇ ਸੰਗਰਾਮ ਦਾ ਸਮਰਥਨ ।

(3) ਰਾਜ ਵਿਚ ਹਰ ਨਵੀਂ ਸਰਕਾਰ ਨੂੰ ਖੇਤ ਮਜ਼ਦੂਰਾਂ ਦੀਆਂ ਮਗਾਂ ਬਾਰੇ ਯਾਦ-ਪਤਰ

ਅਤੇ ਦੂਜੀ ਤੋਂ ਛੇਵੀਂ ਪੰਜ ਸਾਲਾ ਯੋਜਨਾ ਵਿਚ ਸੁਧਾਰ ਕਰਨ ਲਈ ਤਜਵੀਜ਼ਾਂ ਭਰੇ ਯਾਦ-ਪੱਤਰ ਪੇਸ਼ ਕਰਨੇ ।

ਪੰਜਾਬ ਖੇਤ ਮਜ਼ਦੂਰ ਸਭਾ ਦੀਆਂ ਇਹ ਮੰਗਾਂ ਤੇ ਕੋਸ਼ਸ਼ਾਂ ਰਹੀਆਂ ਹਨ 'ਸਮਾਜਵਾਦ ਦੀ ਪ੍ਰਾਪਤੀ' ਦੇ 'ਮੰਤਵ' ਨੂੰ ਹਾਸਲ ਕਰਨ ਦੀਆਂ । ਮੰਗਾਂ ਨੂੰ ਪੂਰਿਆਂ ਕਰਨ ਤੇ ਕਰਵਾਉਣ ਲਈ ਅਤੇ ਇਸ ਲਈ ਕੀਤੀਆਂ ਕੋਸ਼ਸ਼ਾਂ ਵਿਚ ਖੇਤ ਮਜ਼ਦੂਰ ਤੇ ਕਿਸਾਨ ਏਕੇ 'ਤੇ ਇਸ ਸਭਾ ਵਲੋਂ ਬਰਾਬਰ ਜ਼ੋਰ ਦਿਤਾ ਜਾਂਦਾ ਰਿਹਾ ।

ਖੇਤ ਮਜ਼ਦੂਰਾਂ ਅਤੇ ਕਿਸਾਨੀ ਦੇ ਸਬੰਧਾਂ ਬਾਰੇ ਪੰਜਾਬ ਖੇਤ ਮਜ਼ਦੂਰ ਸਭਾ ਦੇ 1954 ਦੇ ਪਹਿਲੇ "ਸਮਾਗਮ ਵਿਚ ਇਹ ਗਲ ਨੋਟ ਕੀਤੀ ਗਈ ਕਿ ਜਿਨ੍ਹਾਂ ਪਿੰਡਾਂ ਵਿਚ ਖੇਤ ਮਜ਼ਦੂਰਾਂ ਦਾ ਆਪਣਾ ਏਕਾ ਸੀ ਅਤੇ ਸੂਝਵਾਨ ਕਿਸਾਨੀ ਦੀ ਉਹਨਾਂ ਨੂੰ ਸਹਾਇਤਾ ਪ੍ਰਾਪਤ ਸੀ ਉਨ੍ਹਾਂ ਦੇ ਘਰਾਂ ਲਈ ਥਾਂ ਰਾਖਵੇਂ ਰਖੇ ਗਏ" ਅਤੇ "ਇਸ ਤਜਰਬੇ ਦੇ ਆਧਾਰ 'ਤੇ ਸਮਾਗਮ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਘਰਾਂ ਲਈ ਥਾਂ ਪ੍ਰਾਪਤ ਕਰਨ ਵਾਸਤੇ ਕਿਸਾਨਾਂ ਦੀ ਵਧ ਤੋਂ ਵਧ ਸਹਾਇਤਾ ਲਈ ਜਾਏ ।" (31) ਦੂਸਰੇ "ਸਮਾਗਮ ਵਿਚ ਇਹ ਗੱਲ ਇਕ ਵਾਰੀ ਫਿਰ ਨੋਟ ਕੀਤੀ ਗਈ ਕਿ ਜਿਨ੍ਹਾਂ ਪਿੰਡਾਂ ਵਿਚ ਸੂਝਵਾਨ ਕਿਸਾਨਾਂ ਨੇ ਹਿਮਾਇਤ ਕੀਤੀ ਹੈ ਉਥੇ ਮੁਰੱਬਾਬੰਦੀ ਸਮੇਂ ਖੇਤ ਮਜ਼ਦੂਰਾਂ ਦੇ ਘਰਾਂ ਲਈ ਜ਼ਮੀਨ ਰਾਖਵੀਂ ਰੱਖੀ ਗਈ ਹੈ" (37), ਸੋ "ਇਕ ਵਾਰ ਫਿਰ ਸਮਾਗਮ ਨੇ ਖੇਤ ਮਜ਼ਦੂਰ ਕਿਸਾਨ ਏਕੇ 'ਤੇ ਜ਼ੋਰ ਦਿਤਾ ਤੇ ਕਿਹਾ ਕਿ ਇਹ ਸਾਡੇ ਸੰਗਰਾਮ ਦੀ ਸਫਲਤਾ ਦੀ ਕੁੰਜੀ ਹੈ ।" (39) ਇਸੇ ਸਮਝ ਮੁਤਾਬਕ ਹੀ ਖੇਤ ਮਜ਼ਦੂਰ ਸਭਾ ਦੇ ਤੀਜੇ "ਸਮਾਗਮ ਨੇ ਇਕ ਮਤੇ ਰਾਹੀਂ ਕਿਸਾਨਾਂ ਦੀਆਂ ਮੰਗਾਂ ਦੀ ਪ੍ਰੋੜਤਾ ਕੀਤੀ" (46) ਅਤੇ ਫਿਰ ਇਹ ਗਲ ਵਧਦੀ ਵਧਦੀ ਇਥੋਂ ਤਕ ਪਹੁੰਚ ਗਈ ਕਿ ਪੰਜਵੇਂ "ਸਮਾਗਮ ਨੇ ਖੁਸ਼-ਹੈਸੀਅਤੀ ਟੈਕਸ ਵਿਰੁੱਧ ਕਿਸਾਨ ਅੰਦੋਲਨ ਨੂੰ ਪੂਰਾ ਸਮਰਥਨ ਦਿਤਾ ।" (58) ਇਸ ਸਬੰਧ ਵਿਚ ਜਦੋਂ "22 ਸਤੰਬਰ 1958 ਨੂੰ ਰਾਜ ਭਰ ਵਿਚ ਕਿਸਾਨਾਂ ਨੇ ਖੁਸ਼-ਹੈਸੀਅਤੀ ਟੈਕਸ ਵਿਰੁਧ ਵਿਖਾਵੇ ਕੀਤੇ", ਤਾਂ "ਇਹਨਾਂ ਵਿਚ ਖੇਤ ਮਜ਼ਦੂਰਾਂ ਨੇ ਵੀ ਵੱਡੀ ਗਿਣਤੀ ਵਿਚ ਭਾਗ ਲਿਆ" (56), ਅਤੇ ਫਿਰ "ਸਭਾ ਨੇ ਫਰਵਰੀ, ਮਾਰਚ 1959 ਵਿਚ ਹੋਏ ਖੁਸ਼-ਹੈਸੀਅਤੀ ਟੈਕਸ ਵਿਰੁੱਧ ਕਿਸਾਨ ਮੋਰਚੇ ਦੀ ਹਿਮਾਇਤ ਕੀਤੀ ।" (59)

ਪੰਜਾਬ ਦੀ ਕਿਸਾਨੀ ਨਾਲ ਖੇਤ ਮਜ਼ਦੂਰਾਂ ਦੀ ਇਸ ਚਲੀ ਆਉਂਦੀ ਭਾਈਵਾਲੀ ਨੂੰ ਮਜ਼ਬੂਤ ਕਰਨ ਵਿਚ ਕਿਸਾਨ ਸਭਾ ਦਾ ਵਿਸ਼ੇਸ਼ ਰੋਲ ਹੈ । ਪੰਜਾਬ ਕਿਸਾਨ ਸਭਾ ਤੇ ਪੰਜਾਬ ਖੇਤ ਮਜ਼ਦੂਰ ਸਭਾ ਇਕੋ ਹੀ ਤਰ੍ਹਾਂ ਦੀ ਸਿਆਸਤ ਨਾਲ ਜੁੜੀਆਂ ਹੋਈਆਂ ਹਨ । ਗਲੀਂ ਬਾਤੀਂ ਤਾਂ ਸੀ. ਪੀ. ਆਈ. ਪੰਜਾਬ ਦੀ ਖੇਤੀ ਦੇ ਸਰਮਾਏਦਾਰ ਵਿਕਾਸ ਨੂੰ ਕੁਝ ਹੀਲ-ਹੁਜਤ ਬਾਅਦ ਮੰਨਦੀ ਰਹੀ ਹੈ, ਪਰ ਕਿਸਾਨੀ ਪ੍ਰਤੀ ਅਮਲ ਵਿਚ ਇਹ ਗਲ ਵਿਸਾਰ ਦਿਤੀ ਜਾਂਦੀ ਰਹੀ । ਇਸ ਲਈ ਕਿਸਾਨ ਸਭਾ ਨਿਰੋਲ ਗਰੀਬ ਕਿਸਾਨੀ ਦੀ ਨੁਮਾਇੰਦਗੀ ਨਹੀਂ ਕਰਦੀ ਬਲਕਿ ਇਸ ਵਿਚ ਦਰਮਿਆਨੀ ਤੇ ਧਨੀ (ਸਰਮਾਏਦਾਰ ?) ਕਿਸਾਨੀ ਦੇ ਹਿੱਤ ਭਾਰੂ ਹਨ । ਇਕ ਪਾਸੇ ਤਾਂ ਕਿਸਾਨ ਸਭਾ ਦਾ ਆਪਣਾ ਜਮਾਤੀ ਆਧਾਰ ਪਰੋਲਤਾਰੀ ਸਿਆਸਤ ਦਾ ਨਹੀਂ (ਵੈਸੇ ਇਹ ਮਸਲਾ ਇਕ ਵਖਰੀ ਬਹਿਸ ਦਾ ਵਿਸ਼ਾ ਹੋ ਸਕਦਾ ਹੈ), ਅਤੇ ਦੂਜੇ ਪਾਸੇ ਖੇਤ ਮਜ਼ਦੂਰ ਸਭਾ ਨੇ ਜਦ ਵੀ ਕਿਸਾਨੀ ਦੇ ਅਹਿਮ ਮਸਲਿਆਂ 'ਤੇ ਪੈਂਤੜਾ ਮਲਿਆ ਤਾਂ ਉਹ ਵੀ ਪਰੋਲਤਾਰੀ ਪੈਂਤੜਾ ਨਹੀਂ ਸੀ । ਕਿਉਂਕਿ ਇਹ ਮੰਨ ਕੇ ਕਿ "ਸਰਮਾਏਦਾਰ ਖੇਤੀਬਾੜੀ ਸਾਡੇ ਖੇਤੀਬਾੜੀ ਦੇ ਅਰਥਚਾਰੇ ਵਿਚ ਇਕ ਆਗੂ ਹੈਸੀਅਤ ਰਖਦੀ ਹੈ" (12), ਪੰਜਾਬ ਖੇਤ ਮਜ਼ਦੂਰ ਸਭਾ "ਖੇਤ ਮਜ਼ਦੂਰ ਤੇ ਕਿਸਾਨ ਏਕੇ ਦਾ

ਆਰਥਕ ਆਧਾਰ'' (17) ਮਜ਼ਬੂਤ ਕਰਨ ਦੀ ਇੱਛਾ ਨਾਲ ਸਮੁੱਚੀ ਕਿਸਾਨੀ ਦੀਆਂ ਅਹਿਮ ਆਰਥਕ ਮੰਗਾਂ ਦਾ ਸਮਰਥਨ ਕਰਦੀ ਹੈ ਤਾਂ ਜੋ ਕਿਸਾਨਾਂ ਦੀ ਆਮਦਨੀ ਵਧੇ, ਕਿਸਾਨ ਸਰਕਾਰ ਤੋਂ, ਸਰਮਾਏਦਾਰ ਮੰਡੀ 'ਚੋਂ ਜ਼ਿਆਦਾ ਮੁਨਾਫ਼ੇ ਹਾਸਲ ਕਰ ਸਕਨ ਤੇ ਬਦਲੇ ਵਿਚ ਖੇਤ ਮਜ਼ਦੂਰਾਂ ਦੀ ਆਰਥਕ ਲੁੱਟ-ਖਸੁਟ ਘਟ ਕਰਨ, ਉਹਨਾਂ ਨੂੰ ਚੰਗੀਆਂ ਉਜਰਤਾਂ ਦੇਣ ਦੇ ਕਾਬਲ ਹੋਣ। (ਇਸੇ ਪੈਂਤੜੇ ਤੋਂ ਸਨਅਤੀ ਮਜ਼ਦੂਰਾਂ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਕੋਸ਼ਿਸ਼ਾਂ ਕਰਨ ਕਿ ਸਨਅਤੀ ਸਰਮਾਏਦਾਰਾਂ ਦਾ ਸਰਮਾਇਆ ਵਧੇ ਤੇ ਫਿਰ ਉਹਨਾਂ ਨੂੰ ਆਪਣੀ ਵੇਚੀ ਕਿਰਤ-ਸ਼ਕਤੀ ਦਾ ਚੰਗਾ ਮੁਆਵਜ਼ਾ ਮਿਲੇ !) ਜੋ ਖੇਤ ਮਜ਼ਦੂਰ ਆਪਣੀ ਕਿਰਤ ਸ਼ਕਤੀ ਕਿਸਾਨ ਨੂੰ ਵੇਚ ਕੇ ਜੀਊਂਦਾ ਹੈ ਉਹ ਲੁਟਿਆ ਵੀ ਮੁਖ ਰੂਪ ਵਿਚ ਉਸ ਕਿਸਾਨ ਦੁਆਰਾ ਹੀ ਜਾਂਦਾ ਹੈ। ਪਰ ਸਭਾ ਨੂੰ ਤਾਂ ਖੇਤ ਮਜ਼ਦੂਰ ਤੇ ਕਿਸਾਨ ਏਕੇ ਦਾ ਫ਼ਿਕਰ ਹੈ ਕਿ ਇਹ ਬਣੇ ਅਤੇ ਟੁੱਟੇ ਨਾ !!

ਪਰ ਇਹ ਗਲ ਜ਼ਰੂਰ ਹੈ ਕਿ ਪੰਜਾਬ ਖੇਤ ਮਜ਼ਦੂਰ ਸਭਾ ਵਲੋਂ ਉਠਾਈਆਂ ਜਾਂਦੀਆਂ ਮੰਗਾਂ ਤੇ ਇਸ ਬਾਰੇ ਕੀਤੀਆਂ ਕੋਸ਼ਿਸ਼ਾਂ, ਕਾਰਵਾਈਆਂ ਤੋਂ ਪੰਜਾਹਵਿਆਂ ਤੋਂ ਅਸੀਵਿਆਂ ਤਕ ਦੇ ਪੇਂਡੂ ਪੰਜਾਬ ਦੇ ਆਰਥਕ ਤੇ ਸਮਾਜਕ ਢਾਂਚੇ ਬਾਰੇ ਕਾਫੀ ਜਾਣਕਾਰੀ ਮਿਲਦੀ ਹੈ। ਖੇਤ ਮਜ਼ਦੂਰ ਜਮਾਤ ਦੇ ਕਿਸਾਨੀ ਪ੍ਰਤੀ ਤੇ ਸਰਕਾਰ ਪ੍ਰਤੀ ਉਸ ਰਵੱਈਏ ਦਾ ਪਤਾ ਲਗਦਾ ਹੈ ਜੋ ਖੇਤ-ਮਜ਼ਦੂਰ ਸਭਾ ਰਾਹੀਂ ਉਭਰਿਆ ਤੇ ਬਣਿਆ। ਇਸ ਤੋਂ ਇਲਾਵਾ ਇਸ ਮਜ਼ਦੂਰ ਜਮਾਤ ਦੀ ਪੇਂਡੂ ਪੰਜਾਬ ਦੇ ਸਮਾਜ ਵਿਚ ਸਥਿਤੀ ਬਾਰੇ ਵੀ ਸਮਝ ਬਣਦੀ ਹੈ। ਸੰਖੇਪ ਵਿਚ ਇਹ ਇਉਂ ਹੈ :

(1) ਪੰਜਾਬ ਵਿਚ ਖੇਤ ਮਜ਼ਦੂਰ ਮੁਖ ਤੌਰ 'ਤੇ ਹਰੀਜਨ, ਅਨੁਸੂਚਿਤ ਤੇ ਪੱਛੜੇ ਵਰਗਾਂ ਵਿਚੋਂ ਹਨ ਅਤੇ ਪੰਜਾਬ ਦੇ ਪੇਂਡੂ ਸਮਾਜ ਵਿਚ ਉਹ ਸਭ ਤੋਂ ਹੇਠਲੀ ਪੱਧਰ 'ਤੇ ਆਉਂਦੇ ਹਨ। ਪਿਛਲੇ ਤਿੰਨ ਦਹਾਕਿਆਂ ਦੇ ਆਰਥਕ-ਸਮਾਜਕ ਵਿਕਾਸ ਨਾਲ ਖੇਤ ਮਜ਼ਦੂਰਾਂ ਦੀ, ਛੋਟੇ ਕਿਸਾਨਾਂ ਦੀ ਤਰ੍ਹਾਂ, ਗਿਣਤੀ ਵੀ ਵਧੀ ਹੈ ਅਤੇ ਇਕ ਜਮਾਤ ਦੇ ਤੌਰ 'ਤੇ ਅਲਗ ਨਿਖੜਵੀਂ ਹੋਂਦ ਵੀ। ਉਹ ਮੁਖ ਤੌਰ 'ਤੇ ਆਪਣੀ ਕਿਰਤ-ਸ਼ਕਤੀ ਹੀ ਵੇਚਦੇ ਹਨ।

(2) ਖੇਤ ਮਜ਼ਦੂਰ ਆਰਥਕ ਲੁਟ-ਖਸੁਟ, ਸਮਾਜਕ ਜਬਰ, ਰਾਜਸੀ ਵਿਤਕਰੇ ਤੇ ਅਣਗਿਹਲੀ ਅਤੇ ਪ੍ਰਸ਼ਾਸਨ ਦੀਆਂ ਜਮਾਤੀ ਪੱਖ-ਪਾਤ ਵਾਲੀਆਂ ਨੀਤੀਆਂ ਤੇ ਕਾਰਵਾਈਆਂ ਦਾ ਸ਼ਿਕਾਰ ਹਨ। ਇਸ ਤੋਂ ਇਲਾਵਾ ਸਮੁੱਚੀ ਆਰਥਕਤਾ ਅਤੇ ਖਾਸ ਕਰ ਖੇਤੀ ਅਰਥਚਾਰੇ ਵਿਚ ਹੋ ਰਹੇ ਸਰਮਾਏਦਾਰ ਵਿਕਾਸ ਦੀਆਂ ਵਿਰੋਧਤਾਈਆਂ ਤੇ ਉਭਰੀਆਂ ਮੁਸ਼ਕਲਾਂ ਦਾ ਹੋਰਨਾਂ ਸਭ ਜਮਾਤਾਂ ਦੇ ਮੁਕਾਬਲੇ ਵਿਚ ਖੇਤ ਮਜ਼ਦੂਰ ਜਮਾਤ 'ਤੇ ਵਧ ਅਸਰ ਪੈ ਰਿਹਾ ਹੈ। ਇਸੇ ਲਈ ਉਹਨਾਂ ਦੀ ਆਰਥਕ ਹਾਲਤ ਵਿਚ ਸੁਧਾਰ ਨਹੀਂ ਹੋ ਰਿਹਾ।

(3) ਖੇਤ ਮਜ਼ਦੂਰਾਂ ਦੀਆਂ ਕੁਝ ਕੁ ਹੀ ਜਮਾਤੀ ਮੰਗਾਂ ਸਮੁੱਚੀ ਕਿਸਾਨਾਂ ਦੀਆਂ ਮੰਗਾਂ ਨਾਲ ਸਾਂਝੀਆਂ ਹਨ, ਬਹੁਤੀਆਂ ਵਖਰੀਆਂ ਹੀ ਨਹੀਂ ਸਗੋਂ ਇਹ ਕਿਸਾਨੀ ਦੀ ਅਮੀਰ ਜਮਾਤ ਦੇ ਹਿੱਤਾਂ ਦੇ ਉਲਟ ਵੀ ਹਨ। ਖੇਤ ਮਜ਼ਦੂਰ ਜਮਾਤ ਪਾਸ ਪੈਦਾਵਾਰ ਦੇ ਸਾਧਨਾਂ ਦੀ ਅਣਹੋਂਦ ਹੈ, ਇਸ ਲਈ ਕਿਰਤ-ਸ਼ਕਤੀ ਵੇਚ ਕੇ ਉਜਰਤਾਂ ਰਾਹੀਂ ਕਮਾਈ ਹੀ ਜੀਵਨ-ਨਿਰਬਾਹ ਦਾ ਮੁੱਖ ਸਾਧਨ ਹੈ। ਖੇਤ ਮਜ਼ਦੂਰਾਂ ਨੂੰ ਗੈਰ-ਖੇਤੀ ਕਿੱਤਿਆਂ ਵਿਚ ਜ਼ਿਆਦਾ ਕੰਮ ਮਿਲਿਆ ਨਹੀਂ ਅਤੇ ਪੰਜਾਬ ਵਿਚ ਘਟ ਉਦਯੋਗੀਕਰਨ ਹੋਣ ਕਰਕੇ ਇਸ ਦੀ ਸੰਭਾਵਨਾ ਵੀ ਘਟ ਹੈ। ਸੋ ਖੇਤੀ 'ਚ ਹੀ ਪਿੰਡਾਂ ਦੇ ਸਰਦੇ-ਪੁਜਦੇ ਕਿਸਾਨਾਂ ਨੂੰ ਆਪਣੀ ਕਿਰਤ-ਸ਼ਕਤੀ, ਘਟ ਜਾਂ ਵਧ ਰੇਟ ਉਪਰ, ਥੋੜੇ ਜਾਂ ਬਹੁਤੇ ਸਮੇਂ ਦੇ ਅਹਿਦ 'ਤੇ ਵੇਚਣਾ ਹੀ ਇਕ ਖੇਤ ਮਜ਼ਦੂਰ ਦਾ ਮੁੱਖ ਕਿੱਤਾ ਹੈ।

(4) ਸਰਕਾਰ ਦੇ ਭੂਮੀ ਸੁਧਾਰ ਕਾਨੂੰਨਾਂ ਵਿਚ ਅਮੀਰ ਕਿਸਾਨੀ ਦੇ ਹੱਕ ਵਿਚ ਅਨੇਕਾਂ ਮਘੋਰੇ ਰੱਖੇ ਗਏ। ਇਹਨਾਂ ਕਾਨੂੰਨਾਂ ਦੇ ਨੁਕਸਾਂ ਨੂੰ ਦੂਰ ਨਾ ਕੀਤਾ ਗਿਆ ਅਤੇ ਪੇਂਡੂ-ਗਰੀਬਾਂ ਦੇ ਹਿੱਤ ਵਿਚ ਇਹਨਾਂ 'ਤੇ ਅਮਲ ਨਾ ਹੋਇਆ, ਨਾ ਹੀ ਸੰਭਵ ਹੱਦ ਤਕ ਵਾਧੂ ਜ਼ਮੀਨ ਕਢਵਾਈ ਗਈ ਅਤੇ ਨਾ ਹੀ ਖੇਤ ਮਜ਼ਦੂਰਾਂ ਜਾਂ ਗਰੀਬ ਹਲ ਵਾਹਕਾਂ ਵਿਚ ਇਹ ਵੰਡੀ ਗਈ। ਖੇਤ ਮਜ਼ਦੂਰਾਂ ਦੀਆਂ ਘੱਟੋ ਘੱਟ ਉਜਰਤਾਂ ਦੇ ਕਾਨੂੰਨ ਬੇਸ਼ਕ ਬਣੇ ਪਰ ਇਹ ਲਾਗੂ ਕਰਵਾਉਣ ਲਈ ਕੋਈ ਅਸਰਦਾਇਕ ਮਸ਼ੀਨਰੀ ਦੀ ਅਣਹੋਂਦ ਕਾਰਨ ਚੰਗੀਆਂ ਉਜਰਤਾਂ ਹਾਸਲ ਕਰਨ ਲਈ ਇਕੋ ਇਕ ਸਾਧਨ ਹੈ ਖੇਤ ਮਜ਼ਦੂਰਾਂ ਦਾ ਇਸ ਲਈ ਜਮਾਤੀ ਸੰਘਰਸ਼।

(5) ਖੇਤ ਮਜ਼ਦੂਰ ਜਮਾਤ ਦੀ ਆਰਥਕ ਬੇਹਤਰੀ ਲਈ ਅਤੇ ਸਮਾਜਕ ਭਲਾਈ ਲਈ ਦੋਹਾਂ ਤਰੀਕਿਆਂ, (ੳ) ਇਸ ਜਮਾਤ ਦੇ ਆਪਣੇ ਸੰਘਰਸ਼ ਅਤੇ (ਅ) ਸਰਕਾਰ ਦੀਆਂ ਪਾਲਸੀਆਂ ਤੇ ਕਾਰਵਾਈਆਂ 'ਤੇ ਟੇਕ ਦਾ ਸਹਾਰਾ ਪੰਜਾਬ ਖੇਤ ਮਜ਼ਦੂਰ ਸਭਾ ਨੇ ਲਿਆ। ਪਰ ਭਾਰੂ ਤਰੀਕਾ ਸਰਕਾਰ ਦੀਆਂ ਪਾਲਸੀਆਂ, ਕਾਰਵਾਈਆਂ 'ਤੇ ਟੇਕ ਅਤੇ ਖੇਤ ਮਜ਼ਦੂਰ ਪੱਖੀ ਪ੍ਰੋਗਰਾਮ ਨੂੰ ਚਾਲੂ ਕਰਵਾਉਣ ਤੇ ਇਹਨਾਂ 'ਤੇ ਅਮਲ ਕਰਵਾਉਣ ਲਈ ਸਰਕਾਰ ਉਪਰ ਜ਼ੋਰ ਦੇਣ ਦਾ ਹੀ ਰਿਹਾ। ਰਾਜ ਜਾਂ ਕੇਂਦਰੀ ਸਰਕਾਰ ਤੋਂ ਖੇਤ ਮਜ਼ਦੂਰਾਂ ਦੀ ਭਲਾਈ ਲਈ ਕੁਝ ਨਾ ਕੁਝ ਕਰਨ ਜਾ ਕਰਵਾ ਸਕਣ ਦਾ ਪੰਜਾਬ ਖੇਤ ਮਜ਼ਦੂਰ ਸਭਾ ਦਾ ਭਰੋਸਾ ਪਿਛਲੇ 25 ਸਾਲਾਂ ਵਿਚ ਟੁਟਿਆ ਜਾਂ ਥਿੜਕਿਆ ਨਹੀਂ। ਖੇਤ ਮਜ਼ਦੂਰ ਆਪਣੀ ਕਿਰਤ-ਸ਼ਕਤੀ ਵੇਚਦੇ ਹਨ ਕਿਸਾਨੀ ਦੀਆਂ ਉਪਰਲੀਆਂ ਜਮਾਤਾਂ ਨੂੰ, ਪਰ ਇਸ ਵਿਚ ਵੀ, ਅਤੇ ਹੋਰ ਅਜਿਹੇ ਪੱਖਾਂ ਤੋਂ ਵੀ, ਸਭਾ ਰਾਹੀਂ ਸਰਕਾਰ ਦੀ ਵਿਚੋਲਗੀ ਦੀ ਮੰਗ ਕੀਤੀ ਜਾਂਦੀ ਰਹੀ ਹੈ। ਪੰਜਾਬ ਦੀ ਖੇਤੀ ਵਿਚ ਸਰਮਾਏਦਾਰ ਪੈਦਾਵਾਰੀ ਰਿਸ਼ਤਿਆਂ ਦੀ ਚੜ੍ਹਤ ਹੈ। ਕਿਸਾਨੀ ਵੱਖ ਵੱਖ ਜਮਾਤਾਂ 'ਚ ਵੰਡੀ ਜਾ ਰਹੀ ਹੈ। ਇਹਨਾਂ ਵਿਚੋਂ ਕੁਝ ਜਮਾਤਾਂ ਦੇ ਹਿੱਤ 'ਚ ਕਿਸਾਨ ਸਭਾ ਨੇ ਪੈਂਤੜਾ ਘੜਿਆ ਹੈ। ਖੇਤ ਮਜ਼ਦੂਰ (ਪੰਜਾਬ ਖੇਤ ਮਜ਼ਦੂਰ ਸਭਾ ਰਾਹੀਂ) ਆਪਣੀਆਂ ਮੰਗਾਂ ਲਈ ਇਹਨਾਂ ਕਿਸਾਨੀ ਜਮਾਤਾਂ ਦਾ (ਪੰਜਾਬ ਕਿਸਾਨ ਸਭਾ ਰਾਹੀਂ) ਸਹਿਯੋਗ ਹਾਸਲ ਕਰਦੇ ਹਨ ਅਤੇ ਬਦਲੇ ਵਿਚ ਇਸ ਸਭਾ ਰਾਹੀਂ ਇਹਨਾਂ ਕਿਸਾਨੀ ਜਮਾਤਾਂ ਦੀਆਂ ਮੰਗਾਂ ਨੂੰ ਸਰਗਰਮ ਸਮਰਥਨ ਦਿੰਦੇ ਹਨ।

ਸਾਡੇ ਸੁਆਲ : (1) ਜੇ ਸਰਮਾਏਦਾਰ ਰਿਸ਼ਤਿਆਂ ਦਾ ਪੰਜਾਬ ਦੇ ਅਰਥਚਾਰੇ ਵਿਚ ਵਿਕਾਸ ਹੋ ਰਿਹਾ ਹੈ ਤਾਂ ਕੀ ਇਹ ਜ਼ਰੂਰੀ ਹੈ ਕਿ ਖੇਤ ਮਜ਼ਦੂਰਾਂ ਨੂੰ ਥੋੜੀਆਂ-ਬਹੁਤ ਜ਼ਮੀਨਾਂ ਦੁਵਾ ਕੇ ਛੋਟੇ ਕਿਸਾਨ ਬਣਾ ਦੇਣ ਦੀ ਕੋਸ਼ਿਸ਼ 'ਚ ਉਹਨਾਂ ਨੂੰ ਪਰੋਲਤਾਰੀ ਰੁਤਬੇ ਤੋਂ ਛੋਟੇ ਗਰੀਬ ਕਿਸਾਨ, ਜਿਨ੍ਹਾਂ ਦੀ ਸਰਮਾਏਦਾਰ ਆਰਥਕਤਾ ਵਿਚ ਹਾਲਤ ਹਮੇਸ਼ਾਂ ਨਿਘਰਦੀ ਹੀ ਜਾਂਦੀ ਹੈ, ਬਣਾ ਦਿਤਾ ਜਾਵੇ ? ਕੀ ਜ਼ਮੀਨ ਨਾਲ ਬੱਝੇ ਖੇਤ ਮਜ਼ਦੂਰ ਪੈਦਾ ਕਰਨਾ ਜ਼ਰੂਰੀ ਹੈ ? ਕੀ ਸਰਮਾਏਦਾਰ ਖੇਤੀ 'ਚ ਪੇਂਡੂ-ਗਰੀਬਾਂ ਦੀ 'ਜ਼ਮੀਨ ਦੀ ਭੁੱਖ' ਨੂੰ ਪੱਠੇ ਪਾਉਣੇ ਠੀਕ ਹਨ ?

(2) ਖੇਤ ਮਜ਼ਦੂਰਾਂ ਦਾ ਮੁਖ ਵਿਰੋਧ ਸਰਕਾਰ ਦੀਆਂ ਪਾਲਸੀਆਂ ਨਾਲ ਹੈ ਜਾਂ ਉਹਨਾਂ ਦੀ ਕਿਰਤ-ਸ਼ਕਤੀ ਖਰੀਦਦੇ ਕਿਸਾਨਾਂ ਨਾਲ ? ਜੇ ਮੁਖ ਵਿਰੋਧ ਸਰਕਾਰ ਨਾਲ ਹੈ ਤਾਂ ਕੀ ਇਹ ਜ਼ਰੂਰੀ ਹੈ ਕਿ ਸਮੁੱਚੀ ਕਿਸਾਨੀ ਨੂੰ ਉਹਨਾਂ ਦੀਆਂ ਮੰਗਾਂ ਵਿਚ ਸਹਿਯੋਗ ਦਿਤਾ ਜਾਵੇ ਅਤੇ ਬਦਲੇ ਵਿਚ ਸਰਕਾਰ ਵਿਰੁਧ ਆਪਣੇ ਸੰਘਰਸ਼ ਵਿਚ ਉਹਨਾਂ ਦੇ ਸਹਿਯੋਗ 'ਤੇ ਟੇਕ ਰਖੀ ਜਾਵੇ ? ਜੇ ਇਹ ਮੁਖ ਵਿਰੋਧ ਖੇਤ ਮਜ਼ਦੂਰਾਂ ਦੀ ਕਿਰਤ ਸ਼ਕਤੀ ਖਰੀਦਦੇ ਕਿਸਾਨਾਂ ਨਾਲ ਹੈ ਤਾਂ ਕੀ ਇਹ ਜ਼ਰੂਰੀ ਹੈ

ਕਿ ਸਰਮਾਏਦਾਰ ਸਰਕਾਰ ਦੀ ਇਸ ਵਿਚ ਵਿਚੋਲਗੀ 'ਤੇ ਟੇਕ ਰਖੀ ਜਾਵੇ ?

(3) ਜੇ ਪੰਜਾਬ ਵਿਚ ਸਰਮਾਏਦਾਰ ਢੰਗ ਦੀ ਖੇਤੀ ਭਾਰੂ ਹੋ ਰਹੀ ਹੈ ਤਾਂ ਇਸ ਦੀ ਪੈਦਾਵਾਰ ਦੇ ਰਿਸ਼ਤਿਆਂ ਦਾ ਆਧਾਰ ਕਿਸਾਨੀ ਵਿਚ ਉਭਰੀਆਂ ਵੱਖ-ਵੱਖ ਜਮਾਤਾਂ 'ਚ ਕਿਵੇਂ ਬਣ ਰਿਹਾ ਹੈ ? ਕਿਸਾਨੀ ਦੀਆਂ ਇਹਨਾਂ ਜਮਾਤਾਂ ਦੇ ਆਪਸੀ ਸਬੰਧਾਂ ਅਤੇ ਖੇਤ ਮਜ਼ਦੂਰਾਂ ਤੇ ਇਹਨਾਂ ਕਿਸਾਨ ਜਮਾਤਾਂ ਦੇ ਸਬੰਧਾਂ ਦਾ ਆਧਾਰ ਕੀ ਖੇਤੀ ਦੀ ਪੈਦਾਵਾਰ ਦੇ ਅਮਲ ਵਿਚ ਹੈ ਜਾਂ ਖੇਤੀ ਦੀਆਂ ਜਿਨਸਾਂ ਦੇ ਮੰਡੀ ਵਿਚ ਵਿਕਰੀ ਦੇ ਦੌਰ ਦੇ ਅਮਲ ਵਿਚ ਜਾਂ ਦੋਹਾਂ ਵਿਚ ਹੀ ? ਅਤੇ ਕਿਉਂ ਤੇ ਕਿਵੇਂ ? ਕੀ 'ਸਫ਼ਲਤਾ ਦੀ ਕੁੰਜੀ' ਖੇਤ ਮਜ਼ਦੂਰ ਤੇ ਕਿਸਾਨ (ਕਿਹੜੇ ? ਦਾ ਏਕਾ ਹੈ ਜਾਂ ਵਿਰੋਧਤਾਈ ?

(4) ਕੀ ਖੇਤ ਮਜ਼ਦੂਰਾਂ ਦੇ ਸਮੁੱਚੇ ਸਮਾਜ ਨਾਲ, ਇਸ ਦੀਆਂ ਵੱਖ-ਵੱਖ ਜਮਾਤਾਂ ਤੇ ਖਾਸ ਕਰ ਖੇਤੀ ਦੇ ਖੇਤਰ ਵਿਚ ਜਮਾਤਾਂ ਨਾਲ ਜਮਾਤੀ ਸਬੰਧਾਂ ਦਾ ਆਧਾਰ ਉਹਨਾਂ ਦੀਆਂ ਆਰਥਕ ਲੋੜਾਂ ਜਾਂ ਸਮਾਜਕ-ਸਿਆਸੀ ਮੰਗਾਂ ਵਿਚੋਂ ਬਣਦਾ ਹੈ ? ਜੇ ਆਰਥਕ ਪੱਖ ਅਹਿਮ ਹੈ, ਤੇ ਹੋਰ ਪੱਖਾਂ ਦੀਆਂ ਮੰਗਾਂ ਇਸ ਨਾਲ ਹੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੁੜੀਆਂ ਹੋਈਆਂ ਹਨ, ਤਾਂ ਫਿਰ ਪੰਜਾਬ ਦੀ ਸਰਮਾਏਦਾਰ ਖੇਤੀ ਤੇ ਇਸ 'ਤੇ ਆਧਾਰਤ ਪੇਂਡੂ ਸਮਾਜ ਵਿਚ ਖੇਤ ਮਜ਼ਦੂਰਾਂ ਦੀ ਸਭ ਤੋਂ ਅਹਿਮ ਮੰਗ ਕੀ ਹੈ ? ਵੇਚੀ ਕਿਰਤ-ਸ਼ਕਤੀ ਲਈ ਉਜਰਤ ਜਾਂ ਜ਼ਮੀਨ ਦੀ ਛੋਟੀ-ਮੋਟੀ ਮਾਲਕੀ ਜਾਂ ਦੋਵੇਂ ਹੀ ? ਕੀ ਖੇਤ ਮਜ਼ਦੂਰਾਂ ਦੇ ਹੋਰਨਾਂ ਜਮਾਤਾਂ ਨਾਲ ਵਿਤਕਰੇ ਤੇ ਸਾਂਝ ਦਾ ਮੂਲ ਕਿਸੇ ਇਕ ਤੋਂ ਵਧ ਮੁਖ ਜਾਂ ਇਕ ਹੀ ਅਹਿਮ ਵਿਰੋਧਤਾਈ 'ਚੋਂ ਨਹੀਂ ਲਭਿਆ ਜਾ ਸਕਦਾ ?

(5) ਖੇਤੀ ਵਿਚ ਸਰਮਾਏਦਾਰ ਪੈਦਾਵਾਰ ਕਿਵੇਂ ਹੋਂਦ ਵਿਚ ਆਉਂਦੀ ਹੈ ? ਇਸ ਬਾਰੇ ਇਤਿਹਾਸਕ ਤੌਰ 'ਤੇ ਕੀ ਸਮਝ ਹੈ ਅਤੇ ਪੰਜਾਬ ਦੇ ਖਾਸ ਸਮਾਜਕ ਹਾਲਾਤਾਂ ਵਿਚ ਇਸ ਨੂੰ ਕਿਵੇਂ ਸਮਝਿਆ ਜਾਵੇ ?

ਖੇਤ ਮਜ਼ਦੂਰ ਜਮਾਤ ਦੇ ਜਮਾਤੀ ਸੰਘਰਸ਼ ਨੂੰ ਤੇਜ਼ ਕਰਨ, ਇਸ ਜਮਾਤ 'ਚ ਪਰੋਲਤਾਰੀ ਸਿਆਸਤ ਦੇ ਪੈਂਤੜੇ ਨੂੰ ਉਸਾਰਨ ਤੇ ਮਜ਼ਬੂਤ ਕਰਨ ਲਈ ਇਹਨਾਂ ਸੁਵਾਲਾਂ ਬਾਰੇ ਸਮਝ ਬਣਾਉਣੀ ਜ਼ਰੂਰੀ ਹੈ। ਅਸੀਂ ਇਹ ਸਮਝਦੇ ਹਾਂ ਕਿ ਮਾਸਟਰ ਹਰੀ ਸਿੰਘ ਹੁਰਾਂ ਦੀ ਇਹ ਇਕ ਅਹਿਮ ਦੇਣ ਹੋਵੇਗੀ ਜੇ ਉਹ, ਭਾਰਤ ਅਤੇ ਪੰਜਾਬ ਵਿਚ ਹੋ ਰਹੇ ਸਰਮਾਏਦਾਰ ਆਰਥਕ-ਸਮਾਜਕ ਵਿਕਾਸ ਦੇ ਪ੍ਰਸੰਗ ਵਿਚ, ਪੰਜਾਬ ਦੀ ਪੇਂਡੂ ਆਰਥਕਤਾ ਬਾਰੇ, ਇਸ ਦੀਆਂ ਜਮਾਤਾਂ 'ਤੇ ਇਹਨਾਂ ਜਮਾਤਾਂ ਦੀਆਂ ਆਪਸੀ ਸਾਝਾਂ ਤੇ ਵਿਰੋਧਤਾਈਆਂ ਬਾਰੇ, ਆਪਣਾ ਨਜ਼ਰੀਆ (ਇਕ ਕਿਤਾਬ ਦੀ ਸ਼ਕਲ ਵਿਚ ਜਾਂ ਸੇਧ ਦੇ ਅੰਕਾਂ ਵਿਚ) ਪੇਸ਼ ਕਰਨ। ਮਾਸਟਰ ਜੀ ਇਹ ਕਰ ਸਕਣ ਦੀ ਪੁਜ਼ੀਸ਼ਨ 'ਚ ਹਨ ਕਿਉਂਕਿ ਉਹਨਾਂ ਪਾਸ ਸਿਧਾਂਤਕ ਸਮਝ ਤੋਂ ਇਲਾਵਾ ਸਿਆਸੀ ਜ਼ਿੰਦਗੀ ਦੇ ਅਮਲ ਦਾ ਲੰਮਾ ਤਜਰਬਾ ਵੀ ਹੈ।

ਅੰਤ ਵਿਚ ਅਸੀਂ ਇਹ ਕਹਿਣਾ ਜ਼ਰੂਰੀ ਸਮਝਦੇ ਹਾਂ ਕਿ ਸਾਡਾ (ਜਾਂ ਹੋਰਨਾਂ ਦਾ) ਮਾਸਟਰ ਜੀ ਵਲੋਂ ਪੇਸ਼ ਕੀਤੇ ਵਿਚਾਰਾਂ ਨਾਲ ਘਟ ਜਾਂ ਵਧ ਮਤ ਭੇਦ ਤਾਂ ਹੋ ਸਕਦਾ ਹੈ, ਪਰ ਸਾਨੂੰ ਉਹਨਾਂ ਦੀ ਪੰਜਾਬ ਦੇ ਖੇਤ ਮਜ਼ਦੂਰਾਂ ਬਾਰੇ ਲਿਖੀ ਇਸ ਕਿਤਾਬ ਦੀ ਇਤਿਹਾਸਕ ਮਹੱਤਤਾ ਬਾਰੇ ਕੋਈ ਸ਼ਕ ਨਹੀਂ ਹੈ। ਪੰਜਾਬ ਦੀ ਅਗਾਂਹ-ਵਧੂ ਲਹਿਰ ਵਿਚ ਉਹਨਾਂ ਦੀ ਅਹਿਮ ਥਾਂ ਹੈ ਤੇ ਉਹ ਅਨੇਕਾਂ ਸੰਘਰਸ਼ਾਂ ਦੇ ਘੁਲਾਟੀਏ ਹਨ। ਉਹਨਾਂ ਨੇ ਇਹ ਕਿਤਾਬ ਲਿਖ ਕਿ ਜੋ ਸ਼ੁਰੂਆਤ ਕੀਤੀ ਹੈ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਖੱਬੇ-ਪੱਖੀ ਲਹਿਰ 'ਚ ਸਰਗਰਮ ਹੋਰ ਨੇਤਾਂ ਤੇ ਕਾਰਕੁਨ ਵੀ ਆਪਣੇ ਅਮਲੀ ਸੰਘਰਸ਼ ਦੇ ਨਾਲ ਨਾਲ ਆਪਣੀ ਸਮਝ ਨੂੰ ਕਲਮਬੰਦ ਕਰਨ ਦੀ ਇਸ ਪਿਰਤ 'ਤੇ ਚਲਣ। (ਖਤਮ)

ਸੰਰਚਨਾਵਾਦ : ਜਨਮ ਤੇ ਵਿਕਾਸ

ਭੁਪਿੰਦਰ ਸਿੰਘ ਖਹਿਰਾ

ਪੰਜਾਬੀ ਸਭਿਆਚਾਰ ਦੀ ਮੁਢਲੀ ਜੁਗਤ ਉਲੀਕਣ ਦਾ ਮਸਲਾ ਬਹੁਤ ਗੰਭੀਰ ਹੈ। ਪਹਿਲੀ ਗਲ ਤਾਂ ਇਹ ਕਿ ਪੰਜਾਬੀ ਸਭਿਆਚਾਰ ਦੀ ਮੁਢਲੀ ਜੁਗਤ ਦਾ ਸਵਾਲ ਹੀ ਕਿਉਂ ਉਠਦਾ ਹੈ। ਕੀ ਪੰਜਾਬੀ ਸਭਿਆਚਾਰ ਹੀ ਨਹੀਂ ਜਾਂ ਇਸ ਦੀ ਮੁਢਲੀ ਜੁਗਤ ਹੀ ਲਾਪਤਾ ਹੈ। ਪਰ ਤੱਥ ਇਹ ਹੈ ਕਿ ਪੰਜਾਬੀ ਸਭਿਆਚਾਰ ਵੀ ਹੈ ਅਤੇ ਇਸਦੀ ਮੁਢਲੀ ਜੁਗਤ ਵੀ। ਜਿਸ ਤਰ੍ਹਾਂ ਅਸੀਂ ਸਾਹਿਤ ਨੂੰ ਪੜ੍ਹਦੇ ਹਾਂ, ਪ੍ਰਚਾਰਦੇ ਹਾਂ ਅਤੇ ਉਸਦਾ ਅਨੰਦ ਮਾਣਦੇ ਹਾਂ ਪਰ ਫਿਰ ਵੀ ਉਸਦੀ ਆਲੋਚਨਾ ਜ਼ਰੂਰੀ ਹੈ। ਇਹ ਆਲੋਚਨਾ ਇਸ ਕਰ ਕੇ ਜ਼ਰੂਰੀ ਨਹੀਂ ਕਿ ਸਾਹਿਤ ਨੂੰ ਨਿੰਦਣ ਜਾਂ ਸਲਾਹੁਣ ਦਾ ਮਸਲਾ ਬਹੁਤ ਗੰਭੀਰ ਹੈ ਸਗੋਂ ਇਸ ਕਰਕੇ ਜ਼ਰੂਰੀ ਹੈ ਕਿ ਸਾਹਿਤ ਦੇ ਪਿਛੇ ਅਪ੍ਰਤੱਖ ਬੋਧ ਨੂੰ ਪ੍ਰਤੱਖ ਬਣਾ ਸਕੀਏ, ਤਾਕਿ ਸਿਰਜੇ ਜਾ ਰਹੇ ਸਾਹਿਤ ਵਿਚਲੀਆਂ ਊਣਤਾਈਆਂ, ਅਸਪਸ਼ਟਤਾਈਆਂ ਅਤੇ ਭੰਬਲਭੂਸਿਅ ਦਾ ਨਿਖੇਧ ਹੋ ਸਕੇ; ਮਨੁੱਖ-ਵਿਰੋਧੀ ਕਦਰਾਂ ਕੀਮਤਾਂ ਦਾ ਸਾਹਿਤ ਰਾਹੀਂ ਪ੍ਰਸਾਰ ਰੋਕਿਆ ਜਾ ਸਕੇ। ਹਰ ਕੌਮ ਦਾ ਸਭਿਆਚਾਰ ਉਸ ਕੌਮ ਦੇ ਸਿਰਜੇ ਜਾ ਰਹੇ ਸਾਹਿਤ ਦਾ ਜਨਮ-ਭੂਮੀ ਹੁੰਦਾ ਹੈ। ਸਾਹਿਤ-ਬੋਧ ਸੰਚਾਰ ਦਾ ਮਹੱਤਵਪੂਰਨ ਅੰਗ ਹੈ। ਇਸ ਲਈ ਸਭਿਆਚਾਰ ਦੀ ਮਢਲੀ ਜੁਗਤ ਨੂੰ ਸਮਝਣਾ ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਸਾਹਿਤ ਦੇ ਵਸੀਲਿਆਂ ਦੇ ਪਿਛੇ ਲੁਕੇ ਬੋਧ ਨੂੰ ਪ੍ਰਤੱਖ ਬਣਾਇਆ ਜਾ ਸਕੇ; ਸਭਿਆਚਾਰਕ ਪਰਿਵਰਤਨ ਰਾਹੀਂ ਸਭਿਆਚਾਰਕ ਅਸਪੱਸ਼ਟਤਾਵਾਂ ਅਤੇ ਊਣਤਾਈਆਂ ਦਾ ਨਿਖੇਧ ਕੀਤਾ ਜਾ ਸਕੇ; ਮਨੁੱਖ-ਵਿਰੋਧੀ ਤੱਤ ਜੇਕਰ ਸਭਿਆਚਾਰ ਦੀ ਜੁਗਤ ਵਿਚ ਪ੍ਰਵੇਸ਼ ਕੀਤੇ ਹੋਣ ਤਾਂ ਉਹ ਨਿਤਾਰੇ ਜਾ ਸਕਣ।

ਕੋਈ ਵੀ ਸਭਿਆਚਾਰ ਫਜ਼ੂਲ ਨਹੀਂ ਹੁੰਦਾ। ਹਰ ਸਭਿਆਚਾਰ ਵਿਚ ਹੇਠ ਲਿਖੀਆਂ ਤਿੰਨ ਵਿਸ਼ੇਸ਼ਤਾਈਆਂ ਹੁੰਦੀਆਂ ਹਨ। ਹਰ ਸਭਿਆਚਾਰ ਦਾ ਕੋਈ ਨਾ ਕੋਈ ਸਮਾਜਕ ਆਧਾਰ ਹੁੰਦਾ ਹੈ। ਹਰ ਸਭਿਆਚਾਰ ਦਾ ਕੋਈ ਨਾ ਕੋਈ ਸਮਾਜਕ ਲਖਸ਼ ਹੁੰਦਾ ਹੈ। ਹਰ ਸਭਿਆਚਾਰ ਦਾ ਕੋਈ ਨਾ ਕੋਈ ਸਮਾਜਕ ਅਮਲ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ ਸਭਿਆਚਾਰ ਕਿਸੇ ਸਮਾਜ ਦਾ ਹੀ ਹੁੰਦਾ ਹੈ। ਹਰ ਸਭਿਆਚਾਰ ਆਪਣੇ ਹਾਲਾਤ ਅਤੇ ਚੇਤਨਾ ਦੇ ਪੱਧਰ ਅਨੁਸਾਰ ਬੇਹਤਰ ਕਿਸਮ ਦਾ ਮਨੁੱਖ ਸਿਰਜਣ ਦਾ ਯਤਨ ਕਰਦਾ ਹੈ। ਖਾਲਸ ਮਨੁੱਖ ਦੀ ਸਿਰਜਣਾ ਸਭਿਆਚਾਰ ਦਾ ਲਖਸ਼ ਹੈ। ਖ਼ਾਲਸ ਮਨੁੱਖ ਦੀ ਸਿਰਜਣਾ ਲਈ ਸਭਿਆਚਾਰ ਉਸ ਅਨੁਸਾਰ ਸਮਾਜਕ ਅਮਲ ਤੇ ਕਰਦਾ ਹੈ,

ਕਿਉਂਕਿ ਖਾਲਸ ਅਮਲ ਰਾਹੀਂ ਹੀ ਖਾਲਸ ਲਖਸ਼ ਪ੍ਰਾਪਤ ਕੀਤਾ ਜਾ ਸਕਦਾ ਹੈ।

ਗਲ ਸਿੱਧੀ ਅਤੇ ਸਪੱਸ਼ਟ ਹੈ : ਸਭਿਆਚਾਰ ਦੀ ਮੁੱਢਲੀ ਜੁਗਤ ਦਾ ਮਸਲਾ ਵੀ ਉਹੀ ਵਿਧੀ ਜਾਂ ਵਾਦ ਹਲ ਕਰ ਸਕਦਾ ਹੈ ਜਿਸ ਵਿਚ ਉਪਰੋਕਤ ਸਭਿਆਚਾਰ ਵਾਲੇ ਤਿੰਨ ਗੁਣ ਹੋਣ। ਉਸ ਵਿਧੀ ਜਾਂ ਵਾਦ ਦਾ ਕੋਈ ਨਾ ਕੋਈ ਸਮਾਜਕ ਆਧਾਰ ਜ਼ਰੂਰ ਹੋਣਾ ਚਾਹੀਦਾ ਹੈ। ਉਸ ਦਾ ਕੋਈ ਨਾ ਕੋਈ ਸਮਾਜਕ ਉਦੇਸ਼ ਜ਼ਰੂਰੀ ਹੋਣਾ ਚਾਹੀਦਾ ਹੈ। ਉਸ ਦਾ ਕੋਈ ਨਾ ਕੋਈ ਸਮਾਜਕ ਅਮਲ ਜ਼ਰੂਰ ਹੋਣਾ ਚਾਹੀਦਾ ਹੈ। ਹੁਣ ਸੰਰਚਨਾਵਾਦੀਆਂ ਨੂੰ ਕੋਈ ਪੁਛੇ ਕਿ ਭਾਈ ਤੁਹਾਡੀ ਵਿਧੀ ਜਾਂ ਵਾਦ (ਜੋ ਵੀ ਤੁਸੀਂ ਮੌਕੇ ਅਨੁਸਾਰ ਇਸ ਨੂੰ ਆਖਦੇ ਹੋ) ਇਸ ਦਾ ਸਮਾਜਕ ਆਧਾਰ ਕੀ ਹੈ ? ਇਸਦਾ ਸਮਾਜਕ ਲਖਸ਼ ਕੀ ਹੈ ? ਇਸ ਦਾ ਸਮਾਜਕ ਅਮਲ ਕੀ ਹੈ ? ਕੀ ਉਤਰ ਦਿਉਗੇ voluptuous reunion ?! ਇਸ ਦੇ ਉਲਟ ਮਾਰਕਸਵਾਦ ਪਾਸ ਇਹ ਤਿੰਨੇ ਗੁਣ ਹਨ। ਮਾਰਕਸਵਾਦ ਦਾ ਸਮਾਜਕ ਆਧਾਰ ਹੈ। ਉਹ ਸਮਾਜ ਦਾ ਜਮਾਤੀ ਵਿਸ਼ਲੇਸ਼ਣ ਕਰਦਾ ਹੈ। ਮਾਰਕਸਵਾਦ ਦਾ ਸਮਾਜਕ ਲਖਸ਼ ਹੈ। ਉਹ ਬੇਹਤਰ ਕਿਸਮ ਦਾ ਲੁਟ-ਰਹਿਤ ਸਮਾਜ ਸਿਰਜਣ ਦਾ ਵਸੀਲਾ ਹੈ। ਮਾਰਕਸਵਾਦ ਦਾ ਸਮਾਜਕ ਅਮਲ ਹੈ। ਇਸ ਦਾ ਅਨੁਆਈ ਸੱਚੇ ਸੁਚੇ ਸਮਾਜਕ ਅਮਲ ਦਾ ਧਾਰਨੀ ਹੋਣਾ ਚਾਹੀਦਾ ਹੈ। ਉਹ ਸੰਰਚਨਾਵਾਦੀਆਂ ਦੀ ਤਰ੍ਹਾਂ ਪਾਖੰਡੀ ਨਹੀਂ ਸਕਦਾ। ਇਹ ਤਾਂ ਮੰਨਿਆ ਬਈ ਘੋੜੇ ਖੜੇ ਕਰਨ ਵਾਲੀ ਥਾਂ ਨੂੰ ਤਬੇਲਾ ਕਿਹਾ ਜਾਂਦਾ ਹੈ ਪਰ ਗਧੇ ਖੜੇ ਕਰਨ ਵਾਲੀ ਜਗ੍ਹਾ ਦਾ ਕੋਈ ਨਾਂ ਨਹੀਂ। ਜਦੋਂ ਤੁਸੀਂ ਕਹਿੰਦੇ ਹੋ ਕਿ ਸੰਰਚਨਾਵਾਦ ਦਾ ਮਾਰਕਸਵਾਦ ਨਾਲ ਕੋਈ ਵਿਰੋਧ ਨਹੀਂ, ਇਹ ਤਾਂ ਘੋੜੇ ਖੋਤੇ ਬਰਾਬਰ ਕਰਨ ਵਾਲੀ ਹੀ ਗੱਲ ਹੈ।

ਸੰਰਚਨਾਵਾਦੀਆਂ ਦੇ ਸਿਰ 'ਤੇ ਯਥਾਰਥ ਨੂੰ ਅਨੁਭਵ ਤੋਂ ਵੱਖ ਕਰਨ ਦਾ ਭੂਤ ਸਵਾਰ ਹੈ। ਕਹਿੰਦੇ ਇਸ ਤਰ੍ਹਾਂ ਅਸੀਂ ਨਿਰਪੱਖ ਰਹਿ ਸਕਦੇ ਹਾਂ। ਜਦੋਂ ਇਹ ਅਜੇਹਾ ਕਰਦੇ ਹਨ ਤਾਂ ਕਈ ਬੁਨਿਆਦੀ ਆਪਸੀ—ਵਿਰੋਧਾਂ ਦਾ ਸ਼ਿਕਾਰ ਹੋ ਜਾਂਦੇ ਹਨ। ਅਨੁਭਵ ਅਤੇ ਯਥਾਰਥ ਦਾ ਡਾਇਲੈਕ-ਟੀਕਲ ਰਿਸ਼ਤਾ ਹੈ ਉਸੇ ਤਰ੍ਹਾਂ ਜਿਸ ਤਰ੍ਹਾਂ ਰੂਪ ਅਤੇ ਸਾਰ ਦਾ ਹੈ, ਚੰਗੇ ਅਤੇ ਬੁਰੇ ਦਾ ਹੈ। ਵਸਤਾਂ ਦੇ ਸਾਡੇ ਲਈ ਤਾਂ ਹੀ ਕੋਈ ਅਰਥ ਹਨ ਜੇਕਰ ਅਸੀਂ ਉਹਨਾਂ ਨੂੰ ਅਨੁਭਵ ਕਰ ਸਕਦੇ ਹਾਂ। ਇਸ ਲਈ ਅਨੁਭਵ ਅਤੇ ਯਥਾਰਥ ਦਾ ਰਿਸ਼ਤਾ ਮਨੁੱਖ ਦੀ ਚੁਸਤ ਹੋਂਦ ਨਾਲ ਜੁੜਦਾ ਹੈ। ਅਸਲ ਵਿਚ ਇਸ ਚੁਸਤ ਜੋੜ ਦਾ ਨਾਂ ਹੀ ਅਨੁਭਵ ਹੈ। ਮਨੁਖ ਦੀ ਚੁਸਤ ਹੋਂਦ ਤੋਂ ਵੱਖ ਕਰ ਕੇ ਕਿਸੇ ਵੀ ਵਸਤੂ ਦਾ ਕੋਈ ਅਰਥ ਨਹੀਂ। ਸੰਰਚਨਾਵਾਦੀ ਯਥਾਰਥ ਅਤੇ ਅਨੁਭਵ ਨੂੰ ਇਸ ਕਰਕੇ ਵਖ ਕਰਦੇ ਹਨ ਤਾਕਿ ਚੇਤਨ ਅਤੇ ਅਨੁਭਵੀ ਮਨੁੱਖ ਅਤੇ ਵਸਤੂ ਦਾ ਰਿਸ਼ਤਾ ਖਤਮ ਕਰ ਦਿਤਾ ਜਾਵੇ। ਦੂਸਰੇ ਹੱਥ, ਮਾਰਕਸਵਾਦ ਇਸ ਰਿਸ਼ਤੇ ਨੂੰ ਉਘਾੜਦਾ ਹੈ। ਇਸ ਰਿਸ਼ਤੇ ਨੂੰ ਹੋਰ ਸਪੱਸ਼ਟ ਕਰਦਾ ਹੈ। ਇਸ ਰਿਸ਼ਤੇ ਨੂੰ ਦਿਸ਼ਾ ਪ੍ਰਦਾਨ ਕਰਦਾ ਹੈ। ਪਰ ਸੰਰਚਨਾਵਾਦ ਇਸ ਰਿਸ਼ਤੇ ਨੂੰ ਖਤਮ ਕਰਦਾ ਹੈ ਇਹ ਕਹਿੰਦੇ ਇਸ ਰਿਸ਼ਤੇ ਨੂੰ ਖਤਮ ਕਰ ਕੇ ਹੀ 'ਅਸਲੀ' ਤੇ 'ਨਿਰਪੱਖ' ਆਲੋਚਨਾ ਹੋ ਸਕਦੀ ਹੈ। ਕਮਾਲ ਦੀ ਗਲ ਹੈ ਸੰਰਚਨਾਵਾਦ ਤੇ ਮਾਰਕਸਵਾਦ ਦਾ ਹਾਲੇ ਵੀ ਕੋਈ ਵਿਰੋਧ ਨਹੀਂ !!

ਹਰ ਇਕ ਦੇ ਮਨ ਵਿਚ ਇਹ ਸਵਾਲ ਪੈਦਾ ਹੋ ਸਕਦਾ ਹੈ : ਸੰਰਚਨਾਵਾਦ ਲਖਸ਼ ਤੋਂ ਬਗੈਰ, ਬਿਨਾਂ ਸਮਾਜਕ ਆਧਾਰ ਅਤੇ ਅਮਲ ਦੇ ਹੋਂਦ ਵਿਚ ਕਿਵੇਂ ਆਇਆ ? ਸੰਰਚਨਾਵਾਦੀ ਅਨੁਭਵ ਨੂੰ ਯਥਾਰਥ ਤੋਂ ਅਲੱਗ ਕਿਉਂ ਕਰਦੇ ਹਨ ? ਇਹਨਾਂ ਸਵਾਲਾਂ ਦਾ ਉਤਰ ਦੇਸੀ ਸੰਰਚਨਾਵਾਦੀਆਂ ਪਾਸੋਂ ਨਹੀਂ ਸਗੋਂ ਉਹਨਾਂ ਵਿਚਾਰਾਂ ਤੋਂ ਮਿਲ ਸਕਦਾ ਹੈ ਜਿਹੜੇ ਪਿਛਲੀ

ਡੇਢ੍ਹ ਸਦੀ ਫਰਾਂਸ ਦੇ ਬੁਰਜੁਆ ਸਕਾਲਰ ਸਾਹਿਤ ਅਤੇ ਕਲਾ ਬਾਰੇ ਪ੍ਰਚਾਰਦੇ ਰਹੇ ਹਨ।

ਸਾਹਿਤ ਅਤੇ ਕਲਾ ਨਾਲ ਸਬੰਧ ਰਖਣ ਵਾਲਾ ਹਰ ਵਿਅੱਕਤੀ ਜਾਣਦਾ ਹੈ ਕਿ ਸਾਹਿਤਕ ਆਲੋਚਨਾ ਦੇ ਇਤਿਹਾਸ ਵਿਚ ਦੋ ਰੁਝਾਨ ਬੜੇ ਪ੍ਰਚਲਤ ਰਹੇ ਹਨ। ਇਕ ਰੁਝਾਨ ਤਾਂ ਇਹ ਰਿਹਾ ਹੈ ਕਿ ਕਲਾ ਦਾ ਕੋਈ ਨਾ ਕੋਈ ਉਪਜੋਗੀ ਰੋਲ ਹੁੰਦਾ ਹੈ। ਕਲਾਕਾਰ ਸਮਾਜ ਲਈ ਬਣਿਆ ਹੈ। ਉਸ ਨੇ ਆਪਣੀਆਂ ਕਲਾ ਕ੍ਰਿਤਾਂ ਰਾਹੀਂ ਮਨੁੱਖੀ ਚੇਤਨਤਾ ਦਾ ਵਿਕਾਸ ਕਰਨਾ ਹੁੰਦਾ ਹੈ। ਦੂਸਰਾ ਰੁਝਾਨ ਇਹ ਹੈ ਕਿ ਕਲਾ ਆਪਣੇ ਆਪ ਵਿਚ ਇਕ ਲਖਸ਼ ਹੈ। ਇਸ ਨੂੰ ਕਿਸੇ 'ਬਾਹਰਲੇ' ਲਖਸ਼ ਦੀ ਪ੍ਰਾਪਤੀ ਲਈ ਸਾਧਨ ਬਣਾਉਣਾ ਅਨੁਚਿਤ ਨਹੀਂ। ਇਹਨਾਂ ਵਿਚੋਂ ਪਹਿਲਾ ਰੁਝਾਨ ਉਹਨਾਂ ਅਗਾਂਹ-ਵਧੂ ਸਾਹਿਤਕਾਰਾਂ ਨੇ ਅਪਣਾਇਆ ਜਿਹੜੇ ਸਮਾਜਕ ਚੌਗਿਰਦੇ ਨਾਲ ਇਕਸੁਰ ਸਨ। ਕਲਾ ਕ੍ਰਿਤਾਂ ਲਈ ਉਪਰੋਕਤ ਦੋ ਰੁਝਾਨ ਇਕ ਦੂਸਰੇ ਦੇ ਮੂਲੋਂ ਵਿਰੋਧੀ ਹਨ। ਇਹਨਾਂ ਵਿਚੋਂ ਕਿਹੜਾ ਸਿਧਾਂਤ ਠੀਕ ਹੈ ਤੇ ਕਿਹੜਾ ਗਲਤ—ਅਜ ਦੇ ਜ਼ਮਾਨੇ ਵਿਚ ਇਸ ਬਹਿਸ ਦੀ ਕੋਈ ਜ਼ਰੂਰਤ ਨਹੀਂ। ਵਿਚਾਰ ਦੇ ਇਤਿਹਾਸ ਵਿਚ ਪਹਿਲਾ ਰੁਝਾਨ ਦੂਸਰੇ ਨੂੰ ਭਾਂਜ ਦੇ ਚੁਕਾ ਹੈ।

ਪਰ ਫਰਾਂਸ ਵਿਚ 'ਕਲਾ ਕਲਾ ਲਈ' ਦਾ ਸਿਧਾਂਤ ਪਿਛਲੀਆਂ ਦੋ ਸਦੀਆਂ 'ਚ ਕਿਸੇ ਨਾ ਕਿਸੇ ਰੂਪ ਵਿਚ ਪਰਧਾਨ ਰਿਹਾ ਹੈ। ਗਲ ਅਸੀਂ ਫਰਾਂਸੀਸੀ ਰੁਮਾਂਟਿਕਾਂ ਤੋਂ ਸ਼ੁਰੂ ਕਰਦੇ ਹਾਂ ਜਿਹੜੇ 'ਕਲਾ ਕਲਾ ਲਈ' ਦੇ ਸਿਧਾਂਤ ਵਿਚ ਦ੍ਰਿੜ ਵਿਸ਼ਵਾਸ਼ ਰਖਦੇ ਸਨ। ਇਹਨਾਂ ਵਿਚੋਂ ਸਭ ਤੋਂ ਪੱਕਾ ਰੁਮਾਂਟਿਕ ਲੇਖਕ ਸੀ, ਥੀਓਫਾਇਲ ਗੋਤੀਏਰ ਜਿਸ ਨੇ ਰੁਮਾਂਟਿਕ ਲਹਿਰ 'ਤੇ ਮਹੱਤਵਪੂਰਨ ਪ੍ਰਭਾਵ ਪਾਇਆ। ਉਸ ਨੇ ਆਪਣੇ ਵਿਰੋਧੀਆਂ ਨੂੰ ਕੁਝ ਇਸ ਤਰ੍ਹਾਂ ਦੀਆਂ ਸੁਣਾਈਆਂ। "ਓਏ ਮੂਰਖੋ, ਗਿਲੜ ਦੇ ਮਾਰਿਓ, ਉਏ ਦੌਲੇਸ਼ਾਹ ਦੀ ਚੂਹਿਓ, ਕਿਸੇ ਕਿਤਾਬ ਦਾ ਰਸਮਿਸਾ ਸ਼ੋਰਬਾ ਨਹੀਂ ਬਣਾਇਆ ਜਾ ਸਕਦਾ। ਇੰਝ ਹੀ ਨਾਵਲ ਦੇ ਬੇਸਿਊਣ ਬੂਟ ਨਹੀਂ ਬਣਾਏ ਜਾ ਸਕਦੇ। ਸੰਹੁ ਮੈਨੂੰ ਜਿਉਂਦੇ, ਮਰੇ ਅਤੇ ਜੰਮਣ ਵਾਲੇ ਪੋਪਾਂ ਦੀਆਂ ਆਂਦਰਾਂ ਦੀ, ਇਹ ਗਲ ਨਹੀਂ ਹੋ ਸਕਦੀ। ਹੱਜ਼ਾਰ ਵਾਰ ਨਹੀਂ... ! ਮੈਂ ਤਾਂ ਉਨ੍ਹਾਂ ਵਿਚੋਂ ਇਕ ਹਾਂ ਜੋ ਫਾਲਤੂ ਨੂੰ ਹੀ ਅਸਲ ਮੰਨਦੇ ਹਨ। ਵਸਤਾਂ ਅਤੇ ਲੋਕਾਂ ਪ੍ਰਤੀ ਮੇਰਾ ਪਿਆਰ ਉਨ੍ਹਾਂ ਹੀ ਵਧ ਹੈ ਜਿੰਨੇ ਉਹ ਘੱਟ ਉਪਜੋਗੀ ਹਨ ਅਤੇ ਉਨਾ ਹੀ ਘੱਟ ਜਿੰਨੇ ਉਹ ਵੱਧ ਉਪਜੋਗੀ ਹਨ।" ਗੋਤੀਏਰ ਆਪਣੀਆਂ ਕ੍ਰਿਤਾਂ ਦੇ ਵਿਚਾਰ ਤੱਤ ਤੋਂ ਬਿਲਕੁਲ ਅਵੇਸਲਾ ਸੀ। ਉਸ ਨੇ ਇਥੋਂ ਤੱਕ ਕਿਹਾ ਕਿ ਮੈਂ ਰਾਫੇਈਲ ਦਾ ਪ੍ਰਮਾਣਿਕ ਚਿਤਰ ਦੇਖਣ ਖਾਤਰ ਜਾਂ ਕਿਸੇ ਔਰਤ ਨੂੰ ਨਗਨ ਅਵਸਥਾ ਵਿਚ ਵੇਖਣ ਖਾਤਰ ਉਹ ਸਾਰੇ ਰਾਜਨੀਤਕ ਅਧਿਕਾਰ ਛਡਣ ਲਈ ਤਿਆਰ ਹਾਂ, ਜੋ ਮੈਨੂੰ ਫਰਾਂਸੀਸੀ ਹੋਣ ਦੇ ਨਾਤੇ ਪ੍ਰਾਪਤ ਹਨ। (ਹਵਾਲਾ ਪਲੈਖਾਨੋਵ)।

ਇਹ ਲੇਖਕ ਆਮ ਕਰਕੇ ਸੰਰਚਨਾਵਾਦੀਆਂ ਦੀ ਤਰ੍ਹਾਂ ਸੁਆਰਥ ਅਤੇ ਮੌਕਾਪ੍ਰਸਤੀ ਲਈ ਹੀ 'ਕਲਾ ਕਲਾ ਲਈ' ਦੇ ਸਿਧਾਂਤ ਨਾਲ ਚਿਪਟੇ ਸਨ। ਇਹਨਾਂ ਲਈ ਉਹ ਹੀ ਕਲਾ ਉਤਮ ਸੀ ਜਿਹੜੀ ਇਹਨਾਂ ਲਈ ਪੰਜਾਂ ਦਾ ਨੋਟ ਕਮਾ ਸਕਦੀ ਹੋਵੇ ਅਤੇ ਇਹਨਾਂ ਦੀ ਖੱਲ ਬਚਾ ਸਕਦੀ ਹੋਵੇ। ਇਸੇ ਕਰਕੇ ਇਹ ਸਮਾਜਕ ਵਾਤਾਵਰਣ ਤੋਂ ਨਿਰਲੇਪ ਰਹਿੰਦੇ ਸਨ। ਜਦੋਂ ਫਰਵਰੀ 1848 ਵਿਚ ਫਰਾਂਸ ਵਿਚ ਇਨਕਲਾਬ ਦਾ ਝਖੜ ਝੁਲਿਆ ਤਾਂ ਸਮਾਜਕ ਵਾਤਾਵਰਣ ਵਿਚ ਕਈ ਤਬਦੀਲੀਆਂ ਵਾਪਰੀਆਂ। ਬਹੁਤ ਸਾਰੇ ਰੁਮਾਂਟਿਕ ਜਿਹੜੇ 'ਕਲਾ ਕਲਾ ਲਈ' ਦਾ ਸਿਧਾਂਤ ਫੜੀ ਬੈਠੇ ਸਨ ਇਸ ਤੋਂ ਲਾਂਭੇ ਹੋ ਗਏ। ਕਈਆਂ ਨੇ ਤਾਂ ਹੱਦ ਦਰਜੇ ਦੀ ਬੇਸ਼ਰਮੀ ਅਤੇ ਮੌਕਾਪ੍ਰਸਤੀ ਦਿਖਾਈ। ਬਾਦੀਲੇਅਰ ਨੇ ਝਟਾਪੱਟ ਇਕ ਇਨਕਲਾਬੀ ਪਰਚਾ ਕਢਣਾ ਸ਼ੁਰੂ ਕਰ ਦਿਤਾ।

ਗੋਤੀਏਰ ਨੇ ਬਾਦੀਲੇਅਰ ਨੂੰ ਇਕ ਅਜੇਹੇ ਕਲਾਕਾਰ ਵਜੋਂ ਉਭਾਰਿਆ ਜੋ ਕਲਾ ਦੀ ਨਿਰਪੇਖ ਖੁਦਮੁਖਤਿਆਰੀ ਦਾ ਦ੍ਰਿੜ ਵਿਸ਼ਵਾਸ਼ੀ ਸੀ।

ਪਾਰਨਾਸ਼ੀ ਅਤੇ ਸ਼ੁਰੂ ਸ਼ੁਰੂ ਦੇ ਫਰਾਂਸੀਸੀ ਯਥਾਰਥਵਾਦੀ (ਗੋਨਕੋਰਟ, ਫਲਾਬੇਅਰ ਆਦਿ) ਵੀ ਇਸੇ ਤਰ੍ਹਾਂ ਆਪਣੇ ਆਲੇ ਦੁਆਲੇ ਦੇ ਬੁਰਜੁਆ ਸਮਾਜ ਨੂੰ ਘਿਰਣ ਕਰਦੇ ਸਨ। ਪਰ ਨਾਲ ਦੀ ਨਾਲ ਇਹ ਵੀ ਕਹਿੰਦੇ ਸਨ ਕਿ ਅਸੀਂ ਆਪਣੀਆਂ ਰਚਨਾਵਾਂ ਆਮ ਲੋਕਾਂ ਦੇ ਲਾਭ ਹਿੱਤ ਨਹੀਂ ਛਾਪਦੇ ਸਗੋਂ ਕੁਝ ਥੋੜੇ ਜਿਹੇ ਚੁਣੇ ਹੋਏ ਲੋਕਾਂ ਵਾਸਤੇ ਛਾਪਦੇ ਹਾਂ। ਫਲਾਬੇਅਰ ਨੇ ਆਪਣੀ ਇਕ ਚਿੱਠੀ ਵਿਚ ਕਿਹਾ ਹੈ ਕਿ ਉਨ੍ਹਾਂ ਦੀਆਂ ਕ੍ਰਿਤਾਂ ਕੁਝ ਅਣਜਾਣੇ ਮਿਤਰਾਂ ਵਾਸਤੇ ਛਪਦੀਆਂ ਹਨ। ਇਨ੍ਹਾਂ ਲੇਖਕਾਂ ਦਾ ਇਹ ਵਿਚਾਰ ਸੀ ਕਿ ਕੇਵਲ ਉਹੀ ਲੇਖਕ ਪਾਠਕਾਂ ਦੇ ਬਹੁਤ ਵੱਡੇ ਖੇਤਰ ਵਿਚ ਹਰਮਨ ਪਿਆਰਾ ਹੋ ਸਕਦਾ ਹੈ ਜਿਸ ਵਿਚ ਗੰਭੀਰਤਾ ਅਤੇ ਯੋਗਤਾ ਦੀ ਅਸਲੋਂ ਘਾਟ ਹੋਵੇ। ਲਕੋਨਤੇ ਦਾ ਵਿਚਾਰ ਸੀ ਕਿ ਕਿਸੇ ਲੇਖਕ ਦੀ ਲੋਕਪ੍ਰਿਯਤਾ ਉਸ ਦੇ ਬੌਧਿਕ ਘਟੀਆਪਣ ਦਾ ਸਬੂਤ ਹੈ। ਪਾਰਨਾਸ਼ੀ ਵੀ ਰੁਮਾਂਟਿਕਾਂ ਦੀ ਤਰ੍ਹਾਂ 'ਕਲਾ ਕਲਾ ਲਈ' ਦੇ ਵਿਚਾਰਾਂ ਦੇ ਹੀ ਧਾਰਨੀ ਸਨ। ਗੋਤੀਏਰ ਅਤੇ ਉਸ ਦੇ ਸਾਥੀਆਂ ਨੂੰ ਬੁਰਜੁਆ ਸਬੰਧਾਂ 'ਤੇ ਕੋਈ ਇਤਰਾਜ਼ ਨਹੀਂ ਸੀ। ਬਸ ਉਹ ਤਾਂ ਥੋੜਾ ਜਿਹਾ ਸੁਧਾਰ ਚਾਹੁੰਦੇ ਸਨ ਕਿ ਬੁਰਜੁਆ ਸਮਾਜ ਪ੍ਰਬੰਧ ਆਪਣੀ ਹੋਛੀਆਂ ਤੇ 'ਘਟੀਆ' ਉਪਜਾਉਣੀਆਂ ਬੰਦ ਕਰ ਦੇਵੇ।

ਮਾਰਕਸਵਾਦ ਦੇ ਉਦੇ ਹੋਣ ਨਾਲ ਫਰਾਂਸ ਦੇ ਇਸ 'ਕਲਾ ਕਲਾ ਲਈ' ਦੇ ਅਨੁਆਈਆਂ ਉਪਰ ਵੀ ਤਕੜੇ ਹਮਲੇ ਹੋਏ। ਮਾਰਕਸਵਾਦ ਕਲਾ ਦੀ ਉਪਯੋਗੀ ਦ੍ਰਿਸ਼ਟੀ ਦਾ ਧਾਰਨੀ ਹੈ। ਉਹ ਕਲਾ ਨੂੰ ਸਮਾਜਕ ਬੇਹਤਰੀ ਲਈ ਵਰਤਣ ਲਈ ਪ੍ਰਤੀਬੱਧ ਹੈ। ਇਸ ਮਾਰ ਤੋਂ ਬਚਣ ਲਈ ਫਰਾਂਸ ਦੇ ਕੁਝ ਸਕਾਲਰਾਂ ਨੇ 'ਕਲਾ ਕਲਾ ਲਈ' ਦਾ ਸਿਧਾਂਤ ਤਿਆਗ ਦਿਤਾ। ਉਹਨਾਂ ਦੇ ਤਿਆਗ ਦੇ ਕਾਰਨ ਕੁਝ ਵੀ ਹੋਣ, ਪਰ ਅਗਾਂਹਵਧੂ ਨਹੀਂ ਸਨ। ਉਦਾਹਰਣ ਵਲੋਂ ਮੈਕਸਿਮ ਦੂਕਾਮ ਤੇ ਐਲਗਜ਼ਾਂਦਰ ਡੂਮਾਂ ਆਦਿ। ਉਨ੍ਹਾਂ ਨੇ 'ਕਲਾ ਕਲਾ ਲਈ' ਦਾ ਸਿਧਾਂਤ ਇਸ ਕਰਕੇ ਰੱਦ ਨਹੀਂ ਕੀਤਾ ਕਿ ਉਹ ਬੁਰਜੁਆ ਸਮਾਜਕ ਢਾਂਚੇ ਦਾ ਕੋਈ ਬਦਲ ਪੇਸ਼ ਕਰਨਾ ਚਾਹੁੰਦੇ ਸਨ। ਉਹਨਾਂ ਦਾ ਅਸਲ ਇਰਾਦਾ ਤਾਂ ਢਹਿੰਦੇ ਬੁਰਜੁਆ ਰਿਸ਼ਤਿਆਂ ਨੂੰ ਠੁੰਮਣਾ ਦੇਣ ਦਾ ਸੀ। ਇਹ ਰਿਸ਼ਤੇ ਲੋਕਾਂ ਦੁਆਰਾ ਕੀਤੇ ਮੁਕਤੀ ਘੋਲਾਂ ਵਿਚ ਬੁਰੀ ਤਰ੍ਹਾਂ ਘਚੋਲ ਦਿੱਤੇ ਗਏ ਸਨ। ਪਰ ਇਹ ਲੇਖਕ ਤਾਂ ਬੁਰਜੁਆ ਜੀਵਨ-ਜੁਗਤ ਨਾਲ ਸਮਝੌਤਾ ਕਰਨ ਵਲ ਵਧੇਰੇ ਰੁਚਿਤ ਸਨ। ਇਸ ਲਈ ਕਲਾ ਦੀ ਉਪਯੋਗੀ ਦ੍ਰਿਸ਼ਟੀ ਕਿਸੇ ਕਰਾਂਤੀਕਾਰੀ ਦੀ ਤਰ੍ਹਾਂ ਨਰਮ-ਦਲੀਏ ਨਾਲ ਵੀ ਨਿਬਾਹ ਕਰ ਸਕਦੀ ਹੈ। ਫਰਾਂਸੀਸੀ ਲੇਖਕਾਂ ਨੇ ਕਦੀ ਵੀ ਸਥਾਪਤ ਬੁਰਜੁਆ ਸਮਾਜਕ ਰਿਸ਼ਤਿਆਂ ਨਾਲ ਘ੍ਰਿਣਾ ਨਹੀਂ ਕੀਤੀ। ਨਾ ਹੀ ਉਹ ਇਹਨਾਂ ਨੂੰ ਤਬਦੀਲ ਕਰਨ ਲਈ ਕਦੀ ਚਿੰਤਾਤੁਰ ਹੋਏ ਹਨ। ਇਸ ਲਈ ਉਹਨਾਂ ਦੀ ਆਪਣੇ ਸਭਿਆਚਾਰ ਅਤੇ ਸਮਾਜਕ ਰਿਸ਼ਤਿਆਂ ਬਾਰੇ ਉਦਾਰਤਾ ਕਾਇਮ ਰਹੀ ਹੈ।

ਮਾਰਕਸਵਾਦ ਦੀ ਚੜ੍ਹਤ ਨਾਲ 'ਕਲਾ ਕਲਾ ਲਈ' ਦੇ ਸਿਧਾਂਤ ਦੇ ਪਰਖਚੇ ਉੱਡ ਗਏ। ਫਰਾਂਸੀਸੀ ਵਿਚਾਰਵਾਨਾਂ ਅਤੇ ਲੇਖਕਾਂ ਨੇ ਆਪਣੀ ਸਮਾਜਕ ਅਤੇ ਸਭਿਆਚਾਰਕ ਉਦਾਰਦਿਲੀ ਸਦਕਾ ਮਾਰਕਸਵਾਦ ਨਾਲ ਸਹਿਹੋਂਦ ਦੇ ਆਧਾਰ 'ਤੇ ਸਮਝੌਤੇ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿਤੀਆਂ। ਇਸ ਬੇਸ਼ਰਮ ਸਮਝੌਤੇ ਦੀ ਯੋਜਨਾ ਅਸਤਿਤਵਵਾਦ ਦੇ ਰੂਪ ਵਿਚ ਪ੍ਰਵਾਨ ਚੜ੍ਹੀ। ਇਨ੍ਹਾਂ ਉਦਾਰਚਿਤ, ਹਾਉਮੈਂ ਗ੍ਰਹਿਸੇ (ਸਾਰਤਰ ਐਂਡ ਕੰਪਨੀ) ਲੇਖਕਾਂ ਨੇ ਮਾਰਕਸਵਾਦ ਦੇ ਸਮਾਜਕ ਲਖਸ਼ ਵਿਚ ਸੋਧ ਕੀਤੀ। ਮਾਰਕਸਵਾਦ ਸਮਾਜ ਨੂੰ ਵਿਅੱਕਤੀ ਤੋਂ ਪਹਿਲ ਦਿੰਦਾ ਹੈ ਪਰ

ਅਸਤਿਤਵਵਾਦੀਆਂ ਨੇ ਬਾਜ਼ੀ ਉਲਟ ਕਰ ਦਿਤੀ। ਕੁਦਰਤ ਅਤੇ ਮਨੁਖ ਦਾ ਰਿਸ਼ਤਾ ਬਹੁਤ ਹੀ ਆਦਰਸ਼ਵਾਦੀ ਢੰਗ ਨਾਲ ਸੁਲਝਾਇਆ। ਇਸ ਤਰ੍ਹਾਂ ਇਹਨਾਂ ਲੇਖਕਾਂ ਨੇ ਬਹੁਤ ਹੀ ਟੇਢੇ ਢੰਗ ਨਾਲ 'ਕਲਾ ਕਲਾ ਲਈ' ਦੇ ਸਿਧਾਂਤ ਦੀ ਪ੍ਰੋੜਤਾ ਕੀਤੀ। ਆਖਿਰ ਮਾਰਕਸਵਾਦ ਇਹਨਾਂ ਲੇਖਕਾਂ ਦੇ ਆਦਰਸ਼ਵਾਦੀ ਅਤੇ ਉਦਾਰਵਾਦੀ ਚੌਖਟੇ ਵਿਚ ਕੁਝ ਸ਼ਬਦ ਹੁਦਾਰ ਦੇਣ ਤੋਂ ਵਧ ਆਪਣਾ ਰਿਸ਼ਤਾ ਕਾਇਮ ਨਾ ਕਰ ਸਕਿਆ। ਫਿਰ ਮਾਰਕਸਵਾਦ ਨੇ ਅਸਤਿਤਵਵਾਦੀਆਂ ਦੇ ਆਦਰਸ਼ਵਾਦੀ ਅਤੇ ਉਲਾਰਵਾਦੀ ਦ੍ਰਿਸਟੀਕੋਣ 'ਤੇ ਤਿਖੇ ਹਮਲੇ ਕੀਤੇ। ਅਸਤਿਤਵਵਾਦ ਵਿਅੱਕਤੀਵਾਦੀ, ਸੁਆਰਥੀ, ਅਤੇ ਉਲਾਰ ਦ੍ਰਿਸ਼ਟੀ ਦੇ ਦੋਸ਼ਾਂ ਤੋਂ ਮੁਕਤ ਨਹੀਂ ਹੋ ਸਕਿਆ। ਆਖਿਰ ਫਰਾਂਸ ਵਿਚ ਹੀ ਇਹ ਆਪਣਾ ਦਮ ਤੋੜ ਕੇ ਮਰਨ ਲਗਿਆ ਹੈ।

ਅਸਤਿਤਵਵਾਦ ਦੀ ਹਾਰ ਨੇ ਫਰਾਂਸ ਦੇ ਬੁਰਜੁਆ ਸਕਾਲਰਾਂ ਨੂੰ ਕਈ ਮਹੱਤਵਪੂਰਨ ਨੁਕਤਿਆਂ 'ਤੇ ਧਿਆਨ ਕੇਂਦਰਤ ਕਰਨ ਦਾ ਅਵਸਰ ਦਿਤਾ। ਫਰਾਂਸੀਸੀ ਲੇਖਕ ਆਪਣੇ ਸਮਾਜ ਪ੍ਰਬੰਧਾਂ ਅਤੇ ਸਭਿਆਚਾਰਕ ਰਿਸ਼ਤਿਆਂ ਤੋਂ ਸੰਤੁਸ਼ਟ ਰਹੇ ਹਨ। ਇਸ ਲਈ ਪਰਿਵਰਤਨ ਦੀ ਸੋਚ ਇਹਨਾਂ ਦੇ ਦਿਮਾਗਾਂ ਵਿਚ ਜਨਮ ਨਹੀਂ ਸੀ ਲੈ ਸਕਦੀ। ਉਹ ਇਹਨਾਂ ਰਿਸ਼ਤਿਆਂ ਵਿਚ ਥੋੜਾ ਬਹੁਤਾ ਸੁਧਾਰ ਕਰਨਾ ਲੋੜਦੇ ਹਨ। ਉਹਨਾਂ ਦੀ ਇਹ ਪ੍ਰਵਿਰਤੀ ਰੁਮਾਂਟਿਕਾਂ ਦੇ ਵੇਲੇ ਤੋਂ ਹੀ ਚਲੀ ਆਉਂਦੀ ਹੈ। ਇਸ ਲਈ ਉਹਨਾਂ ਦਾ ਸਮਾਜਕ ਲਖਸ਼ ਪਰਿਵਰਤਨ ਨਹੀਂ। ਉਹਨਾਂ ਦੀ ਲੋਚਾ ਦਾ ਸਮਾਜਕ ਅਮਲ ਵੀ ਉਹੀ ਹੈ ਜਿਹੜਾ ਉਹ ਜਿਊਂ ਰਹੇ ਹਨ।

ਸੰਰਚਨਾਵਾਦ ਦੀ ਈਜਾਦ ਫਰਾਂਸ ਦੇ ਬੁਰਜੁਆ ਸਕਾਲਰਾਂ ਦਾ ਆਪਣੇ ਵਿਰਸੇ ਦੀ ਉਦਾਰਤਾ, ਖੜੋਤ ਅਤੇ ਸਥਾਪਤ ਆਦਰਸ਼ ਨੂੰ ਠੁੰਮਣਾ ਦੇਣ ਦਾ ਇਕ ਨਵਾਂ ਯਤਨ ਹੈ। ਇਸ ਵਿਚ ਰੁਮਾਂਟਿਕਾਂ ਦੇ ਵੇਲੇ ਤੋਂ ਲੈ ਕੇ ਅੱਜ ਤੱਕ ਫਰਾਂਸੀਸੀ ਸਾਹਿਤਕ ਲਹਿਰ ਵਿਚ ਉਪਜੇ, ਉਦਾਰ ਚਿੱਤ, ਇਕ-ਪਾਸੜ, ਪਰਿਵਰਤਨ-ਰਹਿਤ ਅਤੇ ਮਨੁੱਖ-ਵਿਰੋਧੀ ਵਿਚਾਰਾਂ ਨੂੰ ਜਜ਼ਬ ਕਰਨ ਦੀ ਅਤੇ ਉਹਨਾਂ ਨੂੰ ਪ੍ਰਚਾਰਨ ਦੀ ਪੂਰੀ ਸਮਰੱਥਾ ਹੈ। ਇਸੇ ਲਈ ਸੰਰਚਨਾਵਾਦ ਦਾ ਕੋਈ ਸਮਾਜਕ ਉਦੇਸ਼ ਨਹੀਂ। ਇਸੇ ਲਈ ਉਸਦਾ ਕੋਈ ਸਮਾਜਕ ਅਮਲ ਨਹੀਂ। ਇਹ 'ਵਾਦ' ਤਾਂ ਫਰਾਂਸ ਦੇ ਬੁਰਜੁਆ ਸਕਾਲਰਾਂ ਦੀ ਚੇਤਨਾ ਦੀ ਤਰਜਮਾਨੀ ਕਰਦਾ ਹੈ ਅਤੇ 'ਕਲਾ ਕਲਾ ਲਈ' ਦੇ ਸਿਧਾਂਤ ਨੂੰ ਪ੍ਰਚਾਰਦਾ ਹੈ।

ਇਹ 'ਕਲਾ ਕਲਾ ਲਈ' ਦਾ ਸਿਧਾਂਤ ਹੋਰ ਸਮਾਜਕ ਵਿਗਿਆਨਾਂ ਵਿਚ ਵੀ ਚਾਲੂ ਕੀਤਾ ਜਾ ਰਿਹਾ ਹੈ ਤਾਕਿ ਵਧ ਰਹੀ ਪਰਿਵਰਤਨ ਦੀ ਲੋਚਾ ਨੂੰ ਖਤਮ ਕੀਤਾ ਜਾ ਸਕੇ। ਇਹ ਹਰ ਸਮਾਜਕ ਅਤੇ ਸਭਿਆਚਾਰਕ ਜੁਗਤ ਨੂੰ ਜਿਉਂ ਦੀ ਤਿਉਂ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਮੂਨੇ ਲਈ ਦੇਖੋ ਸੁਰਜੀਤ ਲੀ ਦੁਆਰਾ ਪੇਸ਼ ਕੀਤੀ ਗਈ ਪੰਜਾਬੀ ਸਭਿਆਚਾਰ ਦੀ ਮੁਢਲੀ ਜੁਗਤ। ਉਸ ਵਿਚ ਕਿਸੇ ਵੀ ਪਰਿਵਰਤਨ ਦੀ ਕੋਈ ਗੁੰਜਾਇਸ਼ ਨਹੀਂ। ਇਹ ਸੰਰਚਨਾਵਾਦ ਦਾ ਮੁਖ ਆਸ਼ਾ ਹੈ। ਲੀ ਸਾਹਿਬ ਵੀ ਫਰਾਂਸ ਦੇ ਬੁਰਜੁਆ ਸਕਾਲਰਾਂ ਦੀ ਤਰ੍ਹਾਂ ਆਪਣੇ ਸਮਾਜਕ ਅਤੇ ਸਭਿਆਚਾਰਕ ਰਿਸ਼ਤਿਆਂ ਤੋਂ ਸਤੁੰਸ਼ਟ ਹਨ। ਸੰਰਚਨਾਵਾਦੀਆਂ ਦੀਆਂ ਲਿਖਤਾਂ ਗੁਆਹ ਹਨ ਕਿ ਸੰਰਚਨਾਵਾਦ ਗੁੰਝਲਦਾਰ ਫਾਰਮੂਲਿਆਂ ਰਾਹੀਂ ਫਰਾਂਸ ਦੇ ਬੁਰਜੁਆ ਸਕਾਲਰਾਂ ਦੀ ਉਦਾਰਚਿਤ, ਆਦਰਸ਼ਵਾਦੀ ਅਤੇ ਡਾਵਾਂਡੋਲ ਚੇਤਨਾ ਦੀ ਹੀ ਪ੍ਰਤੀਨਿਧਤਾ ਕਰਦਾ ਹੈ। ਇਹ ਚੇਤਨਾ ਮਾਰਕਸਵਾਦ ਦੇ ਮੂਲੋਂ ਵਿਰੋਧੀ ਹੈ।

ਇਸ ਉਦਾਰਚਿਤ, ਡਾਵਾਂਡੋਲ ਚੇਤਨਾ ਦਾ ਪਸਾਰ ਤਾਂ ਹੀ ਯਕੀਨੀ ਹੈ ਜੇਕਰ ਸੰਰਚਨਾਵਾਦੀ

ਅਨੁਭਵ ਅਤੇ ਯਥਾਰਥ ਨੂੰ ਵੱਖ ਕਰਨ ਦੀ ਆਪਣੀ ਗਲ ਮੰਨਵਾ ਸਕਣ। ਸੰਰਚਨਾਵਾਦੀ 'ਵਿਚਾਰ' ਵਸਤੂ ਨੂੰ ਇਕ ਵਿਸ਼ੇਸ਼ ਢਾਂਚੇ ਵਿਚ ਢਾਲ ਕੇ ਪੇਸ਼ ਕਰਦਾ ਹੈ ਜਿਸ ਵਿਚ ਵਿਚਾਰ ਧੁੰਦ ਵ ਗ ਅਸਪਸ਼ਟ ਅਤੇ ਰੂਪਹੀਣ ਜਾਪਣ। ਭਾਵੇਂ ਸੰਰਚਨਾਵਾਦੀ ਗਲਾਂ ਸਿਰਫ ਕਹਿਣ ਲਈ ਹੀ ਕਰਦਾ ਹੈ ਪਰ ਉਹ ਵੀ ਇਸ ਸੰਸਾਰ ਦੀਆਂ ਨਹੀਂ ਹੁੰਦੀਆਂ। ਉਸ ਨੂੰ ਇਕ ਹੋਰ ਸੰਸਾਰ (That world) ਦਾ ਕਿਆਸ ਕਰਨਾ ਪੈਂਦਾ ਹੈ। ਇਹ ਕਿਆਸ ਤਾਂ ਹੀ ਹੋ ਸਕਦਾ ਹੈ ਜੇਕਰ ਉਹ ਅਨੁਭਵ ਨੂੰ ਯਥਾਰਥ ਤੋਂ ਵਖ ਕਰ ਲੈਂਦਾ ਹੈ। ਦੂਸਰਾ ਅਨੁਭਵ ਨੂੰ ਯਥਾਰਥ ਨਾਲੋਂ ਤੋੜ ਕੇ 'ਕਲਾ ਕਲਾ ਲਈ' ਦੇ ਸਿਧਾਂਤ ਦੀ ਚੰਗੀ ਤਰ੍ਹਾਂ ਰਾਖੀ ਕੀਤੀ ਜਾ ਸਕਦੀ ਹੈ। ਅਨੁਭਵ ਅਤੇ ਯਥਾਰਥ ਨੂੰ ਤੋੜ ਕੇ ਉਸਾਰੀ ਸੰਰਚਨਾ ਇਨ੍ਹਾਂ ਵਲੋਂ ਹਰ ਮਸਲੇ ਦਾ ਹਲ ਹੁੰਦੀ ਹੈ।

ਫਰਾਂਸੀਸੀ ਸੰਰਚਨਾਵਾਦੀ ਆਪਣੇ ਆਦਰਸ਼ਵਾਦੀ ਰੁਝਾਨ ਕਰਕੇ 'ਕਲਾ ਕਲਾ ਲਈ' ਅਤੇ ਸਭਿਆਚਾਰ ਸਭਿਆਚਾਰ ਲਈ ਦਾ ਜਾਪ ਕਰ ਰਹੇ ਹਨ। ਫਰਾਂਸੀਸੀ ਵਿਚਾਰਵਾਨਾਂ ਦੀ ਇਹ ਰਟ ਆਪਣੇ ਸੌੜੇ ਹਿੱਤਾਂ, ਹਉਮੈ-ਪੂਰਤੀ ਅਤੇ ਸੁਆਰਥ 'ਤੇ ਆਧਾਰਤ ਹੈ। ਉਹਨਾਂ ਨੂੰ ਉਹੀ ਵਾਦ ਚੰਗਾ ਲਗਦਾ ਹੈ ਜਿਹੜਾ ਉਹਨਾਂ ਦੀ ਪੰਜਾਂ ਦਾ ਨੋਟ ਕਮਾਉਣ ਵਿਚ ਮਦਦ ਕਰੇ। ਦੇਸੀ ਸੰਰਚਨਾਵਾਦੀਆਂ 'ਚੋਂ ਕਈ ਫਰਾਂਸ 'ਚੋਂ ਆਏ ਨੇ। ਉਹਨਾਂ ਨੇ ਇਥੇ ਆ ਕੇ ਕਈਆਂ ਨੂੰ ਸੰਰਚਨਾਵਾਦ ਦਾ ਅੰਮ੍ਰਿਤਪਾਨ ਕਰਵਾਇਆ ਹੈ। ਇਹਨਾਂ ਬਾਹਰੋਂ ਆਏ ਸੰਰਚਨਾਵਾਦੀਆਂ ਦਾ ਵੀ ਇਕੋ ਇਕ ਸੁਆਰਥੀ ਉਦੇਸ਼ ਸੀ। ਉਹ ਇਹ ਕਿ ਨਵੀਂ ਵਿਧੀ ਦਾ ਢੰਡੋਰਾ ਪਿੱਟ ਕੇ ਸਥਾਪਤੀ ਦੀਆਂ ਉਚੀਆਂ ਕੁਰਸੀਆਂ 'ਤੇ ਜਾ ਟਿਕਣਾ; ਉਹਨਾਂ ਨੇ ਆਪਣੀ ਇਸ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਪੰਜਾਬੀ ਸਭਿਆਚਾਰ ਨਾਲ ਹਰ ਤਰ੍ਹਾਂ ਦਾ ਬਲਾਤਕਾਰ ਕੀਤਾ ਹੈ। ਇਹ ਸੰਰਚਨਾਵਾਦੀ ਆਪਣੇ ਸੁਆਰਥ ਵਿਚ ਇੰਨੇ ਲੀਨ ਹੋ ਚੁਕੇ ਹਨ ਕਿ ਇਹਨਾਂ ਨੂੰ ਇਹ ਸਮਝਾਉਣਾ ਔਖਾ ਹੈ ਕਿ ਆਪਣੇ ਖੋਖਿਆ ਅਗੇ 'ਪੰਜਾਬੀ ਸਭਿਆਚਾਰ ਕੇਂਦਰ' ਦੇ ਫੱਟੇ ਲਾਉਣ ਨਾਲ ਹੀ ਸਭਿਆਚਾਰ ਦੀ ਖੋਜ ਸੰਪੂਰਨ ਨਹੀਂ ਹੋ ਜਾਂਦੀ। ਅੱਕੀਂ ਪਲਾਹੀਂ ਹੱਥ ਮਾਰਨ ਨਾਲ ਪੰਜਾਬੀ ਸਭਿਆਚਾਰ ਦੀ ਮੁਢਲੀ ਜੁਗਤ ਦਾ ਮਸਲਾ ਹਲ ਨਹੀਂ ਹੋਣ ਲਗਿਆ। ਪਰ ਇਹਨਾਂ ਲੋਕਾਂ ਨੂੰ ਤੁਹਾਡੀਆਂ ਜਾਂ ਸਮਾਜ ਦੀਆਂ ਗਲਾਂ ਵਿਚ ਕੋਈ ਦਿਲਚਸਪੀ ਨਹੀਂ। ਇਹ 'ਫਾਲਤੂ' ਬਹਿਸ ਵਿਚ ਪੈਣ ਵਿਚ ਯਕੀਨ ਨਹੀਂ ਰਖਦੇ।

ਸੰਰਚਨਾਵਾਦ 'ਤੇ ਆਪਣੀ ਲੇਖ ਲੜੀ ਮੈਂ ਪੰਜਾਬ ਦੇ ਸੂਝਵਾਨ, ਸੁਹਿਰਦ ਅਤੇ ਆਸ਼ੇ ਨਾਲ ਪਰਨਾਏ ਹੋਏ ਨੌਜਵਾਨਾਂ ਤੇ ਵਿਦਵਾਨਾਂ ਨੂੰ ਇਸ ਅਪੀਲ ਦੇ ਨਾਲ ਸਮਾਪਤ ਕਰਦਾ ਹਾਂ : ਦੋਸਤੋ, ਇਹ ਬੁਰਜੁਆ ਰੁਝਾਨ ਹੈ ਜਿਹੜਾ ਸਮਾਜਕ ਚੇਤਨਾ ਦਾ ਰਾਹ ਰੋਕਣ ਲਈ ਹੋਂਦ ਵਿਚ ਆਇਆ ਹੈ। ਪੱਛਮੀ ਦੇਸ਼ਾਂ ਦੇ ਸਫ਼ਾਰਤਖਾਨੇ, ਪ੍ਰੈਸ ਅਤੇ ਹੋਰ ਏਜੰਸੀਆਂ ਇਸ ਵਾਦ ਨੂੰ ਪੂਰੀ ਹਵਾ ਦੇ ਰਹੇ ਹਨ, ਤਾਕਿ ਪੈਦਾ ਹੋ ਰਹੀ ਚੇਤਨਤਾ ਦਾ ਰਾਹ ਮੱਲਿਆ ਜਾ ਸਕੇ। ਮਿੱਤਰੋ, ਇਸ ਵੰਗਾਰ ਦਾ ਸਾਹਮਣਾ ਕਰਨ ਲਈ ਸਾਨੂੰ ਦੋ ਗਲਾਂ ਕਰਨੀਆਂ ਪੈਣਗੀਆਂ (1) ਸੰਰਚਨਾਵਾਦੀਆਂ ਦੀਆਂ ਗਤੀਵਿਧੀਆਂ ਨੂੰ ਲਗਾਤਾਰ ਨੰਗਿਆਂ ਕਰਨ ਦੀ ਲੋੜ ਹੈ, (2) ਜਿਥੇ ਜਿਥੇ ਸੰਰਚਨਾਵਾਦੀਆਂ ਦੇ ਅੱਡੇ ਕਾਇਮ ਹਨ, ਉਥੇ ਇਹਨਾਂ ਨੂੰ ਨਿਤਾਪ੍ਰਤੀ ਦੀ ਰਾਜਨੀਤੀ ਵਿਚ ਭਾਂਜ ਦੇਣੀ ਪਏਗੀ। ਮਾਰਕਸ-ਵਾਦ ਦਾ ਵਧੇਰੇ ਪ੍ਰਚਾਰ ਕਰਨਾ ਹੋਵੇਗਾ।

ਪ੍ਰਸੰਗ : ਦਲੀਪ ਕੌਰ ਟਿਵਾਣਾ ਦਾ ਨਾਵਲ
"ਪੀਲੇ ਪੱਤਿਆਂ ਦੀ ਦਾਸਤਾਨ"

ਔਰਤ ਦੀ ਆਜ਼ਾਦੀ ਦਾ ਮਸਲਾ—3

ਕਿਸ਼ਨ ਸਿੰਘ

ਸਾਡੇ ਸਰਮਾਏਦਾਰੀ ਉਦੋਂ ਆਈ ਜਦੋਂ ਸੰਸਾਰ ਸਰਮਾਏਦਾਰੀ ਆਪਣੇ ਜ਼ਵਾਲ ਦੇ, ਢਹਿਣ ਦੇ ਵੇਗ ਵਿਚ ਆ ਚੁਕੀ ਸੀ। ਜਦੋਂ ਉਸ ਦੇ ਜਨਮ ਨਾਲ ਜੰਮੇ ਮਾਨਵਵਾਦ ਨੂੰ ਉਹ ਖੁਸ਼ਕ ਕਰ ਚੁਕੀ ਸੀ। ਜਦੋਂ ਉਸ ਦੀ ਕਲਚਰ ਬਿਖੜ ਰਹੀ ਸੀ। ਜਦੋਂ ਉਸ ਦੀ ਕਲਚਰ ਦਾ ਮੂਲ ਈ ਤਕਰੀਬਨ ਬਣ ਚੁਕਾ ਸੀ ਪਦਾਰਥਾਂ ਦੀ ਖਾਈ ਹੰਢਾਈ ਤੇ ਉਡਾਈ ਅਤੇ ਜਿਨਸੀ ਵਿਭਚਾਰ। ਜਦੋਂ ਉਸ ਦਾ ਮੂਲ ਮਨੋਰਥ ਹੀ ਇਹ ਹੋ ਗਿਆ ਸੀ ਕਿ ਲੋਕਾਂ ਦੇ ਮਨਾਂ ਵਿਚ ਸਿੱਧੇ ਸਿਆਸੀ, ਜਮਾਤੀ ਸਵਾਲ ਵੀ, ਵਾਹ ਲਗਦੀ, ਹਰ ਮੁਮਕਿਨ ਕੋਸ਼ਿਸ਼ ਨਾਲ ਗੈਰ-ਸਿਆਸੀ ਬਣਾਏ ਜਾਣ। ਜਦੋਂ ਕਲਚਰਲ ਮੁਹਾਜ਼ 'ਤੇ ਉਸ ਦਾ ਸਾਰਾ ਜ਼ੋਰ ਇਸ ਗਲ 'ਤੇ ਲੱਗ ਰਿਹਾ ਸੀ ਕਿ ਵਸੋਂ ਨੂੰ ਪਦਾਰਥਾਂ ਦੀ ਖਾਈ ਹੰਢਾਈ, ਉਡਾਈ ਵਿਚ ਗਲਤਾਨ ਕੀਤਾ ਜਾਵੇ, ਪਰਚਾਰ ਦੇ ਵਿਸ਼ਾਲ ਸਾਧਨਾਂ ਰਾਹੀਂ ਉਸ ਨੂੰ ਜਿਨਸੀ ਵਿਭਚਾਰ ਵਿਚ ਫਾਹਿਆ ਜਾਵੇ, ਸਿਆਸੀ ਨੁਕਤੇ ਤੋਂ ਅਰਥਹੀਣ ਹਿਸਾ ਦਾ ਚਸਕਾ ਪਾਇਆ ਜਾਵੇ। ਹਰ ਹਾਲਤ ਵਿਚ, ਹੋਰ ਕਿਧਰੇ ਵੀ ਜਾਵੇ ਲੋਕਾਂ ਦੀ ਸੂਝ ਨਿਜ਼ਾਮ ਦੀ ਤਾਸੀਰ ਵੇਖਣ ਵੱਲ ਨਾ ਆਵੇ। ਢਹਿ ਰਹੀ ਸਰਮਾਏਦਾਰੀ ਦੀ ਪਛਮੀ ਮੁਲਕਾਂ ਦੀ ਕਲਚਰ ਆਪਣੀ ਵਸੋਂ ਦਾ, ਉਠਦੀ ਪੀੜ੍ਹੀ ਦਾ ਜਿਨਸੀ ਪੈਸ਼ਨ, ਕਾਮ ਚੇਸ਼ਟਤਾ ਤੇ ਸਿਆਸੀ ਨੁਕਤੇ ਤੋਂ ਅਰਥਹੀਣ ਹਿੰਸਾ ਵੱਲ ਨੂੰ ਰਜੂਹ, ਜਿਵੇਂ ਗਿਣ ਮਿੱਥ ਕੇ ਉਭਾਰਦੀ ਸੀ। ਇਨ੍ਹਾਂ ਵੇਗਾਂ ਨੂੰ ਉਨ੍ਹਾਂ ਦੇ ਮਨਾਂ ਵਿਚ ਪ੍ਰਬਲ ਬਣਾਉਂਦੀ ਸੀ। ਹਰ ਮੁਮਹਿਨ ਤਰੀਕੇ ਨਾਲ ਇਸ ਚਾਟੇ ਲਾਉਂਦੀ ਸੀ ਕਿ ਔਰਤ ਤੇ ਮਰਦ ਦੇ ਰਿਸ਼ਤੇ ਵਿਚ ਜਿਨਸੀ ਖੇਤਰ ਵਿਚ ਜੋ ਮਨ ਆਈਆਂ (ਜੋ ਬੁਰਜੁਆ ਬਣਤਰ ਦੀਆਂ ਸਨ) ਮਰਜ਼ੀ ਹੈ ਕਰੋ, ਜੋ ਮਰਜ਼ੀਐ ਅੰਨ੍ਹੀ ਮਚਾਉ, ਜੋ ਵਹਿਸ਼ਤ ਮਰਜ਼ੀਐ ਖਲਾਰੋ, ਜੋ ਲਚਰਪੁਣਾ ਮਰਜ਼ੀ ਐ ਕਰੋ, ਸਾਡੀ ਸਭਿਅਤਾ ਦੀ ਕਰਨੀ ਤੋਂ ਆਪਣੇ ਮਨਾਂ ਵਿਚ ਪੈਂਦੇ ਅਚੇਤ ਗੁੱਸੇ ਨੂੰ, ਪੈਦਾ ਹੋ ਰਹੇ ਅਕੇਵੇਂ ਨੂੰ, ਸਾਰੀ ਜ਼ਿੰਦਗੀ ਵਲੋਂ ਹੋ ਰਹੀ ਬੇਸੁਆਦੀ ਨੂੰ ਜ਼ਿੰਦਗੀ ਦੇ ਅਰਥਹੀਣ ਲੱਗਣ, ਮਹਿਸੂਸ ਹੋਣ ਦੇ ਸਨਕੀਪੁਣੇ ਨੂੰ ਸਿਆਸੀ ਤੇਕਨੂ

ਤੋਂ ਅਰਥਹੀਣ ਹਿੰਸਾ ਰਾਹੀਂ ਜਿੰਨਾਂ ਮਰਜ਼ੀ ਐ, ਜਿਸ ਤਰ੍ਹਾਂ ਮਰਜ਼ੀਐ ਕੱਢੋ ਗਲਤਾਨ ਹੋਏ ਰਹੋ ਜਿਸ ਤਰ੍ਹਾਂ ਮਰਜ਼ੀਐ, ਜਿਸ ਚੀਜ਼ 'ਚ ਮਰਜ਼ੀਐ ਸਿਰਫ਼ ਕਾਬਜ਼ ਨਿਜ਼ਾਮ ਦੇ ਖਿਲਾਫ ਉਫ਼ ਨਾ ਕਰੋ, ਉਸ ਦੇ ਖਿਲਾਫ਼ ਉਂਗਲ ਨਾ ਉਠਾਓ। ਸਾਡੀ ਸਨਅਤ ਦੀ ਪੈਦਾਵਾਰ ਦੀ, ਉਸ ਦੇ ਪੈਦਾ ਕੀਤੇ ਪਦਾਰਥਾਂ ਦੀ ਖਾਈ ਹੰਢਾਈ, ਉਡਾਈ ਵਿਚ ਹੀ ਆਪਣੀ ਜ਼ਿੰਦਗੀ ਦਾ ਅਰਥ, ਆਪਣੀ ਖ਼ੁਸ਼ੀ, ਆਪਣੀ ਸਫਲਤਾ ਸਮਝੋ, ਬਣਾਉ। ਕਸਬੀ ਤਬਕੇ ਵਾਸਤੇ, ਉਪਰਲੇ ਤਬਕੇ ਵਾਸਤੇ, 'ਰੈਟ ਰੇਸ' ਤਾਂ ਸਰਮਾਏਦਾਰੀ ਦਾ ਅਸਲ ਹੈ ਹੀ। ਉਹ ਤਾਂ ਹੋਣਾ ਹੀ ਸੀ।

ਸਰਮਾਇਦਾਰੀ ਦੇ ਜਨਮ ਨਾਲ ਸਾਡੇ ਆਜ਼ਾਦੀ ਦੀ ਜਦੋ-ਜਹਿਦ ਸ਼ੁਰੂ ਹੋਈ। ਉਸ ਨੇ ਫਿਊਡਲ ਕਲਚਰ ਦੇ ਵਿਰੁਧ, ਫਿਊਡਲ ਕਲਚਰਲ ਰਿਸ਼ਤਿਆਂ ਦੇ ਵਿਰੁਧ ਮਾਨਵਵਾਦੀ ਹਵਾ ਦੇ ਬੁਲੇ ਤਾਂ ਲਿਆਂਦੇ ਪਰ ਤੂਫਾਨ ਖੜਾ ਨਾ ਕੀਤਾ। ਉਠ ਰਹੀ ਸਾਡੀ ਬੁਰਜੁਆਜ਼ੀ ਛੇਤੀ ਹੀ ਤਾੜ ਗਈ ਕਿ ਬ੍ਰਾਹਮਣੀ ਕਲਚਰ ਨੂੰ, ਜਾਤ-ਪਾਤੀ ਸੰਸਥਾਂ ਤੇ ਉਸ ਦੇ ਰਿਸ਼ਤਿਆਂ ਨੂੰ, ਉਸ ਦੀਆਂ ਕਦਰਾਂ ਕੀਮਤਾਂ ਨੂੰ ਜੜ੍ਹਾਂ ਤੋਂ ਉਖੇੜਨਾ, ਅਵਾਮਾਂ ਨੂੰ ਉਸ ਦੇ ਜਕੜ ਤੋਂ, ਵਸੋਂ ਨੂੰ ਉਸ ਦੇ ਬੰਧਨ 'ਚੋਂ ਰਿਹਾ ਕਰਵਾਉਣਾ, ਰਿਹਾਅ ਹੋ ਲੈਣ ਦੇਣਾ ਉਸ ਦੇ ਜਮਾਤੀ ਹਿੱਤ ਵਿਚ ਨਹੀਂ। ਇਸ ਦੀ ਫਾਹੀ ਵਿਚੋਂ ਨਿਕਲੇ ਲੋਕ ਪਤਾ ਨਹੀਂ ਕਿਥੇ ਜਾ ਖਲੋਣ। ਨਾ ਜਾਣੇ ਉਸ ਦੇ ਆਪਣੇ ਤੋਂ ਵੀ ਬੇਮੁਹਾਰੇ ਹੋ ਤੁਰਨ। ਆਜ਼ਾਦੀ ਲੈਣ ਦੇ ਵੇਗ ਵਿਚ ਹੀ ਉਸ ਦੇ ਮਨੋਂ ਫਿਊਡਲ ਦਾ ਡਰ ਤਾਂ ਖਤਮ ਹੋ ਗਿਆ ਤੇ ਭਵਿਖ ਵਿਚ ਲੋਕਾਂ ਦੇ ਉਠਣ ਦਾ ਸਹਿੰਸਾ ਖੜਾ ਹੋ ਗਿਆ। ਉਸ ਦੀ ਚਾਰਾਜੋਈ ਕਰਨ ਵਲ ਉਸ ਦਾ ਧਿਆਨ ਹੋ ਗਿਆ। ਉਸ ਨੇ ਠੋਕ ਵਜਾ ਕੇ ਵੇਖ ਲਿਆ ਕਿ ਬ੍ਰਾਹਮਣੀ ਜਾਤ ਪਾਤੀ ਕਲਚਰ ਉਸ ਦੀ ਜਮਾਤੀ ਤਾਕਤ ਦੇ ਕਿਲ੍ਹੇ ਦੀ ਦੀਵਾਰ ਬਣ ਸਕਦੀ ਹੈ ਅਤੇ ਉਸ ਨੇ ਬਣਾ ਲਈ। ਉਸ ਨੇ ਆਰਥਕ ਸਿਆਸੀ ਤਾਕਤ ਤਾਂ ਫਿਊਡਲ ਪੈਂਤੜੇ ਕੋਲੋਂ ਖੋਹ ਲਈ, ਆਰਥਕ ਸਿਆਸੀ ਰਿਸ਼ਤੇ ਤਾਂ ਬਹੁਤ ਹੱਦ ਤਕ ਬੁਰਜੁਆ ਬਣਾ ਲਏ, ਜਿੱਥੇ ਕਿਤੇ ਫਿਊਡਲ ਨੂੰ ਥੋਹੜ ਬਹੁਤ ਬੁਰਕੀ ਪਾਉਣੀ ਪਈ ਉਹ ਪਾ ਦਿੱਤੀ, ਪਰ ਮੂਲ ਰੂਪ ਵਿਚ ਆਰਥਕ ਸਿਆਸੀ ਖੇਤਰਾਂ ਵਿਚ ਉਸ ਨੇ ਆਪਣੀ ਵਾਹਿਦ ਮਾਲਕੀ ਜਮਾ ਲਈ। ਉਸ ਨੇ ਬ੍ਰਾਹਮਣੀ ਜਾਤ ਪਾਤੀ ਕਲਚਰ ਨੂੰ, ਉਸ ਦੀਆਂ ਕਦਰਾਂ-ਕੀਮਤਾਂ ਨੂੰ, ਜਿਥੇ ਜਿਵੇਂ ਲੋੜ ਪਈ, ਫਿਊਡਲ ਜਾਮੇਂ ਵਿਚੋਂ ਕੱਢ ਕੇ ਆਪਣੇ ਅਨੁਸਾਰੀ ਬਣਾ ਲਿਆ, ਆਪਣੀ ਪੰਜਾਲੀ ਜੋ ਲਿਆ। ਕਲਚਰ ਦੇ ਮੁਹਾਜ਼ 'ਤੇ, ਮਨੁਖੀ ਮੁਹਾਜ਼ 'ਤੇ ਉਸ ਨੂੰ ਆਪਣੀ ਤਾਕਤ ਦਾ ਥੰਮ੍ਹ ਬਣਾ ਲਿਆ। ਸਾਡੀਆਂ ਸਿਆਸੀ ਚੋਣਾਂ ਹੀ ਜਾਤ ਪਾਤੀ ਦਾਇਰਿਆਂ ਦੇ ਰਾਹੀਂ, ਉਨ੍ਹਾਂ 'ਤੇ ਆਧਾਰਤ ਹੋ ਤੁਰੀਆਂ ਨੇ।

ਇਸ ਤੋਂ ਸਪਸ਼ਟ ਹੈ ਕਿ ਇਹ ਕਲਚਰ ਕਿਸ ਹੱਦ ਤਾਈਂ ਸਾਡੀ ਬੁਰਜੁਆਜ਼ੀ ਦੇ ਰਾਸ ਆਈ ਹੈ। ਜਾਤ ਪਾਤੀ, ਫਿਰਕੂ ਤਅਸਬਾਂ ਦੀ ਫਾਹੀ ਵਿਚ ਫਸੇ ਲੋਕ ਆਪਣੀ ਰਿਹਾਈ ਦੇ ਰਾਹ ਪੈਣੋਂ ਰਹੇ। ਇਸ ਕਲਚਰ 'ਤੇ ਆਧਾਰਤ ਸਾਡੀ ਸਮਾਜਕ ਬਣਤਰ, ਸਾਡੇ ਸਮਾਜ ਦੀ ਜਾਤ ਪਾਤੀ ਬਣਤਰ ਬੁਰਜੁਆ ਲੀਹਾਂ 'ਤੇ ਵੀ ਮੁਲਕ ਦੀ ਮੁਮਕਿਨ ਸਨਅਤੀ ਉਸਾਰੀ ਦੇ ਰਾਹ ਵਿਚ ਰੁਕਾਵਟ ਹੈ। ਪਰ ਇਸ ਸਮਾਜਕ ਬਣਤਰ ਦੇ ਬਾਵਜੂਦ ਸਾਡੀ ਬੁਰਜੁਆਜ਼ੀ ਦਾ ਸਰਮਾਇਆ ਚੂੰਕਿ ਦਬਾ ਦਬ ਵਧ ਰਿਹਾ ਹੈ, ਅਤੇ ਉਸ ਦਾ ਨਿਸ਼ਾਨਾ ਆਪਣੇ ਜਮਾਤੀ ਅਸਲਿਉਂ ਹੀ ਸਰਮਾਏ ਦੀ ਉਸਾਰੀ ਹੈ, ਮੁਲਕ ਦੀ ਸਨਅਤੀ ਉਸਾਰੀ ਨਹੀਂ, ਇਸ ਵਾਸਤੇ ਉਹ ਜਮਾਤੀ ਨੁਕਤੇ ਤੋਂ ਆਪਣੀ ਸਹਾਇਕ ਸਮਾਜਕ ਬਣਤਰ ਨੂੰ ਕਿਉਂ ਤੋੜੇ? ਆਪਣਾ ਕਾਰੀ ਸੰਦ ਬਣ ਕੇ ਵਗਦੀ ਕਲਚਰ ਨੂੰ ਕਿਉਂ ਤਿਆਗੇ?

ਮੇਹਨਤਕਸ਼ ਤਬਕੇ ਦੀਆਂ, ਕਿਸਾਨੀ ਤਬਕੇ ਦੀਆਂ, ਮਜ਼ਦੂਰ ਤਬਕੇ ਦੀਆਂ ਔਰਤਾਂ ਤਾਂ ਮੁੱਢਲਾਅ ਤੋਂ ਹੀ ਘਰੋਂ ਬਾਹਰ ਗੁਲੱਮ ਕਰਦੀਆਂ ਸਨ। ਫਿਊਡਲ ਸਮਾਜ ਦੀ ਦਸ਼ਾ ਦੇ ਮੁਕਾਬਲੇ 'ਤੇ, ਸਰਮਾਏਦਾਰੀ ਦੇ ਜਨਮ ਨਾਲ, ਬੁਰਜੁਆ ਰਿਸ਼ਤਿਆਂ ਦੇ ਰਾਇਜ ਹੋਣ ਨਾਲ, ਬ੍ਰਾਹਮਣੀ ਕਲਚਰ ਦੇ ਬਾਵਜੂਦ ਵੀ ਔਰਤਾਂ ਦੀ ਆਮ ਸਥਿਤੀ ਵਿਚ ਕਦਰੇ ਫਰਕ ਤਾਂ ਪੈਣਾ ਹੀ ਸੀ, ਸੋ ਪਿਆ। ਸਰਮਾਏਦਾਰੀ ਚੂੰਕਿ ਮੂਲ ਰੂਪ ਵਿਚ ਮਧ ਸ਼੍ਰੇਣੀ ਦਾ ਮਸਲਾ ਹੈ, ਉਸ ਦੀ ਚੜ੍ਹਤ ਦਾ, ਉਸ ਦੀ ਅਗਵਾਈ ਦਾ ਰਾਹ ਹੈ ਸੋ ਇਸ ਦੇ ਵਜੂਦ ਵਿਚ ਆਉਣ ਨਾਲ ਜ਼ਿਆਦਾ ਫਰਕ ਤਾਂ ਕੁਦਰਤੀ ਮਧ ਸ਼੍ਰੇਣੀ ਦੀਆਂ ਔਰਤਾਂ 'ਤੇ ਹੀ ਪੈਣਾ ਸੀ, ਸੁ ਉਥੇ ਹੀ ਪਿਆ। ਮਹਾਤਮਾ ਗਾਂਧੀ ਦੀ ਅਗਵਾਈ ਨੇ ਜਿਥੇ ਅਵਾਮਾਂ ਨੂੰ, ਮੁਲਖੱਈਏ ਦੇ ਮਰਦਾਂ ਨੂੰ ਲਾਮਬੰਦ ਕਰ ਕੇ ਸਿਆਸੀ ਜਦੋ-ਜਹਿਦ ਵਿਚ ਪਾਇਆ, ਉਨ੍ਹਾਂ ਨੂੰ ਸਿਆਸੀ ਜਦੋ-ਜਹਿਦ ਦੀ ਪੁੱਠ ਦਿੱਤੀ, ਉਥੇ ਹੀ ਨੀਵੀਂ, ਉਪਰਲੀ ਮਧ ਸ਼੍ਰੇਣੀ ਦੀਆਂ ਔਰਤਾਂ ਨੂੰ, ਕਸਬੀ ਤਬਕੇ ਦੀਆਂ ਔਰਤਾਂ ਨੂੰ, ਖਾਸ ਕਰਕੇ ਸ਼ਹਿਰੀ ਔਰਤਾਂ ਨੂੰ ਵੀ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢਿਆ, ਲਾਗ ਬੰਦ ਕੀਤਾ ਤੇ ਸਿਆਸੀ ਜਦੋ-ਜਹਿਦ ਵਿਚ ਪਾਇਆ। ਸੁਮੇਤ ਔਰਤਾਂ ਦੇ, ਮੁਲਖੱਈਏ ਦੀ ਕੀਤੀ ਲਾਮਬੰਦੀ ਤੇ ਉਸ ਨੂੰ ਚੜ੍ਹਾਈ ਸਿਆਸੀ ਜਦੋ-ਜਹਿਦ ਦੀ ਪਾਣ ਦਾ ਸਿੱਟਾ ਹੈ (ਜਿਹੋ ਜਿਹੀ ਵੀ ਹੈ) ਸਾਡੀ ਪਾਰਲੀਮਾਨੀ ਜੰਮਹੂਰ, ਹਰ ਬਾਲਗ ਦੀ ਵੋਟ, ਸਿਰ ਪਰਤੀ ਵੋਟ ਤੇ ਕਸਬਾਂ ਵਿਚ ਔਰਤਾਂ ਮਰਦਾਂ ਨੂੰ ਇਕੋ ਜਿਹਾ ਇਵਜ਼ਾਨਾ।

ਉਸ ਕੀਤੀ ਲਾਮਬੰਦੀ ਦੇ ਸਿੱਟਿਆਂ ਦੇ ਲੰਮੇ ਵਿਸਤਾਰ ਵਿਚ ਜਾਣ ਦੀ ਸਾਨੂੰ ਐਥੇ ਲੋੜ ਨਹੀਂ। ਸਾਡਾ ਏਥੇ ਵਾਸਤਾ ਹੈ ਸਰਮਾਏਦਾਰੀ ਦੀ ਆਮਦ ਨਾਲ, ਤੇ ਉਤੋਂ ਮਹਾਤਮਾਂ ਗਾਂਧੀ ਦੀ ਕੀਤੀ ਔਰਤਾਂ ਦੀ ਲਾਮਬੰਦੀ ਨਾਲ ਇਹਨਾਂ ਤਬਕਿਆਂ ਦੀਆਂ ਔਰਤਾਂ ਦੀ ਜ਼ਿੰਦਗੀ ਵਿਚ ਆਈ ਤਬਦੀਲੀ ਨਾਲ, ਇਹਨਾਂ ਨੂੰ, ਇਹਨਾਂ ਦੀ ਜ਼ਿੰਦਗੀ ਨੂੰ ਸਿਰਜਦੇ ਆਰਥਕ ਸਮਾਜਕ ਕਲਚਰਲ ਰਿਸ਼ਤਿਆਂ ਵਿਚ ਆਈ ਤਬਦੀਲੀ ਨਾਲ, ਤੇ ਉਨ੍ਹਾਂ ਦੇ ਪ੍ਰਸੰਗ ਵਿਚ ਇਹਨਾਂ ਦੀ ਜ਼ਿੰਦਗੀ ਦੇ ਇਜ਼ਹਾਰ ਨਾਲ। ਸਰਮਾਏਦਾਰੀ ਦੀ ਆਮਦ ਨਾਲ ਤੇ ਇਹਨਾਂ ਤਬਕਿਆਂ ਦੀਆਂ ਔਰਤਾਂ ਦੀ ਹੋਈ ਲਾਮਬੰਦੀ ਨਾਲ ਇਹਨਾਂ ਔਰਤਾਂ ਦੀ ਜ਼ਿੰਦਗੀ ਦਾ ਦਾਇਰਾ ਅੱਗੇ ਨਾਲੋਂ ਕਾਫੀ ਮੋਕਲਾ ਹੋ ਗਿਆ। ਇਹਨਾਂ ਦਾ ਫਿਰਨ ਤੁਰਨ, ਕੰਮ ਕਾਰ ਕਰਨ ਦਾ ਖੇਤਰ ਵਧਿਆ। ਲੜਕੀਆਂ ਦੀ ਵਿਦਿਆ ਨੂੰ ਤਰਜੀਹ ਦਿੱਤੀ ਗਈ। 'ਲੜਕੀਆਂ ਨੂੰ ਲੜਕਿਆਂ ਵਾਂਗ ਹੀ ਵਿਦਿਆ ਦਿੱਤੀ ਜਾਵੇ' ਦਾ ਨਾਹਰਾ ਅੱਗੇ ਨਾਲੋਂ ਹੋਰ ਬੁਲੰਦ ਹੋਇਆ। ਜਿਸ ਤਰ੍ਹਾਂ ਫਿਊਡਲ ਦੇ ਵਿਰੁਧ ਉਠਦੀ ਬੁਰਜੁਆਜ਼ੀ ਦਾ ਲਫਜ਼ਾਂ ਵਿਚ ਤਾਂ ਨਾਹਰਾ ਸੀ—ਆਜ਼ਾਦੀ, ਬਰਾਬਰੀ, ਬਰਾਦਰੀ, ਪਰ ਉਸ ਦਾ ਅਸਲਾ ਸੀ—ਸਰਮਾਏ ਦੀ ਆਜ਼ਾਦੀ, ਸਰਮਾਏ ਨੂੰ ਮੁਨਾਫਾ ਕਮਾਉਣ ਦੀ ਆਜ਼ਾਦੀ, ਏਸੇ ਤਰ੍ਹਾਂ ਹੀ ਲਫਜ਼ਾਂ ਵਿਚ ਇਹ ਨਾਹਰਾ ਤਾਂ ਸੀ ਲੜਕੀਆਂ ਨੂੰ ਵਿਦਿਆ ਦਿੱਤੀ ਜਾਵੇ, ਪਰ ਜਿਸ ਤਰ੍ਹਾਂ ਬਹੁਤ ਹੱਦ ਤਕ ਲੜਕਿਆਂ ਦੇ ਖੇਤਰ ਵਿਚ ਵੀ ਸੀ, ਹਾਲਾਤ ਦੇ ਪ੍ਰਸੰਗ ਵਿਚ, ਅਮਲੀ ਪੱਧਰ 'ਤੇ ਇਹ ਨਾਹਰਾ ਲਾਗੂ ਹੁੰਦਾ ਸੀ, ਲਾਗੂ ਹੋਇਆ ਮਧ ਸ਼੍ਰੇਣੀ ਤੇ ਉਪਰਲੀਆਂ ਜਮਾਤਾਂ ਦੀਆਂ ਲੜਕੀਆਂ 'ਤੇ ਹੀ। ਮੇਹਨਤਕਸ਼ ਤਬਕੇ ਦੀਆਂ, ਹਲਵਾਹਕਾਂ ਦੀਆਂ, ਮਜ਼ਦੂਰ ਤਬਕੇ ਦੀਆਂ ਲੜਕੀਆਂ ਤਕ ਨਾ ਇਸ ਨੇ ਪਹੁੰਚਣਾ ਸੀ, ਨਾ ਪਹੁੰਚਿਆ। ਨੀਵੀਂ ਉਚੀ ਮਧ ਸ਼੍ਰੇਣੀ ਤੇ ਉਪਰਲੇ ਤਬਕੇ ਦੀਆਂ ਲੜਕੀਆਂ ਵਾਸਤੇ ਮੁਲਕ ਵਿਚ ਮਿਲਦੀ, ਉੱਚੀ ਤੋਂ ਉੱਚੀ ਵਿਦਿਆ, ਤੇ ਕਈ ਕਸਬਾਂ ਦੀ ਵਿਦਿਆ ਦਾ ਰਾਹ ਖੁਲ੍ਹਿਆ। ਅਵਸਰ ਮਿਲਦਿਆਂ ਹੀ ਇਹਨਾਂ ਤਬਕਿਆਂ ਦੀਆਂ ਲੜਕੀਆਂ ਨੇ ਧੜਾ ਧੜ ਵਿਦਿਆ ਲਈ। ਅਤੇ ਜੋ ਪੜ੍ਹ ਗਈਆਂ ਤੇ ਖਾਸ ਕਸਬਾਂ ਦੇ ਕਰਨ ਦੇ

ਯੋਗ ਹੋ ਗਈਆਂ ਉਨ੍ਹਾਂ ਨੂੰ ਰੁਜ਼ਗਾਰ ਵੀ ਮਿਲਣ ਲੱਗੇ । ਉਨ੍ਹਾਂ ਆਪੋ ਆਪਣੇ ਕਸਬ ਵੀ ਅਖਤਿਆਰ ਕੀਤੇ । ਆਪਣੇ ਮਰਦਾਂ ਵਾਂਗ ਕਮਾਉਣ ਲੱਗੀਆਂ । ਪੜ੍ਹੀਆਂ ਲਿਖੀਆਂ ਦੀ, ਕੰਮ 'ਤੇ ਲੱਗੀਆਂ ਦੀ ਆਵਾਜਾਈ, ਤੁਰਨਾ ਫਿਰਨਾ, ਕੰਮਾਂ ਧੰਧਿਆਂ ਵਾਸਤੇ ਆਉਣਾ ਜਾਣਾ ਵਧਿਆ । ਬਾਹਰ ਅੰਦਰ ਆਉਣਾ ਜਾਣਾ ਸੁਭਾਵਿਕ ਹੋ ਗਿਆ । ਕੋਈ ਖਾਸ ਰੜੀ ਰੁਕਾਵਟ ਨਾ ਰਹੀ ।

ਕੰਮ ਕਰਦਿਆਂ, ਘਰੋਂ ਬਾਹਰਲਿਆਂ ਮਰਦਾਂ ਨਾਲ ਮਿਲਣਾ ਜੁਲਣਾ, ਉਨ੍ਹਾਂ ਨਾਲ ਰਲ ਕੇ ਕੰਮ ਕਰਨਾ ਆਮ ਵਿਹਾਰ ਕਾਰ ਹੋ ਗਿਆ । ਓਪਰਿਆਂ ਮਰਦਾਂ ਨੂੰ ਮਿਲਣ ਗਿਲਣ ਦੀ ਸੰਗ-ਸੰਗਾਅ ਲੱਥ ਗਈ । ਸਰੀਰਕ ਸੁਰਖਿਆ ਹੋਵੇ ਸਹੀ ਇਹ ਔਰਤਾਂ ਕਿਤੇ ਵੀ ਆ, ਜਾ ਸਕਦੀਆਂ ਸਨ, ਕਿਤੇ ਜਾ ਕੇ ਕੰਮ ਕਰ ਸਕਦੀਆਂ ਸਨ, ਰੋਜ਼ੀ ਕਮਾ ਸਕਦੀਆਂ ਸਨ । ਹੋਰ ਔਰਤਾਂ ਮਰਦਾਂ ਨਾਲ ਰਲ ਕੇ ਕੋਈ ਸਮਾਜਕ ਕੰਮ ਵੀ ਕਰ ਸਕਦੀਆਂ ਸਨ । ਮੌਕੇ ਮਿਲੇ, ਇਹਨਾਂ ਔਰਤਾਂ ਨੇ ਸਮਾਜਕ ਜ਼ਿੰਦਗੀ ਦੇ ਹਰ ਪਹਿਲੂ ਵਿਚ ਆਪਣੇ ਵਾਸਤੇ ਰਾਹ ਖੋਹਲੇ । ਆਰਥਕ, ਸਮਾਜਕ ਸਿਆਸੀ ਕਲਚਰਲ ਸੰਸਥਾਵਾਂ ਵਿਚ ਗਈਆਂ । ਉਨ੍ਹਾਂ ਵਿਚ ਕੰਮ ਵੀ ਕੀਤਾ । ਕਾਰਕੁਨਾਂ ਵੀ ਬਣੀਆਂ । ਹਰ ਕਿਸਮ ਦੀਆਂ ਸਮਾਜਕ ਸਿਆਸੀ, ਕਲਚਰਲ ਲਹਿਰਾਂ ਵਿਚ ਸ਼ਾਮਲ ਹੋਈਆਂ । ਇਹਨਾਂ ਦੀ ਇਸ ਕਰਨੀ ਨਾਲ, ਇਹਨਾਂ ਤਬਕਿਆਂ ਦੀਆਂ ਸਾਰੀਆਂ ਔਰਤਾਂ ਦੀ ਜ਼ਿੰਦਗੀ ਦਾ ਮਾਹੌਲ, ਉਨ੍ਹਾਂ ਦਾ ਆਪਨੀ ਜ਼ਿੰਦਗੀ ਦਾ ਸੰਕਲਪ ਬਦਲਿਆ । ਜੋ ਘਰੋਂ ਬਾਹਰ ਕਿਸੇ ਕਸਬ ਦਾ ਕੰਮ ਕਰਦੀਆਂ ਸਨ, ਆਪਨੀ ਰੋਜ਼ੀ ਕਮਾਉਂਦੀਆਂ ਸਨ ਉਨ੍ਹਾਂ ਦਾ ਹੀ ਨਹੀਂ, ਜਿਨ੍ਹਾਂ ਕਿਸੇ ਕਾਰਨ ਕਰਕੇ ਘਰੋਂ ਬਾਹਰ ਕੋਈ ਵੀ ਕਸਬ ਅਖਤਿਆਰ ਨਹੀਂ ਸੀ ਕੀਤਾ ਉਨ੍ਹਾਂ ਦਾ ਵੀ । ਇਹਨਾਂ ਪੜ੍ਹੀਆਂ ਲਿਖੀਆਂ, ਕੋਈ-ਨਾ-ਕੋਈ ਕਸਬ ਕਰਦੀਆਂ, ਆਪਨੀ ਰੋਜ਼ੀ ਕਮਾਉਂਦੀਆਂ ਔਰਤਾਂ ਵਾਸਤੇ ਪਤੀ, ਆਰਥਕ ਪੱਧਰ 'ਤੇ, ਜੀਆ ਪਾਈ ਦੇਣ ਦਿਆਂ ਅਰਥਾਂ ਵਿਚ ਪਰਮੇਸ਼ਰ ਨਾ ਰਿਹਾ । ਘਰੋਂ ਬਾਹਰ ਜਾ ਕੇ ਕੰਮ ਕਰਦੀਆਂ ਦੇ ਸਮਾਜਕ ਹਾਲਾਤ ਨੇ ਵੀ ਨਵੀਂ ਪੁਜ਼ੀਸ਼ਨ ਦੀ ਪੁਸ਼ਟੀ ਕੀਤੀ । ਜਦੋਂ ਇਹਨਾਂ ਦੀ ਆਰਥਕ ਸਮਾਜਕ ਦਸ਼ਾ ਬਦਲੀ, ਇਹਨਾਂ ਦੀ ਜ਼ਿੰਦਗੀ ਦੇ ਆਰਥਕ ਸਮਾਜਕ ਰਿਸ਼ਤੇ ਅੱਗੇ ਨਾਲੋਂ ਬਦਲੇ, ਇਹਨਾਂ ਨੂੰ ਆਪਨੀਆਂ ਲੱਤਾਂ ਬਾਹਵਾਂ ਅਕੜਾਉਣ ਦੀ ਗੁੰਜਾਇਸ਼ ਹੋਈ, ਹੱਡ ਮੋਕਲੇ ਹੋਏ, ਵਿਚਾਰਧਾਰਕ ਕਲਚਰਲ ਦਸ਼ਾ, ਰਿਸ਼ਤੇ ਬਦਲਣੇ ਹੀ ਸਨ ਸੁ ਬਦਲੇ । ਇਹਨਾਂ ਦੇ ਦਿਲ ਦਿਮਾਗ ਦੀ ਪੱਧਰ 'ਤੇ ਪੁਰਾਣੇ ਸੰਕਲਪ ਦੀ ਉਹ ਪਕੜ ਨਾ ਰਹਿ ਸਕਦੀ ਸੀ, ਨਾ ਰਹੀ । ਇਹਨਾਂ ਦੇ ਮਨਾਂ 'ਤੇ ਪਤੀ ਦਾ ਪਹਿਲੋਂ ਵਾਲਾ ਜ਼ਾਬਤਾ ਨਾ ਰਹਿ ਸਕਦਾ ਸੀ, ਨਾ ਰਿਹਾ । ਸਰਮਾਏਦਾਰੀ ਦੀ ਆਮਦ ਨੇ, ਬੁਰਜੁਆ ਰਿਸ਼ਤਿਆਂ ਦੀ ਸਥਾਪਨਾਂ ਨੇ, ਇਹਨਾਂ ਔਰਤਾਂ ਦੀ ਹੋਈ ਲਾਮਬੰਦੀ ਨੇ, ਮਿਲੀ ਵਿਦਿਆ ਨੇ, ਕਮਾਈ ਦੇ ਪੈਸਿਆਂ ਨੇ, ਹਰ ਸਮਾਜਕ ਸਿਆਸੀ ਕਲਚਰਲ ਲਹਿਰ ਵਿਚ ਇਹਨਾਂ ਦੇ ਹਿੱਸਾ ਲੈਣ ਨੇ, ਸਾਡੀ ਆਰਥਕ ਸਮਾਜਕ ਫਾਰਮੇਸ਼ਨ ਦੇ ਪਛਮੀ ਬੁਰਜੁਆ ਸਭਿਅਤਾ ਨਾਲ ਰਿਸ਼ਤੇ ਨੇ, ਇਹਨਾਂ ਤਬਕਿਆਂ ਦੀਆਂ ਔਰਤਾਂ ਨੂੰ ਉਪਰ ਦੱਸੀ ਪੁਜ਼ੀਸ਼ਨ 'ਤੇ ਪੁਚਾ ਦਿਤਾ, ਅਤੇ ਇਥੇ ਪਹੁੰਚ ਕੇ ਇਹ ਔਰਤਾਂ ਮਰਦਾਂ ਤੋਂ ਪਰਬਾਹਰੀਆਂ ਹੋ ਕੇ ਆਪਨੀ ਸਮਾਜਕ ਮਨੁਖੀ ਦਸ਼ਾ ਬਾਬਤ ਸੋਚਣ, ਮਹਿਸੂਸ ਕਰਨ ਲੱਗੀਆਂ ।

ਬੁਰਜੁਆ ਨਿਜ਼ਾਮ ਮੇਹਨਤਕਸ਼ ਤਬਕੇ ਨੂੰ, ਬੰਦੇ ਨੂੰ, ਆਜ਼ਾਦੀ ਦੇ ਤਾਂ ਨਹੀਂ ਸਕਦਾ ਪਰ ਇਹ ਆਜ਼ਾਦੀ ਦਾ ਲਾਰਾ ਜ਼ਰੂਰ ਲਾਉਂਦਾ ਹੈ । ਆਜ਼ਾਦੀ ਦੀ ਖਾਹਸ਼, ਉਸ ਦੀ ਤਾਂਘ ਨੂੰ ਤਕੜਿਆਂ ਕਰਦਾ ਹੈ । ਆਜ਼ਾਦੀ ਦਾ ਨਾਹਰਾ ਜ਼ਰੂਰ ਲਵਾਉਂਦਾ ਹੈ । ਬੁਰਜੁਆ ਨਿਜ਼ਾਮ ਦਾ ਆਮ ਖਾਸਾ ਹੈ ਕਿ ਇਹ ਬੰਦੇ ਦੀ ਆਜ਼ਾਦੀ ਦੀਆਂ ਪਦਾਰਥਕ ਸੰਭਾਵਨਾਵਾਂ ਪੈਦਾ ਕਰਦਾ ਹੈ ਪਰ ਉਸ ਦੀ

ਆਜ਼ਾਦੀ ਨੂੰ ਅਸਲੀਅਤ ਨਹੀਂ ਬਣਾਉਂਦਾ । ਬੁਰਜੁਆ ਸਮਾਜਕ ਰਿਸ਼ਤਿਆਂ ਨੇ ਔਰਤ ਨੂੰ ਆਜ਼ਾਦੀ ਤਾਂ ਕੀ ਦੇਣੀ ਹੈ, ਇਹ ਉਸ ਨੂੰ ਮਰਦ ਦੀ ਗੈਲ ਤੋਂ ਵੀ ਨਹੀਂ ਛੁੜਾਉਂਦੇ । ਪਰ ਔਰਤ ਦੇ ਮਨ ਵਿਚ ਮਰਦ ਦੇ ਅੱਗੇ ਅਧੀਨਗੀ ਦੇ ਵਿਰੁਧ ਗਿਲਾਨੀ ਜ਼ਰੂਰ ਮਹਿਸੂਸ ਕਰਾਉਂਦੇ ਹਨ । ਆਜ਼ਾਦੀ ਤਾਂ ਇਹ ਸਮਾਜਕ ਰਿਸ਼ਤੇ ਦੇਂਦੇ ਨਹੀਂ, ਦੇ ਨਹੀਂ ਸਕਦੇ, ਪਰ ਆਪਨੀ ਲੋੜ ਨੂੰ ਪਰੋਲਤਾਰੀ ਜਮਾਤ ਨੂੰ ਚੁੱਕਿ ਵਜੂਦ ਵਿਚ ਲਿਆਉਂਦੇ ਹਨ, ਪਰੋਲਤਾਰੀ ਦੇ ਪੈਂਤੜੇ ਦੇ ਜਾਗਣ ਦੀ ਸੰਭਾਵਨਾ ਪੈਦਾ ਕਰ ਦੇਂਦੇ ਹਨ । ਇਸ ਵਾਸਤੇ ਆਜ਼ਾਦੀ ਦੀ ਚੇਤਨਤਾ ਦੇ ਪੈਦਾ ਹੋਣ ਨੂੰ ਬੇਵਸੇ ਹੀ ਰਾਹ ਦੇਂਦੇ ਹਨ । ਇਕ ਨੁਕਤੇ ਤੋਂ ਵੇਖਿਆ ਜਾਵੇ ਤਾਂ ਪਰੋਲਤਾਰੀ ਦੇ ਜਨਮ ਨਾਲ ਹੀ ਸਮਾਜਵਾਦ ਦੀ ਉਸਾਰੀ ਵਾਸਤੇ ਕੱਚਾ ਮਾਲ, ਸੀਧਾ ਪੈਦਾ ਹੋਣਾ, ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ ।

ਸਾਡੇ ਸਮਾਜ ਦੀ ਇਸ ਤਬਕੇ ਦੀ ਔਰਤ ਨੇ ਆਪਨਾ ਰਾਹ ਮੋਕਲਾ ਕਰਨ ਦੀ ਠਾਣ ਲਈ ਹੈ । ਆਪਨੀ ਆਜ਼ਾਦੀ ਦਾ ਨਾਹਰਾ ਬੁਲੰਦ ਕੀਤਾ ਹੈ । ਪਰ, ਆਪਨੀਆਂ ਮਨੁਖੀ ਸੰਭਾਵਨਾਵਾਂ ਦੀ ਸਾਹ ਘੁੱਟੀ ਦਾ ਮਹਿਸੂਸ ਕਰਨਾ, ਆਪਨੀ ਬੰਦ-ਖਲਾਸ ਵਾਸਤੇ ਤਾਂਘਣਾ, ਆਪਨੀ ਆਜ਼ਾਦੀ ਵਾਸਤੇ ਕੂਕਣਾ ਇਕ ਗਲ ਹੈ ਅਤੇ ਆਜ਼ਾਦੀ ਦੀ ਵਸਤੂ ਨੂੰ ਸਮਝਣਾ ਬਿਲਕੁਲ ਦੂਸਰੀ ।

ਬੰਦੇ ਨੂੰ ਤਾਂ ਸਰਮਾਏਦਾਰੀ ਆਜ਼ਾਦੀ ਦੇਂਦੀ ਨਹੀਂ । ਦੇ ਨਹੀਂ ਸਕਦੀ । ਇਹ ਆਜ਼ਾਦੀ ਦੇਂਦੀ ਹੈ—ਸਰਮਾਏ ਨੂੰ, ਉਸ ਦੇ ਵਿਕਾਸ ਵਾਸਤੇ, ਵਾਧੇ ਵਾਸਤੇ । ਇਸ ਵਾਸਤੇ ਨਾਲ ਹੀ ਆਪਨੀ ਮੰਡੀ ਵਿਚ ਵਿਕਦੀ ਹਰ ਜਿਨਸ ਦੇ ਮਾਲਕ ਨੂੰ ਆਜ਼ਾਦੀ ਦੇਂਦੀ ਹੈ, ਜੋ ਉਸ ਦੇ ਕੋਲ ਆਪਨੀ ਜਿਨਸ ਹੈ ਉਸ ਨੂੰ ਵੇਚਣ ਦੀ । ਮਤਲਬ ਹੈ ਬੁਰਜੁਆ ਸਮਾਜਕ ਰਿਸ਼ਤੇ ਆਪਨੀ ਮੰਡੀ ਨੂੰ ਆਜ਼ਾਦੀ ਦੇਂਦੀ ਹਨ । ਬੁਰਜੁਆ ਰਿਸ਼ਤਿਆਂ ਦੇ ਸਮਾਜ ਵਿਚ ਕਾਬਜ਼ ਹੋਣ ਦਾ ਅਰਥ ਹੈ—ਸਮਾਜ ਵਿਚ ਬੁਰਜੁਆ ਮੰਡੀ ਦੀ ਸਰਦਾਰੀ । ਫਿਊਡਲ ਦੇ ਵਿਰੁਧ ਉਠਦੇ ਬੁਰਜੁਆ ਰਿਸ਼ਤਿਆਂ ਦੇ ਸਿਰਜੇ ਬੰਦੇ ਦਾ ਅਸਲਾ ਕੀ ਹੁੰਦੈ ? ਉਸ ਦਾ ਅਸਲਾ ਹੁੰਦੈ—ਮਨ-ਮਰਜ਼ੀ । ਉਹ ਮਨ-ਮਰਜ਼ੀ ਕਰਨ ਵਿਚ ਹੀ ਸਮਝਦਾ, ਮਹਿਸੂਸ ਕਰਦਾ ਹੈ—ਆਪਨੀ ਹਸਤੀ ਹੋਂਦ, ਆਪਨੀ ਆਜ਼ਾਦੀ । ਬੇਮੁਹਾਰ ਮਨ-ਮਰਜ਼ੀ ਉਸ ਦੇ ਰੂਹ ਨੂੰ ਖਿਚਦੀ ਹੈ ਅਤੇ ਇਸ ਵਿਚ ਹੀ ਉਹ ਮਹਿਸੂਸ ਕਰਦਾ ਹੈ ਕਿ ਹੋਵੇਗਾ ਉਸ ਦੇ ਰੂਹ ਦਾ ਰੱਜ ।

ਬੁਰਜੁਆ ਮਨ-ਮਰਜ਼ੀ ਅਸਲ ਵਿਚ ਹੁੰਦੀ ਕੀ ਹੈ ? ਹੁੰਦੀ ਹੈ ਹਨੇਰ-ਗਰਦੀ, ਅਨਾਰਕੀ, ਭਾਵੇਂ ਉਹ ਹੋਵੇ ਆਰਥਕ ਖੇਤਰ ਵਿਚ, ਜਾਂ ਮਨੁਖੀ ਰਿਸ਼ਤਿਆਂ ਵਿਚ, ਜਿਨਸੀ ਰਿਸ਼ਤਿਆਂ ਵਿਚ । ਬੁਰਜੁਆ ਸਮਾਜ ਵਿਚ ਮੇਹਨਤਕਸ਼ ਤਬਕੇ ਕੋਲ, ਵਰਕਰ ਜਮਾਤ ਕੋਲ ਸਰਮਾਏਦਾਰੀ ਦੀ ਮੰਡੀ ਵਿਚ ਵਿਕਣ ਵਾਲੀ ਵਸਤ, ਜਿਨਸ ਹੈ—ਉਸ ਦਾ ਆਪਨਾ ਹੱਥ, ਕੰਮ ਕਰਦਾ ਹੱਥ, ਉਸ ਦੀ ਕਿਰਤ ਸ਼ਕਤੀ । ਔਰਤ ਕੋਲ ਆਪਨੇ ਕੰਮ ਕਰਦੇ ਹੱਥਾਂ ਤੋਂ ਇਲਾਵਾ ਬੁਰਜੁਆ ਮੰਡੀ ਵਿਚ ਵਿਕਾਊ ਜਿਨਸ ਹੈ—ਉਸ ਦਾ ਆਪਨਾ ਸਰੀਰ, ਉਸ ਦੀ ਜਵਾਨੀ, ਹੁਸਨ, ਕਾਮ ਬਣੀ ਜਿਨਸ । ਬੁਰਜੁਆ ਰਿਸ਼ਤਿਆਂ ਦੇ ਸਿਰਜੇ ਨੀਵੀਂ, ਉਚੀ ਮਧ ਸ਼੍ਰੇਣੀ ਦੇ ਮਰਦਾਂ ਤੇ ਔਰਤਾਂ ਦੀ ਬਣਤਰ ਕੁਦਰਤੀ ਬੁਰਜੁਆ ਹੈ । ਬੁਰਜੁਆ ਬਣਤਰ ਵਾਲੇ ਬੰਦੇ ਦਾ ਅਸਲਾ ਹੈ, ਮੰਡੀ ਵਿਚ ਆਪਨੀ ਜਿਨਸ ਦਾ ਵੱਧ ਤੋਂ ਵੱਧ ਮੁਲ ਪਵਾਉਣ ਦੀ ਲਾਲਸਾ । ਤੇ ਵੱਧ ਤੋਂ ਵੱਧ ਮੁਲ ਪਵਾਉਣ ਵਾਸਤੇ ਆਪਨੀ ਜਿਨਸ ਨੂੰ ਲਿਸ਼ਕਾ ਪੁਸ਼ਕਾ ਕੇ ਪੇਸ਼ ਕਰਨਾ । ਉਸ ਨੂੰ ਗਾਹਕ-ਮਾਰ ਬਣਾਉਣਾ । ਬੁਰਜੁਆ ਬਣਤਰ ਵਾਲੇ, ਮਧ ਸ਼੍ਰੇਣੀ ਦੇ ਮਰਦ ਤੇ ਔਰਤਾਂ ਆਪੋ ਆਪਨੀ ਜਿਨਸ/ਵਸਤ ਨੂੰ ਲੈ ਕੇ ਮੰਡੀ ਨੂੰ ਭੱਜਦੇ ਹਨ । ਮੰਡੀ ਵਿਚ ਮੁਲ ਪਵਾਉਣ, ਵੇਚਣ ਦੇ ਨੁਕਤੇ ਤੋਂ ਬੁਰਜੁਆ ਬਣਤਰ ਦੀ ਔਰਤ ਨੂੰ ਹਵੱਸ ਹੈ ਆਪਣੇ

ਹੁਸਨ, ਜਿਨਸ ਨੂੰ ਉਭਾਰਨ ਦੀ। ਮਰਦ ਦੇ, ਕਾਮ ਬਣੇ ਜਿਨਸ ਨੂੰ ਟੁੰਬਣ ਦੀ, ਆਪਣੇ ਉਤੇ ਲੱਟੂ ਕਰਾਉਣ ਦੀ।

ਬੁਰਜੁਆ ਰਿਸ਼ਤਿਆਂ ਦੇ ਰਾਇਜ ਹੋਣ ਨਾਲ ਫਿਊਡਲ ਨਿਜ਼ਾਮ ਦੇ ਮੁਕਾਬਲੇ 'ਤੇ ਔਰਤ ਦਾ ਮਰਦ ਨਾਲ ਰਿਸ਼ਤਾ ਕਦਰੇ ਬਦਲਿਆ। ਮਨ-ਮਰਜ਼ੀ ਦੇ ਵਿਆਹ "ਲਵ-ਮੈਰਿਜ਼" ਦਾ ਨਾਹਰਾ ਉਠਿਆ। ਉਠੇ ਮਾਨਵਵਾਦ ਦੇ ਖੁਸ਼ਕ ਹੁੰਦਿਆਂ ਹੀ ਮਨ-ਮਰਜ਼ੀ ਦਾ ਵਿਆਹ ਬੁਰਜੁਆ ਵਿਆਹ ਹੋ ਨਿਬੜਿਆ ਹੈ। ਬੁਰਜੁਆ ਵਿਆਹ ਦਾ ਅਸਲਾ ਕੀ ਹੈ ? ਇਕ ਦੂਸਰੇ ਦੇ ਜਿਨਸੀ ਅੰਗ ਵਰਤਣ ਵਾਸਤੇ ਦੋਹਾਂ ਧਿਰਾਂ ਦਾ ਆਪਸ ਵਿਚ ਠੇਕਾ। ਬੁਰਜੁਆ ਰਿਸ਼ਤਿਆਂ ਦੇ ਰਾਇਜ ਹੋਣ ਨੇ ਔਰਤ ਨੂੰ ਆਜ਼ਾਦੀ ਤਾਂ ਨਾ ਦੇਣੀ ਸੀ ਅਤੇ ਨਾ ਹੀ ਦਿੱਤੀ ਹੈ, ਪਰ ਮਧ ਸ਼੍ਰੇਣੀ ਦੀ ਪੜ੍ਹੀ ਲਿਖੀ ਔਰਤ ਦੇ ਮਨ ਵਿਚ ਇਹ ਭੁਲੇਖਾ ਜ਼ਰੂਰ ਪਾ ਦਿੱਤਾ ਹੈ ਕਿ ਮੈਂ ਆਪਣੀ ਆਪ ਮਾਲਕ ਹਾਂ। ਮਨ-ਮਰਜ਼ੀ ਕਰ ਸਕਦੀ ਹਾਂ। ਅਤੇ ਮਨ ਮਰਜ਼ੀ ਕਰਨ ਵਿਚ ਹੀ ਮੇਰੀ ਆਜ਼ਾਦੀ ਹੈ। ਆਜ਼ਾਦੀ ਹੈ ਹੀ ਮਨ-ਮਰਜ਼ੀ। ਅਤੇ ਉਸ ਦੀ ਮਨ-ਮਰਜ਼ੀ ਹੈ—ਬੁਰਜੁਆ ਮਨ-ਮਰਜ਼ੀ। ਉਹ ਮਨ-ਮਰਜ਼ੀ ਕਰਨਾ ਲੋਚਦੀ ਹੈ। ਮਨ-ਮਰਜ਼ੀ ਦੇ ਵਿਆਹ ਨੂੰ ਤਾਂਘਦੀ ਹੈ। ਮਧ-ਸ਼੍ਰੇਣੀ ਦੀਆਂ ਔਰਤਾਂ ਦੀ ਭੰਨਵੀਂ ਬਹੁ-ਗਿਣਤੀ, ਮਨ-ਮਰਜ਼ੀ ਦੇ ਵਿਆਹ ਦੀ ਸ਼ਕਲ ਵਿਚ, ਬੁਰਜੁਆ ਵਿਆਹ ਦੀ ਸ਼ਕਲ ਵਿਚ ਆਪਣੇ ਆਪ ਨੂੰ, ਆਪਣੇ ਹੁਸਨ, ਜਵਾਨੀ ਤੇ ਜਿਨਸ ਨੂੰ ਇਕ ਮਰਦ ਕੋਲ ਵੇਚਦੀ ਹੈ। ਅਤੇ ਉਨ੍ਹਾਂ ਦਾ ਵੀ ਬੀਜ ਨਾਸ ਨਹੀਂ ਜੋ ਵਿਆਹ ਹੁੰਦਿਆਂ ਹੋਇਆਂ ਜਾਂ ਉਸ ਤੋਂ ਬਗੈਰ ਆਪਣਾ ਹੁਸਨ/ਜਿਨਸ ਵੇਚਦੀਆਂ ਹਨ ਖੁਲ੍ਹੀ ਮੰਡੀ ਵਿਚ। ਇਸ ਰਾਹੇ ਪੈਣ ਵਿਚ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਮਿਸਾਲ ਹੈ ਪਛਮੀ ਸਰਮਾਏਦਾਰੀ ਮੁਲਕਾਂ ਦੀ ਔਰਤ ਦੀ, ਜਿਸ ਨੂੰ ਉਹ ਆਜ਼ਾਦ ਸਮਝਦੀਆਂ ਹਨ ਅਤੇ ਜੋ ਉਨ੍ਹਾਂ ਦੇ ਮਨਾਂ ਨੂੰ ਚਮਕ ਪੱਥਰ ਵਾਂਗ ਖਿਚਦੀ ਹੈ। ਉਸ 'ਤੇ ਇਹ ਐਨੀਆਂ ਲੱਟੂ ਹਨ ਕਿ ਉਸ ਵਰਗੀਆਂ ਹੋਣ ਨੂੰ ਇਹ ਲਾਲ੍ਹਾਂ ਛਡਦੀਆਂ ਹਨ। ਖੁਲ੍ਹੀ ਮੰਡੀ ਵਿਚ ਇਹਨਾਂ ਔਰਤਾਂ ਦੇ ਹੁਸਨ ਨੂੰ, ਜਿਨਸ ਨੂੰ ਖਰੀਦਣ ਵਾਲਾ ਗਾਹਕ ਵੀ ਪੈਦਾ ਹੋ ਗਿਆ ਹੈ—ਪੈਸਾ ਰੋਲਦਾ ਬਪਾਰੀ, ਹੱਥ ਰੰਗਦਾ ਸਰਮਾਏਦਾਰ, ਸਿਆਸਤ ਦੇ ਖੇਤਰ ਦਾ ਠੱਗਬਾਜ਼ ਪੋਲੇਟੀਸ਼ਨ ਤੇ ਰਿਸ਼ੱਵਤ-ਖੋਰ ਵੱਡਾ ਅਫਸਰ, ਵੱਡਾ ਬਿਊਰੋਕਰੈਟ !

ਪੰਜਾਬੀ ਦੇ ਜਿਨ੍ਹਾਂ ਲੇਖਕਾਂ, ਲੇਖਕਾਵਾਂ ਨੇ ਇਸ ਸਮਾਜ ਵਿਚ ਔਰਤ ਤੇ ਮਰਦ ਦੇ ਜਿਨਸੀ ਰਿਸ਼ਤੇ ਰਾਹੀਂ, ਔਰਤ 'ਤੇ ਹੁੰਦੇ ਜਬਰ ਨੂੰ ਨੰਗਿਆ ਕਰਕੇ ਉਸ ਦੀ ਤੇ ਜਿਨਸ ਦੀ ਆਜ਼ਾਦੀ ਵਾਸਤੇ ਕਲਮ ਉਠਾਈ ਹੈ ਉਨ੍ਹਾਂ ਦੀ ਆਪਣੀ ਬਣਤਰ ਬਹੁਤ ਹੱਦ ਤਕ ਬੁਰਜੁਆ ਹੈ। ਉਨ੍ਹਾਂ ਨੂੰ ਨਾ ਤਾਂ ਦਿਮਾਗੀ ਤੌਰ 'ਤੇ ਹੀ ਬੰਦੇ ਦੀ ਆਜ਼ਾਦੀ ਦੀ, ਔਰਤ ਦੀ, ਜਿਨਸ ਦੀ ਆਜ਼ਾਦੀ ਦੀ ਸਮਝ ਹੈ, ਅਤੇ ਨਾ ਹੀ ਉਨ੍ਹਾਂ ਦੇ ਦਿਲ ਦੀ ਤਾਰ ਆਜ਼ਾਦੀ ਦੇ ਪੈਂਤੜੇ 'ਤੇ ਵੱਜਦੀ ਹੈ। ਪਰੋਲਤਾਰੀ ਦੇ ਪੈਂਤੜੇ ਤੋਂ ਵੇਖਿਆਂ, ਬੰਦੇ ਦੀ ਆਜ਼ਾਦੀ ਦੇ ਤੱਕੜ ਚੜ੍ਹਾਇਆਂ, ਉਨ੍ਹਾਂ ਦਾ ਦਿਲ ਟਿਕਾਣੇ ਨਹੀਂ ਹੈ। ਉਨ੍ਹਾਂ ਦੇ ਦਿਲ ਦੀ ਤਾਰ ਵਜਦੀ ਹੈ—ਬੁਰਜੁਆ ਤਰਜ਼ੇ-ਜ਼ਿੰਦਗੀ 'ਤੇ। "ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ। ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ।" ਅਜ ਦੇ ਪ੍ਰਸੰਗ ਵਿਚ ਸਿਰਫ ਉਨ੍ਹਾਂ ਦਾ ਦਿਲ ਹੀ ਬੁਰਜੁਆ ਤਰਜ਼ੇ-ਜ਼ਿੰਦਗੀ 'ਤੇ ਨਹੀਂ ਵੱਜਦਾ ਜਿਨ੍ਹਾਂ ਨੂੰ ਸਰਬਤ ਦੀ ਆਜਾਦੀ ਦੀ ਸਾਰ ਐ। ਬਹੁਤ ਹੱਦ ਤਕ ਸਾਡੇ ਲੇਖਕਾਂ ਦਾ ਪੈਮਾਨਾ ਹੈ, ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਹਨ—ਬੁਰਜੁਆ ਕਾਮਨਾਵਾਂ ਦੀਆਂ ਬਣਾਈਆਂ ਹੋਈਆਂ। ਸਾਡੇ ਹੋਰਨਾਂ ਬੁਧੀਮਾਨਾਂ ਵਾਂਗ ਉਨ੍ਹਾਂ ਲੇਖਕਾਂ ਦੀ ਜ਼ਹਿਨੀਅਤ ਕਲੋਨੀਅਲ ਹੈ। ਪਛਮੀ ਸਰਮਾਏਦਾਰੀ ਮੁਲਕਾਂ ਦੀ ਕਲਚਰ ਦਾ,

ਉਨ੍ਹਾਂ ਦੀ ਚੇਤਨਤਾ ਦਾ ਉਨ੍ਹਾਂ ਦੇ ਮਨਾਂ 'ਤੇ ਦਬ ਦਬਾਅ ਹੈ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮਾਡਲ ਹੈ—ਢਹਿ ਰਹੀ, ਬਿਖਰ ਰਹੀ, ਗਰਕ ਹੋ ਰਹੀ, ਰੋਗੀ ਪਛਮੀ ਬੁਰਜੁਆ ਕਲਚਰ, ਉਸ ਕਲਚਰ ਦਾ ਸਿਰਜਿਆ ਜਿਨਸ, ਉਸ ਕਲਚਰ ਦਾ ਤੋਰਿਆ ਔਰਤ ਮਰਦ ਦਾ ਰਿਸ਼ਤਾ। ਉਸ ਕਲਚਰ ਦੀ ਚਮਕ, ਲਿਸ਼ਕ-ਪੁਸ਼ਕ ਨਾਲ ਉਨ੍ਹਾਂ ਦੀਆਂ ਅੱਖਾਂ ਐਨੀਆਂ ਚੁੰਧਿਆਈਆਂ ਹੋਈਆਂ ਨੇ, ਮਨ ਐਨੇ ਲਲਚਾਏ ਹੋਏ ਨੇ ਕਿ ਉਨ੍ਹਾਂ ਮੁਤੇ ਸੁਧ ਹੀ ਜਿਵੇਂ ਸੁਭੈਕੀ ਹੀ, ਆਪਣੀ ਆਲੋਚਨਾਤਮਕ ਬਿਰਤੀ ਨੂੰ ਜਿਵੇਂ ਜਗਾਇਆਂ ਬਗੈਰ ਈ, ਉਸ ਮਾਡਲ ਦੇ ਔਰਤ ਮਰਦ ਦੇ ਰਿਸ਼ਤੇ ਨੂੰ, ਉਸ ਦੇ ਜਿਨਸ ਨੂੰ, ਔਰਤ ਤੇ ਜਿਨਸ ਦੀ ਆਜ਼ਾਦੀ ਦੀ ਦਸ਼ਾ ਸਮਝ ਕੇ ਪ੍ਰਵਾਨ ਕਰ ਲਿਆ ਹੈ।

ਉਸ ਕਲਚਰ ਦਾ ਸਿਰਜਿਆ ਔਰਤ ਮਰਦ ਦਾ ਰਿਸ਼ਤਾ ਹੈ ਕੀ ? ਜਿਨਸੀ ਖੇਤਰ ਵਿਚ ਹਨੇਰ-ਗਰਦੀ, ਪੈ ਰਹੀ ਅੰਨ੍ਹੀ। ਉਸ ਕਲਚਰ ਦੀ ਜਿਨਸ ਕੀ ਹੈ ? ਆਪਣੀ ਗਿਰਾਵਟ ਦੀ ਅਖੀਰਲੀ ਪੱਧਰ ਦਾ ਕਾਮ, ਮਨੁਖੀ ਨੁਕਤੇ ਤੋਂ ਘੋਰ ਗਿਰਾਵਟ, ਪਰਲੇ ਦਰਜੇ ਦੀ ਵਹਿਸ਼ਤ, ਸੁੱਧਾ ਲਚਰਪੁਣਾ। ਔਰਤ ਤੇ ਜਿਨਸ ਦੀ ਆਜ਼ਾਦੀ ਸਮਝ ਕੇ ਉਨ੍ਹਾਂ ਲੇਖਕਾਂ ਨੇ ਉਸ ਲਚਰਪੁਣੇ ਨੂੰ ਆਪਣੀ ਹਿੱਕ ਨਾਲ ਲਾ ਲਿਆ ਹੈ ਅਤੇ ਆਪਣੇ ਪਾਠਕਾਂ ਨੂੰ ਉਸ ਵਲ ਧੜਾ ਧੜ ਉਧਾਲਿਆ ਹੈ। ਉਨ੍ਹਾਂ ਲੇਖਕਾਂ ਨੂੰ ਜੇ ਸਾਹਿਤਕਾਰ ਜ਼ਰੂਰ ਆਖਣਾ ਹੀ ਹੈ ਤਾਂ ਇਹ ਬੁਰਜੁਆ ਪੈਂਤੜੇ ਦੇ ਸਾਹਿਤਕਾਰ ਹਨ। ਉਨ੍ਹਾਂ ਨੇ ਆਜ਼ਾਦੀ ਦਾ ਸੱਚ ਨਹੀਂ ਪਛਾਤਾ। ਆਜ਼ਾਦੀ ਦੀ ਵਸਤੂ ਦੀ ਸੋਝੀ ਉਨ੍ਹਾਂ ਤੋਂ ਕੋਹਾਂ ਦੂਰ ਹੈ। ਪਰੋਲਤਾਰੀ ਦੇ ਪੈਂਤੜੇ ਤੋਂ ਸਾਹਿਤ ਦੀ ਬੁਨਿਆਦ ਹੈ—ਸੱਚ ਦੀ, ਆਜ਼ਾਦੀ ਦੇ ਸੱਚ ਵੀ ਪਹਿਚਾਣ ("ਜਿਨ੍ਹਾ ਪਛਾਤਾ ਸਚੁ ਚੁੰਮਾ ਪੈਰ ਮੂੰ") ਅਤੇ ਪਛਾਤੇ ਹੋਏ ਸੱਚ ਦਾ ਪ੍ਰਗਟਾ, ਸਿਰਜੇ ਮਨੁਖੀ ਚਿਤਰ ਰਾਹੀਂ ਉਸ ਸੱਚ ਵਲ ਨੂੰ ਪਰੇਰਨਾ। ਉਹ ਲੇਖਕ ਪਾਠਕਾਂ ਦੇ ਮਨਾਂ ਨੂੰ ਬੁਰਜੁਆ ਕਲਚਰ ਵਲ ਨੂੰ ਉਧਾਲਦੇ ਨੇ, ਆਜ਼ਾਦੀ ਦੇ ਪੈਂਤੜੇ ਵਲ ਨੂੰ ਨਹੀਂ ਪਰੇਰਦੇ। ਸੱਚ ਦੇ ਪੱਲੇ ਹੋਣ ਤੋਂ ਬਗੈਰ, ਨਿਰੇ ਬੋਲੀ ਦੇ ਸਾਜ਼ ਵਜਾ ਲੈਣਾ ਸਾਹਿਤਕਾਰੀ ਨਹੀਂ। ਚੁਸਤ ਫਿਕਰੇ ਲਿਖ ਲੈਣਾ, ਅਗਲੇ ਦੇ ਮਨ ਨੂੰ ਮਗਰ ਲਾ ਲੈਣਾ ਤਾਕਤ ਤਾਂ ਹੈ, ਪਰ ਆਪਣੇ ਤਰੀਕੇ ਦੀ। ਇਹ ਤਾਕਤ ਤਾਂ ਰੰਨਾਂ ਉਧਾਲ ਕੇ ਲਿਜਾਣ ਵਾਲਿਆਂ ਕੋਲ ਵੀ ਹੁੰਦੀ ਐ। ਜੋ ਅਗਲਿਆਂ ਨੂੰ ਹੱਥਾਂ 'ਤੇ ਪਾ ਕੇ ਉਨ੍ਹਾਂ ਦੇ ਹੱਥਾਂ 'ਤੇ ਸਰੋਂ ਜਮਾ ਕੇ ਉਨ੍ਹਾਂ ਨੂੰ ਠੱਗਦੇ ਨੇ ਉਨ੍ਹਾ ਕੋਲ ਵੀ ਹੁੰਦੀ ਐ। ਸਵਾਲ ਹੈ ਇਹ ਤਾਕਤ ਵਰਤੀ ਕਿਸ ਮਨੋਰਥ ਵਾਸਤੇ ਜਾ ਰਹੀ ਹੈ।

ਉਹ ਲੇਖਕ ਆਜ਼ਾਦ ਔਰਤ ਦਾ ਜੋ ਸੰਕਲਪ ਪੇਸ਼ ਕਰ ਰਹੇ ਹਨ ਉਹ ਹੈ ਕੀ ? ਉਨ੍ਹਾਂ ਦਾ ਸੰਕਲਪ ਇਹ ਹੈ ਕਿ ਔਰਤ ਉਹ ਹੀ ਆਜ਼ਾਦ ਹੈ, ਤਾਂ ਹੀ ਆਜ਼ਾਦ ਹੈ ਜੇ ਉਹ ਜਿਨਸ ਵਿਚ ਉਹ ਹੀ ਵਹਿਸ਼ਤ ਖਲਾਰੇ ਜੋ ਹਾਕਮ ਜਮਾਤਾਂ ਦਾ ਮਰਦ ਖਲਾਰਦਾ ਆਇਆ ਹੈ। ਲਚਰਪੁਣਾ ਉਹ ਹੀ ਕਰੇ ਜੋ ਬੁਰਜੁਆ ਮਰਦ ਕਰਦਾ ਫਿਰਦਾ ਹੈ। ਉਨ੍ਹਾਂ ਦੇ ਅਨੁਸਾਰ ਵਹਿਸ਼ਤ ਖਲਾਰਨ ਵਿਚ, ਲਚਰਪੁਣਾ ਕਰਨ ਵਿਚ ਔਰਤ ਬੁਰਜੁਆ ਮਰਦ ਦੇ ਸਾਵੇਂ ਸਾਵੀਂ ਤੁੱਲ ਸਗੋਂ ਸਾਵੀਂ ਨਾਲੋਂ ਵੀ ਸਵਾਈ ਤਾਂ ਹੀ ਆਜ਼ਾਦ ਹੈ। ਜਿਸ ਤਰ੍ਹਾਂ ਬੁਰਜੁਆ ਮਰਦ ਬਿਗਾਨੀਆਂ ਖੁਰਲੀਆਂ 'ਚੋਂ ਪੱਠੇ ਖਾਂਦਾ, ਜਿਥੋਂ ਜੀ ਕਰੇ ਡੋਹਰੇ ਲਾਉਂਦਾ ਫਿਰਦਾ ਹੈ, ਉਸ ਤਰ੍ਹਾਂ ਹੀ ਔਰਤ ਬਿਗਾਨਿਆਂ ਭਰਿਆਂ ਹੋਇਆਂ ਬਿਸਤਰਿਆਂ ਵਿਚ ਸੌਂਵੇਂ, ਖੁਲ੍ਹੀ ਮੰਡੀ ਵਿਚ ਆਪਣੀ ਜਿਨਸ ਵੇਚੇ ਤਾਂ ਹੀ ਉਸ ਦੀ ਨਿਜਾਤ ਹੈ। ਤਾਂ ਹੀ ਉਹ ਸਹੀ ਅਰਥਾਂ ਵਿਚ ਔਰਤ ਹੈ। ਮਰਦ ਦੇ ਸਾਵਿਆਂ ਖੜੋਣ ਵਾਲੀ ਔਰਤ ਹੈ। ਆਪਣੇ ਪੈਰਾਂ ਸਿਰ ਖੜੋਣ ਵਾਲੀ ਔਰਤ ਹੈ। ਦੂਸਰੇ ਲਫਜ਼ਾਂ ਵਿਚ ਉਨ੍ਹਾਂ ਦੇ ਅਨੁਸਾਰ ਔਰਤ ਤਾਂ ਹੀ ਆਜ਼ਾਦ ਹੈ ਜੇ ਬੁਰਜੁਆ ਮਰਦ ਦੀ ਖਿਲਾਰੀ ਵਹਿਸ਼ਤ ਦੇ ਨਹਿਲੇ 'ਤੇ ਦਹਿਲਾ ਮਾਰੇ। ਤੇ ਮਾਰੇ

ਵੀ ਨਿਸ਼ੰਗ ਹੋ ਕੇ, ਬਗੈਰ ਕਿਸੇ ਡਰ ਡੁੱਕਰ ਤੋਂ, ਬਿਨਾਂ ਕਿਸੇ ਝਿੱਜਕ ਦੇ, ਬਿਨਾਂ ਕਿਸੇ ਕਿਸਮ ਦੀ ਦੁਚਿੱਤੀ ਦੇ, ਜਿਵੇਂ ਜੋ ਕਰ ਰਹੀ ਹੈ ਆਪਣੀ ਫਿਤਰਤੋਂ ਈ ਕਰ ਰਹੀ ਐ। ਜਿਵੇਂ ਪਰਲੇ ਦਰਜੇ ਦਾ ਸਿਖਰਲਾ ਸਦਾਚਾਰਕ ਕੰਮ ਕਰ ਰਹੀ ਹੋਵੇ। ਉਹ ਲੇਖਕ ਔਰਤ ਦੀ ਬੁਰਜੁਆ ਬਣਤਰ ਦੇ ਆਪ-ਮੁਹਾਰੀ ਹੋਣ ਨੂੰ, ਆਪ-ਮੁਹਾਰੀ ਵਿਚਰਨ ਨੂੰ ਹੀ ਔਰਤ ਜਾਤ ਦੀ ਆਜ਼ਾਦੀ ਕਰਾਰ ਦੇਂਦੇ ਹਨ। ਉਨ੍ਹਾਂ ਦੇ ਮੁਤਾਬਕ ਬੁਰਜੁਆ ਬਣਤਰ ਦੀ ਮਨ-ਮਰਜ਼ੀ ਹੀ ਆਜ਼ਾਦੀ ਹੈ। ਜਮਾਤੀ ਸਮਾਜ, ਬੁਰਜੁਆ ਸਮਾਜ ਚੂੰਕਿ ਵਗਦਾ ਹੀ ਪੁੱਠਾ ਹੈ ਸਿੱਧਾ ਕੰਮ ਤਾਂ ਇਸ ਨੇ ਕਰਨਾ ਹੀ ਨਹੀਂ ਹੁੰਦਾ, ਔਰਤ ਮਰਦ ਦਾ ਜਿਨਸੀ ਰਿਸ਼ਤਾ ਕੀ, ਮਨੁਖੀ ਨੁਕਤੇ ਤੋਂ ਕੋਈ ਵੀ ਸਮਾਜਕ ਮਨੁਖੀ ਰਿਸ਼ਤਾ ਇਹ ਸਿੱਧਾ ਬਣਾ ਸਕਦਾ ਹੀ ਨਹੀਂ। ਕਿਸੇ ਰਿਸ਼ਤੇ ਨੂੰ ਵੀ ਇਹ ਸਿੱਧਾ ਰਹਿਣ ਦੇ ਹੀ ਨਹੀਂ ਸਕਦਾ। ਮੂਲ ਮਨੋਰਥ ਨੂੰ, ਮਨੁਖੀ ਮਨੋਰਥ ਨੂੰ ਇਹ ਘੱਟੇ-ਕੌਡੀਆਂ ਰਲਾਉਂਦਾ ਹੈ ਅਤੇ ਹਰ ਰਿਸ਼ਤੇ ਦਾ ਹੁਲੀਆ ਵਿਗਾੜ ਕੇ ਉਸ ਨੂੰ ਆਪਣੀ ਤੋਰਦੇ ਅਨੁਸਾਰੀ ਤੋਰਦਾ ਹੈ। ਹਰ ਰਿਸ਼ਤੇ ਵਿਚ ਉਪੱਠ ਪੌਹੁ ਕਰਨਾ ਜਮਾਤੀ ਸਮਾਜ ਦਾ, ਬੁਰਜੁਆ ਸਮਾਜ ਦਾ ਬੁਨਿਆਦੀ ਖਾਸਾ ਹੈ। ਅਤੇ ਮਨੁਖੀ ਖ਼ਾਸੀਅਤਾਂ, ਮਨੋਰਥਾਂ ਤੇ ਉਨ੍ਹਾਂ 'ਤੇ ਆਧਾਰਤ ਅਮਲ ਰਾਹੀਂ ਵਿਹ ਹੀ ਨੁਕਤਾ ਸਾਹਿਤਕਾਰ ਨੂੰ ਉਭਾਰ ਕੇ ਪੇਸ਼ ਕਰਨਾ ਚਾਹੀਦਾ ਹੈ। ਸਾਰੀ ਗਲ ਦਾ ਭਾਰ ਪੈਣਾ ਚਾਹੀਦਾ ਹੈ ਨਿਜ਼ਾਮ ਦੇ ਅਸਲੇ 'ਤੇ, ਅਤੇ ਸਾਹਿਤਕਾਰ ਦੀ ਉਠਵਾਈ ਪਾਠਕ ਦੀ ਉਂਗਲ ਉਠਣੀ ਚਾਹੀਦੀ ਹੈ—ਕਾਬਜ਼ ਨਿਜ਼ਾਮ ਦੀ ਤੋਰ 'ਤੇ, ਉਸ ਦੇ ਰਿਸ਼ਤਿਆ ਦੇ ਪੈਟਰਨ 'ਤੇ ਜਿਸ ਦਾ ਸਿਰਜਿਆ ਬੰਦਾ ਸਿਰਜੀਦਾ ਹੈ ਅਤੇ ਜਿਸ ਦੀ ਸਿਰਜਣਾ ਦਾ ਤੋਰਿਆ ਉਹ ਤੁਰਦਾ ਹੈ।

ਜਮਾਤੀ ਸਮਾਜ ਦਾ, ਬੁਰਜੁਆ ਨਿਜ਼ਾਮ ਦਾ ਕੰਮ ਚੂੰਕਿ ਵਿਜੋਗਿਆ ਹੁੰਦਾ ਹੈ ਇਸ ਦੇ ਹਰ ਰਿਸ਼ਤੇ ਦਾ ਖਾਸਾ ਲਾਜ਼ਮੀ ਵਿਜੋਗ ਹੀ ਹੋਣਾ ਹੋਇਆ। ਅਤੇ ਔਰਤ ਤੇ ਮਰਦ ਦਾ ਰਿਸ਼ਤਾ ਇਸ ਵਿਜੋਗ ਤੋਂ ਨਾਬਰ ਨਹੀਂ ਰਹਿ ਸਕਦਾ। ਬੁਰਜੁਆ ਨਿਜ਼ਾਮ ਵਿਚ ਔਰਤ ਤੇ ਮਰਦ ਦਾ ਜਿਨਸੀ ਰਿਸ਼ਤਾ ਭਾਵੇਂ ਬੁਰਜੁਆ ਵਿਆਹ ਦੀ ਸ਼ਕਲ ਵਿਚ ਹੋਵੇ, ਭਾਵੇਂ ਵਿਆਹ ਤੋਂ ਬਾਹਰ ਕਿਸੇ ਵੀ ਹੋਰ ਰੂਪ ਵਿਚ, ਇਸਦਾ ਬੁਨਿਆਦੀ ਅਸਲਾ ਹੈ—ਵਿਜੋਗ। ਔਰਤ ਤੇ ਮਰਦ ਦਾ ਆਪਸ ਵਿਚ ਜਿਨਸੀ ਰਿਸ਼ਤਾ ਇਕ ਬੁਨਿਆਦੀ ਕੁਦਰਤੀ ਰਿਸ਼ਤਾ ਹੈ, ਜਿਸ 'ਤੇ ਮਨੁਖ ਜਾਤੀ ਦੀ ਉਤਪਤੀ ਨਿਰਭਰ ਹੈ। ਇਸ ਰਿਸ਼ਤੇ ਰਾਹੀਂ ਬਚਿਆਂ ਦੀ ਉਤਪਤੀ ਬਾਇਉਲੋਜੀਕਲ ਕਰਤਵ ਹੈ ਅਤੇ ਮਨੁਖੀ ਨੁਕਤੇ ਤੋਂ ਇਸ ਰਿਸ਼ਤੇ ਦਾ ਕਰਤਵ ਹੈ—ਜਿਨਸੀ ਪਿਆਰ ਦੇ ਆਧਾਰ 'ਤੇ ਦੋਹਾਂ ਧਿਰਾਂ ਦੀ ਆਪਸ ਵਿਚ ਰਸਾਈ ਅਤੇ ਉਨ੍ਹਾਂ ਦੀਆਂ ਰੂਹਾਂ ਦਾ ਰੱਜ। ਫਿਊਡਲ ਦੇ ਵਿਰੁਧ ਉਠਦੀ ਬੁਰਜੁਆਜ਼ੀ ਪਿਆਰ-ਵਿਆਹ (**Love Marriage**) ਦਾ ਨਾਹਰਾ ਤਾਂ ਦੇਂਦੀ ਹੈ, ਪਰ ਬੁਰਜੁਆ ਰਿਸ਼ਤੇ ਪਿਆਰ ਦਾ, ਬੰਦਿਆਈ ਪਿਆਰ ਦਾ ਗਲ ਘੁਟਿਆਂ ਬਗੈਰ ਆਪ ਨਹੀਂ ਰਹਿ ਸਕਦੇ। ਆਪਣਾ ਅਸਲਾ ਨਹੀਂ ਰੱਖ ਸਕਦੇ। ਇਨ੍ਹਾਂ ਦੀ ਲਗਦੀ ਵਾਹ ਮਨੁਖਤਾ ਦੇ, ਇਨਸਾਨੀਅਤ ਦੇ ਆਧਾਰ 'ਤੇ ਪਿਆਰ ਦੀ ਕੋਈ ਗੁੰਜਾਇਸ਼ ਹੀ ਨਹੀਂ। ਹੋ ਹੀ ਨਹੀਂ ਸਕਦੀ। ਜਮਾਤੀ ਸਮਾਜ ਵਿਚ, ਬੁਰਜੁਆ ਸਮਾਜ ਵਿਚ ਸਮਾਜਕ ਮਨੁਖੀ ਜ਼ਿੰਦਗੀ ਦਾ ਮਨੋਰਥ ਹੀ ਜਾਇਦਾਦ, ਪੈਸਾ, ਪਦਾਰਥ, ਮੁਨਾਫਾ—ਮਾਇਆ ਹੈ। ਏਥੇ ਬੰਦੇ ਦੀ ਬਣਤਰ ਵਿਚ 'ਲਬੁ' ਦੀ, ਪੈਸੇ ਦੇ ਲਾਲਚ ਦੀ ਸਰਦਾਰੀ ਹੈ। ਇਨਸਾਨੀਅਤ ਨੂੰ, ਪਿਆਰ ਨੂੰ ਏਥੇ ਨੇੜੇ ਕੌਣ ਢੁਕਣ ਦੇਂਦਾ ਹੈ? ਲੋਭ ਪਿਆਰ ਨੂੰ ਮਿਲ ਕੇ ਲੈਂਦਾ ਹੈ। "ਫਰੀਦਾ ਜਾ ਲਬੁ ਤ ਨੇਹੁ ਕਿਆ ਲਬੁ ਤ ਕੂੜਾ ਨੇਹੁ। ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।"

ਜਿੰਨਾਂ ਚਿਰ ਬੁਰਜੁਆ ਨਿਜ਼ਾਮ ਕਾਇਮ ਹੈ ਅਤੇ ਬੰਦਿਆਂ ਇਸ ਨਿਜ਼ਾਮ ਵਿਚ ਹੀ ਵਸਣਾ

ਹੈ ਅਤੇ ਇਸ ਦੇ ਵਿਰੁਧ ਇਨਕਲਾਬੀ, ਪਰੋਲਤਾਰੀ ਦੇ ਪੈਂਤੜੇ 'ਤੇ ਨਹੀਂ ਆਉਣਾ ਉਹ ਵਿਆਹ ਦੇ ਅਸਲ ਮਨੋਰਥ ਦੇ ਮਗਰ ਲੱਗ ਹੀ ਕਿਵੇਂ ਸਕਦੇ ਹਨ? ਵਿਆਹ ਦੇ ਅਸਲ ਮਨੋਰਥ ਦੇ ਲੜ ਬੰਦਾ ਤਾਂ ਹੀ ਲਗ ਸਕਦਾ ਹੈ ਜੇ ਉਸ ਦੀ ਬਣਤਰ ਬਦਲੇ, ਸਮਾਜਕ ਰਿਸ਼ਤੇ ਬਦਲਣ। ਕੀਮਤ ਦਿਤਿਆਂ ਬਗੈਰ ਇਸ਼ਕ ਦੇ ਲੜ ਥੋੜ੍ਹਾ ਲੱਗਿਆ ਜਾ ਸਕਦਾ ਹੈ। ਬੁਰਜੁਆ ਰਿਸ਼ਤਿਆਂ ਦੇ ਸਿਰਜੇ ਬੰਦਿਆਂ ਦੇ ਮਨਾਂ ਵਿਚ ਵਿਆਹ ਦਾ ਅਸਲ ਮਨੋਰਥ ਤਾਂ ਕਿਸੇ ਦੇ ਚਿੱਤ-ਚੇਤੇ ਰਹਿੰਦਾ ਹੀ ਨਹੀਂ। ਸਵਾਲ ਹੈ ਵਿਗਾੜ ਦੇ ਰੂਪ ਦਾ। ਸਿੱਟਾ ਤਾਂ ਔਰਤ ਤੇ ਮਰਦ ਦਾ ਆਪਸ ਵਿਚ ਵਿਜੋਗ ਤੇ ਔਰਤ ਦੀ ਮਰਦ ਦੇ ਅੱਗੇ ਅਧੀਨਗੀ, ਉਸ ਦੀ ਗੁਲਾਮੀ ਹੀ ਨਿਕਲਦਾ ਹੈ।

ਟਿਵਾਣਾ ਨੇ ਜੋ ਸਥਿਤੀ ਲਈ ਹੈ, ਇਸ ਸਮਾਜ ਵਿਚ ਹੈ ਤਾਂ ਉਹ ਐਨ ਮੁਮਕਿਨ ਦੇ ਦਾਇਰੇ ਵਿਚ, ਪਰ ਪਾਠਕ ਦੇ ਦਿਲ ਵਿਚ ਇਸ ਖਿਆਲ ਦਾ ਆ ਜਾਣਾ ਮੁਮਕਿਨ ਹੈ ਕਿ ਸ਼ਾਇਦ ਇਹ ਊਸ਼ਾ ਦੀ ਜ਼ਾਤੀ ਬਦਕਿਸਮਤੀ ਹੈ ਕਿ ਭਗੀਰਥ ਟੀ.ਬੀ. ਨਾਲ ਬੀਮਾਰ ਹੈ। ਜੇ ਉਹ ਬੀਮਾਰ ਨਾ ਹੁੰਦਾ ਤਾਂ ਅੱਵਲ ਤਾਂ ਉਸ ਦਾ ਵਿਆਹ ਉਸ ਨਾਲ ਹੋਣਾ ਹੀ ਨਹੀਂ ਸੀ, ਆਪਣੇ ਪਿਊ ਦੀ ਸਮਾਜਕ ਪੱਧਰ ਦੇ ਕਿਸੇ ਮੁੰਡੇ ਨਾਲ ਹੋਣਾ ਸੀ। ਉਸ ਹਾਲਤ ਵਿਚ ਤਾਂ ਸ਼ਾਇਦ ਜੋ ਨਤੀਜੇ ਨਿਕਲੇ ਹਨ ਉਹ ਨਾ ਹੀ ਨਿਕਲਦੇ। ਜੇ ਭਗੀਰਥ ਆਪਣੀ ਬੀਮਾਰੀ ਤੋਂ ਮਜਬੂਰ ਨਾ ਹੋਇਆ ਹੁੰਦਾ ਅਤੇ ਉਸ ਦੀ ਚੋਣ ਇਸ ਗਲ 'ਤੇ ਮੁਨਹੱਸਰ ਨਾ ਹੁੰਦੀ ਕਿ ਲੜਕੀ ਉਹ ਲਵੇ ਜੋ ਬੀਮਾਰੀ ਤੋਂ ਕੋਸ਼ ਨਾ ਕਰ ਸਕੇ, ਤਾਂ ਸ਼ਾਇਦ ਦੋਹਾਂ ਦਾ ਆਪਸ ਵਿਚ ਰਿਸ਼ਤਾ ਇਹ ਸ਼ਦਲ ਅਖਤਿਆਰ ਨਾ ਕਰਦਾ ਜੋ ਉਸ ਨੇ ਕੀਤੀ ਹੈ। ਜਿਥੋਂ ਤਕ ਹੋ ਸਕੇ ਪਾਠਕ ਦੇ ਮਨ ਨੂੰ ਇਸ ਤਰ੍ਹਾਂ ਸੋਚਣ ਦਾ ਰਾਹ ਰਹਿਣ ਨਹੀਂ ਦੇਣਾ ਚਾਹੀਦਾ। ਵਾਹ ਲਗਦੀ ਉਸ ਦੇ ਮਨ ਨੂੰ ਠੱਕ ਵਜਣੀ ਚਾਹੀਦੀ ਹੈ ਕਿ ਸ਼ਕਲ ਭਾਵੇਂ ਕੋਈ ਹੁੰਦੀ, ਹੋਣਾ ਤੇ ਉਹ ਕੁਝ ਹੀ ਸੀ, ਜੋ ਹੋਇਆ। ਗਲ ਕਿਸੇ ਤਰ੍ਹਾਂ ਤੁਰਦੀ, ਕਿਤਿਉਂ ਤੁਰਦੀ, ਸਰਹਾਂਦੀਉਂ ਤੁਰਦੀ, ਪੁਆਂਦੀਉਂ ਤੁਰਦੀ ਮਨੁਖੀ ਅਸਲਾ ਤਾਂ ਉਸ ਦਾ ਇਹ ਹੀ ਹੋਣਾ ਸੀ। ਖ਼ੈਰ ਇਹ ਕੋਈ ਐਡੀ ਵੱਡੀ ਗਲ ਨਹੀਂ।

ਵੱਡੀ ਗਲ ਇਹ ਹੈ ਕਿ ਟਿਵਾਣਾ ਨੂੰ ਆਪਣੇ ਲਏ ਮਜ਼ਮੂਨ ਦੀ, ਔਰਤ ਤੇ ਮਰਦ ਦੇ ਬੁਰਜੁਆ ਰਿਸ਼ਤੇ ਦੀ ਤਾਸੀਰ ਦੀ ਸਹੀ ਸਮਝ ਨਹੀਂ। ਉਹ ਇਸਦੀਆਂ ਕਿਸਮਾਂ ਵਿਚੋਂ ਹੀ ਚੋਣ ਕਰਦੀ, ਇਸ ਦੀਆਂ ਕਿਸਮਾਂ ਵਿਚ ਹੀ ਉਲਝ ਕੇ ਰਹਿ ਗਈ ਹੈ। ਉਹ ਇਸ ਰਿਸ਼ਤੇ ਨੂੰ ਇਸ ਤੋਂ ਬਾਹਰ ਹੋ ਕੇ ਨਹੀਂ ਵੇਖ ਸਕੀ। ਹਰ ਹਾਲਤ ਵਿਚ ਉਸ ਨੇ ਇਸ ਰਿਸ਼ਤੇ ਦੇ ਅਸਲੇ ਨੂੰ ਘੁਟ ਕੇ ਹੱਥ ਵਿਚ ਨਹੀਂ ਫੜਿਆ ਹੋਇਆ। ਜਿਸ ਕਸਵੱਟੀ ਨਾਲ ਉਸ ਨੇ ਖਰਾ ਖੋਟਾ, ਚੰਗਾ ਮਾੜਾ ਪਰਖਣਾ ਹੈ ਇਕ ਤਾਂ ਉਸ ਕਸਵੱਟੀ ਬਾਬਤ ਉਹ ਆਪ ਸਪਸ਼ਟ ਨਹੀਂ ਅਤੇ ਦੂਸਰੇ, ਉਸ ਦੀ ਪਰੋਸੀ ਕਹਾਣੀ ਤੋਂ ਜੋ ਪੈਮਾਨਾ ਪਰਤੱਖ ਹੁੰਦਾ ਹੈ ਉਹ ਬੁਰਜੁਆ ਹੈ। ਬਿਲਕੁਲ ਗਲਤ ਹੈ। ਉਹ ਜਿਨਸ ਦੀ, ਔਰਤ ਦੀ ਆਜ਼ਾਦੀ ਦਾ ਪੈਮਾਨਾ ਨਹੀਂ। ਉਸ ਤੋਂ ਕੋਹਾਂ ਦੂਰ ਹੈ। ਇਕ ਤਾਂ ਮਨੁਖੀ ਨੁਕਤੇ ਤੋਂ, ਆਜ਼ਾਦੀ ਦੇ ਪੈਂਤੜੇ ਤੋਂ ਚੰਗਾ ਮਾੜਾ, ਖਰਾ ਖੋਟਾ ਹੁੰਦਾ ਹੈ, ਦੂਸਰੇ ਇਸ ਤੋਂ ਇਲਾਵਾ ਕਾਬਜ਼ ਨਿਜ਼ਾਮ ਦਾ, ਬੁਰਜੁਆ ਨਿਜ਼ਾਮ ਦਾ, ਉਸ ਦੇ ਆਪਣੇ ਦਾਇਰੇ ਦਾ ਵੀ ਚੰਗਾ ਮਾੜਾ ਹੁੰਦਾ ਹੈ। ਔਰਤ ਮਰਦ ਦੇ ਬੁਰਜੁਆ ਰਿਸ਼ਤੇ ਦੀਆਂ ਵੀ ਕਈ ਪੱਧਰਾਂ, ਕਈ ਰੂਪ ਹਨ। ਕੋਈ ਰਿਸ਼ਤਾ ਐਸਾ ਹੁੰਦਾ ਹੈ ਜੋ ਇਸ ਸਮਾਜ ਵਿਚ ਚੰਗਾ ਸਮਝਿਆ ਜਾਂਦਾ ਹੈ; ਕੋਈ ਐਸਾ ਹੁੰਦਾ ਹੈ ਜਿਸ ਵਲੋਂ ਸਮਾਜਕ ਤੌਰ 'ਤੇ ਅੱਖਾਂ ਮੀਟੀਆਂ ਤੇ ਜ਼ਬਾਨ ਬੰਦ ਰਖੀ ਜਾਂਦੀ ਹੈ, ਜਿਸ ਨੂੰ ਉਘੜ ਕੇ ਦੰਦ ਕਥਾ ਦਾ ਮਜ਼ਮੂਨ ਨਹੀਂ ਬਣਾਇਆ ਜਾਂਦਾ। ਵਿਆਹ ਇਕ ਐਸਾ ਰਿਸ਼ਤਾ ਹੈ ਜੋ ਵਿਜੋਗੇ ਹੋਣ ਦੇ ਬਾਵਜੂਦ ਵੀ ਇਸ

ਸਮਾਜ ਵਿਚ ਪਵਿੱਤਰ ਮੰਨਿਆ ਜਾਂਦਾ ਹੈ। ਇਹ ਉਹ ਰੂਪ ਹੈ ਜਿਸ ਵਿਚ ਵਿਆਹ ਕਰਵਾ ਕੇ ਮਰਦ ਬਿਗਾਨੀਆਂ ਖੁਰਲੀਆਂ ਵਲ ਨਹੀਂ ਲਲਚਦੇ ਅਤੇ ਔਰਤਾਂ ਵੀ ਬਿਗਾਨਿਆਂ ਬਿਸਤਰਿਆਂ 'ਤੇ ਲਾਲਾਂ ਨਹੀਂ ਛਡਦੀਆਂ। ਅਮਲ ਦੀ ਪੱਧਰ 'ਤੇ, ਲੋਕ ਹੋਏ ਵਿਆਹ ਦੇ ਦਾਇਰੇ ਵਿਚ ਹੀ ਰਹਿੰਦੇ ਹਨ। ਵਿਜੋਗੇ ਵਿਆਹ ਨੂੰ ਹੀ ਮੁਮਕਿਨ ਜ਼ਿੰਦਗੀ ਸਮਝ ਕੇ ਲੰਘਾਈ ਜਾਂਦੇ ਹਨ। ਇਹ ਰੂਪ ਹੈ ਜਿਥੇ ਵਿਆਹ ਹੁੰਦਾ ਹੈ, ਘਰ ਵੀ ਬਣਾਇਆ ਜਾਂਦਾ ਹੈ, ਸਮਾਜਕ ਤੌਰ 'ਤੇ ਘਰ ਦੀ ਜ਼ਿੰਦਗੀ ਬਰਕਰਾਰ, ਮਹਿਫੂਜ਼ ਰਖੀ ਜਾਂਦੀ ਹੈ, ਬੱਚੇ ਹੁੰਦੇ ਹਨ, ਪਾਲੇ ਪੋਸੇ ਜਾਂਦੇ ਹਨ। ਸਮਾਜ ਵਿਚ ਦੋਵੇਂ ਸਿਰਾਂ ਬਾਇਜ਼ਤ ਰਹਿੰਦੀਆਂ ਹਨ। ਨਾਲ ਹੀ ਇਕ ਧਿਰ ਜਾਂ ਦੋਵੇਂ ਬਾਹਰ ਝਾਕਦੀਆਂ ਹਨ ਬੋਹੜ ਬਹੁਤ ਅੱਗਾ ਪਿੱਛਾ ਵੇਖ ਕੇ, ਮਾੜੇ ਮੋਟੇ ਪਰਦੇ ਥੱਲੇ ਸਭ ਕੁਛ ਕਰੀ ਫਿਰਦੀਆਂ ਹਨ। ਪਰ ਸਮਾਜਕ ਤੌਰ 'ਤੇ ਸੁੱਚੀਆਂ ਦੀਆਂ ਸੁੱਚੀਆਂ। ਬਾਕੀ ਮਧ ਸ਼੍ਰੇਣੀ ਦਾ ਕਾਫੀ ਤਬਕਾ ਹੈ ਜੋ 'ਫਲੱਰਟ' ਕਰਦਾ ਹੈ ਅਤੇ ਇਸ ਨੂੰ ਆਪਣੀ ਜਾਇਜ਼ ''ਐਨ ਜਾਇਮੈਂਟ'' ਸਮਝਦਾ ਹੈ। ਇਸ ਤੋਂ ਉਪਰੰਤ ਹੈ—ਜਿਨਸ ਦੀ ਖੁਲ੍ਹੀ ਮੰਡੀ ਵਿਚ ਖਰੀਦੋ ਫ਼ਰੋਖਤ। ਆਪੋ ਆਪਣੇ ਸਮਾਜ ਤੇ ਆਪੋ ਆਪਣੇ ਮੁਲਕ ਦੇ ਅਨੁਸਾਰ 'ਪਰਮਿਸਿਵ ਸੋਸਾਇਟੀ' ਦੀ।

ਰਾਜ਼ੀ ਹੁੰਦਿਆਂ ਹੀ ਭਗੀਰਥ 'ਕੁੜੀਆਂ ਕੜੀਆਂ ਦੇ ਚੱਕਰਾਂ 'ਚ' ਖੂਬ ਪੈਂਦਾ ਹੈ ਜਿਵੇਂ ਐਵੇਂ ਗੁਜ਼ਰ ਗਏ ਵਕਤ ਦੀ ਕਸਰ ਕੱਢ ਰਿਹਾ ਹੋਵੇ। ਜਦੋਂ ਬੀਮਾਰ ਹੋ ਕੇ ਊਸ਼ਾ ਆਪਣੇ ਪੇਕੇ ਚਲੀ ਜਾਂਦੀ ਹੈ ਉਦੋਂ ਤਾਂ ਉਸ ਦਾ ਜਿਵੇਂ ਕੜ ਹੀ ਟੁਟ ਜਾਂਦਾ ਹੈ। ਭਗੀਰਥ ਦੇ ਇਸ ਚੱਕਰ ਵਿਚ ਮਧ ਸ਼੍ਰੇਣੀ ਦੀਆਂ ਪੜ੍ਹੀਆਂ ਲਿਖੀਆਂ ਔਰਤਾਂ ਤੇ ਕਈ ਹੋਰ ਵੀ ਆਉਂਦੀਆਂ ਹਨ। 'ਊਸ਼ਾ ਕੁਰਸੀ ਦੀ ਬੈਕ ਤੋਂ ਚੁਕ ਕੇ ਜਦੋਂ ਉਸ ਦਾ ਕੋਟ ਹੈਂਗਰ ਉਪਰ ਟੰਗਣ ਲਗੀ ਤਾਂ ਉਸ ਨੇ ਵੇਖਿਆ ਉਸ ਦੇ ਕੋਟ ਦੇ ਕਾਲਰ ਉਪਰ ਨਿਕੀ ਜਿਹੀ ਗੁਲਾਬ ਦੀ ਡੋਡੀ ਲੱਗੀ ਹੋਈ ਸੀ, ਊਸ਼ਾ ਨੂੰ ਪਤਾ ਸੀ ਇਹ ਡੋਡੀ ਉਨ੍ਹਾਂ ਦੇ ਆਪਣੇ ਘਰ ਦੇ ਕਿਸੇ ਬੂਟੇ ਦੀ ਨਹੀਂ ਸੀ। ਆਪਣੇ ਘਰ ਦੇ ਸਭ ਫੁੱਲਾਂ ਬੂਟਿਆਂ ਨੂੰ ਤਾਂ ਉਹ ਜਿਵੇਂ ਜਾਣਦੀ ਸੀ। ਉਸ ਡੋਡੀ ਨੂੰ ਹੱਥ ਨਾਲ ਛੋਹਣ ਲੱਗੀ ਸੀ ਪਰ ਝਕ ਗਈ। ਉਹ ਡੋਡੀ ਜਿਵੇਂ ਉਸ ਵਲ ਤੱਕ ਰਹੀ ਸੀ। ਤੱਕ ਹੀ ਨਹੀਂ ਜਿਵੇਂ ਉਸ ਵੱਲ ਤੱਕ ਕੇ ਹੱਸ ਵੀ ਰਹੀ ਸੀ। ਹਮੇਸ਼ਾਂ ਵਾਂਗ ਰੁਮਾਲ ਕੱਢ ਕੇ ਧੋਣ ਲਈ ਲੈ ਕੇ ਜਾਣ ਲਈ ਜਦੋਂ ਊਸ਼ਾ ਨੇ ਜੇਬ ਵਿਚ ਹੱਥ ਪਾਇਆ ਤਾਂ ਉਸ ਵਿਚ ਸਿਨੇਮਿਆਂ ਦੀਆਂ ਪਾਟੀਆਂ ਅਧੀਆਂ ਅਧੀਆਂ ਦੋ ਟਿਕਟਾਂ ਸਨ। ਊਸ਼ਾ ਨੇ ਉਹ ਟਿਕਟਾਂ ਉਥੋਂ ਹੀ ਰੱਖ ਦਿੱਤੀਆਂ।'' (72) ''ਕਲੱਬ ਵਿਚ ਜਾ ਕੇ ਵੇਖ ਬੜੇ ਬੜੇ ਅਫਸਰਾਂ ਦੀਆਂ ਘਰ ਵਾਲੀਆਂ ਸਭ ਪੀਂਦੀਆਂ ਨੇ।...ਜਦੋਂ ਥੋੜ੍ਹੀ ਜੀ ਚੜ੍ਹ ਜਾਵੇ ਫੇਰ ਔਰਤ ਦੇ ਅਸਲੀ ਰੂਪ ਦਾ ਪਤਾ ਲਗਦੈ। ਸੋਫੀ ਤਾਂ ਉਹ ਢੌਂਗ ਈ ਕਰਦੀਆਂ ਰਹਿੰਦੀਆਂ ਨੇ, ਸ਼ਰੀਫ ਹੋਣ ਦੇ, ਸਾਊ ਹੋਣ ਦੇ'...ਘੜੀ ਮੁੜੀ ਤੂੰ ਆਸ਼ਾ ਦਾ ਜ਼ਿਕਰ ਕਿਉਂ ਲੈ ਬੈਠਦੀਐਂ? ਤੇਰਾ ਖਿਆਲ ਐ ਅਜੇ ਵੀ ਉਹ ਮੇਰੇ ਲਈ ਕੋਈ ਮਹਿਨੇ ਰਖਦੀਐ? ਅੱਜ ਆਸ਼ਾ ਵਰਗੀਆਂ ਆਥਣ ਨੂੰ ਮੈਂ ਵੀਹ ਇਕੱਠੀਆਂ ਕਰ ਸਕਦਾਂ। ਔਰਤਾਂ ਦਾ ਕੀ ਹੁੰਦੈ ਮਾੜੀ ਜੀ ਤਰੀਫ ਕਰ ਦਿਓ, ਮਾੜੀ-ਜੀ ਕੋਈ ਚੀਜ਼ ਲੈ ਦਿਓ ਜੋ ਮਰਜ਼ੀ ਕਰਾ ਲੋ।'' ''ਸਾਰੀਆਂ ਔਰਤਾਂ ਇਕੋ ਜਿਹੀਆਂ ਨੀ ਹੁੰਦੀਆਂ'' ਊਸ਼ਾ ਨੇ ਆਪ ਉਨ੍ਹਾਂ ਔਰਤਾਂ ਨਾਲੋਂ ਜਿਵੇਂ ਵੱਖ ਹੁੰਦਿਆਂ ਆਖਿਆ। 'ਨਹੀਂ ਸਾਰੀਆਂ ਔਰਤਾਂ ਇਕੋ ਜਿਹੀਆਂ ਹੀ ਹੁੰਦੀਆਂ ਨੇ, ਗਲ ਸਿਰਫ ਮੌਕਾ ਮਿਲਣ ਤੇ ਨਾ ਮਿਲਣ ਦੀ ਹੁੰਦੀਐ। ਤੂੰ ਮੈਨੂੰ ਕੋਈ ਵੀ ਔਰਤ ਦੱਸ...'' ''ਸੁਸ਼ੀਲ ਦੇਖੋ ਨਾ ਕਿੰਨੀ ਚੰਗੀ ਐ?'' ਊਸ਼ਾ ਨੇ ਆ ਪਣੇ ਗੁਆਂਢੀ ਅਫਸਰ ਦੀ ਪਤਨੀ ਦਾ ਜ਼ਿਕਰ ਕੀਤਾ ਜਿਨ੍ਹਾਂ ਦੀ ਲਵ ਮੈਰਿਜ ਹੋਈ ਸੀ। ਦੋ ਬੱਚੇ ਸਨ ਤੇ ਪਤੀ ਪਤਨੀ

ਇਕ ਦੂਜੇ 'ਤੇ ਜਾਨ ਦਿੰਦੇ ਸਨ। 'ਸੁਸ਼ੀਲ...ਹਾ ਹਾ ਹਾ' ਭਗੀਰਥ ਉਚੀ-ਉਚੀ ਹੱਸਿਆ। ਜਦੋਂ ਸਾਡੇ ਘਰ ਆਉਂਦੀ ਐ ਤੇਰਾ ਖਿਆਲ ਐ ਉਹ ਤੈਨੂੰ ਮਿਲਣ ਆਉਂਦੀ ਐ? ਮੈਂ ਤਾਂ ਔਰਤ ਨੂੰ ਇਕ ਵਾਰੀ ਵੇਖ ਕੇ ਉਸ ਦੀ ਅੱਖ ਪਹਿਚਾਣ ਜਾਨਾ। ਉਹ ਉਦੋਂ ਵੀ ਦੋ ਤਿੰਨ ਵਾਰੀ ਆਈ ਸੀ ਜਦੋਂ ਤੂੰ ਆਪਣੇ ਪਿੰਡ ਗਈ ਹੋਈ ਸੀ'', ਭਗੀਰਥ ਨੇ ਆਖਿਆ। 'ਤੁਸੀਂ ਮੈਨੂੰ ਦਸਿਆ ਤਾਂ ਨਹੀਂ ਸੀ...ਊਸ਼ਾ ਨੇ ਹੈਰਾਨ ਹੋ ਕੇ ਪੁੱਛਿਆ। ...''ਮੈਨੂੰ ਇਹ ਕੋਈ ਖਾਸ ਵੱਡੀ ਗੱਲ ਨਹੀਂ ਸੀ ਲੱਗੀ ਤੇ ਨਾਲੇ ਤੈਨੂੰ ਦਸਣਾ ਕਾਹਦੇ ਲਈ ਸੀ? ਉਹਦਾ ਜੀ ਕੀਤਾ ਆ ਗਈ।'' ਭਗੀਰਥ ਨੇ ਹੱਸ ਕੇ ਆਖਿਆ। (74-75)

''ਇਸ ਵਾਰੀ ਜਦੋਂ ਆਈ ਉਸ ਨੇ ਵੇਖਿਆ ਉਸ ਦੇ ਡਰੈਸਿੰਗ ਟੇਬਲ ਉਤੇ ਗੂਹੜੀ ਅੱਗ ਰੰਗੀ ਵਲੈਤੀ ਅਧਵਰਤੀ ਇਕ ਲਿਪਸਟਿਕ ਪਈ ਸੀ। ਲਿਪਸਟਿਕ ਨੂੰ ਖੋਲ੍ਹਕੇ ਦੇਖਕੇ ਉਹ ਉਸ ਲਿਪਸਟਿਕ ਵਾਲੀ ਕੋਲ ਜਾ ਪਹੁੰਚੀ 'ਤੂੰ ਆਸ਼ਾ ਐਂ?' ਉਹਨੇ ਜਿਵੇਂ ਪੁਛਿਆ। 'ਨਹੀਂ'। ਨਾ ਮੈਂ ਆਸ਼ਾ ਹਾਂ ਤੇ ਨਾ ਊਸ਼ਾ।' 'ਫੇਰ ਤੂੰ ਕੌਣ ਐਂ?' 'ਭਗੀਰਥ ਤੋਂ ਪੁਛ ਲਈ।' 'ਤੈਨੂੰ ਆਪਣਾ ਨਾਮ ਨਹੀਂ ਪਤਾ'? 'ਨਹੀਂ'। ਲਿਪਸਟਿਕ ਉਸੇ ਤਰ੍ਹਾਂ ਉਥੇ ਹੀ ਉਸ ਨੇ ਰੱਖ ਦਿੱਤੀ।...ਵਿਹੜੇ 'ਚ ਖੜਕਾ ਹੋਇਆ। ਉਹ ਚੌਂਕੀ। ਬਾਹਰ ਆ ਕੇ ਵੇਖਿਆ ਜਮਾਂਦਾਰਨੀ ਝਾੜੂ ਲਗਾ ਰਹੀ ਸੀ। ਉਹ ਦੇਖ ਕੇ ਹੈਰਾਨ ਹੋਈ ਕਿ ਜਮਾਂਦਾਰਨੀ ਨੇ ਉਸੇ ਦਾ ਸੂਟ ਪਾਇਆ ਹੋਇਆ ਸੀ। ਜਮਾਂਦਾਰਨੀ ਨੇ ਵੀ ਉਸ ਦੀ ਹੈਰਾਨੀ ਸਮਝ ਲਈ ਸੀ ਬੋਲੀ, ''ਬਾਊ ਜੀ ਕੋ ਬੋਲਾ ਥਰ ਬੀਬੀ ਜੀ ਕਾ ਕੋਈ ਪੁਰਾਣਾ ਸੂਟ ਦੇ ਦਿਓ ਬੋਲੇ ਯੇ ਲੇ ਜਾ ਉਨ ਕੋ ਔਰ ਨਏ ਲੇ ਦੇਂਗੇ। ਜਾੜਾ ਹੋ ਰਹਾ ਥਾ ਨਾ। ਬਾਊ ਜੀ ਤੋਂ ਬਥੇਰੇ ਚੰਗੇ ਠਹਿਰੇ।'' ਜਮਾਂਦਾਰਨੀ ਹੱਸਦੀਆਂ ਅੱਖਾਂ ਨਾਲ ਉਸ ਦੇ ਪਤੀ ਬਾਰੇ ਉਸੇ ਨੂੰ ਦਸ ਰਹੀ ਸੀ।......ਅੰਦਰ ਆਕੇ ਊਸ਼ਾ ਨੇ ਉਸ ਘਰ ਵਿਚ ਇਧਰ ਉਧਰ ਪਈਆਂ ਆਪਣੀਆਂ ਸਭ ਚੀਜ਼ਾਂ ਚੁੱਕ ਕੇ ਅਟੈਚੀਕੇਸ ਵਿਚ ਪਾ ਲਈਆਂ। ਸ਼ਾਇਦ ਇਸ ਡਰੋਂ ਕਿ ਭਗੀਰਥ ਕਿਸੇ ਨੂੰ ਨਾ ਦੇ ਦੇਵੇ ਜਾਂ ਫਿਰ ਇਸ ਰੋਸ ਵਜੋਂ ਕਿ ਉਹ ਘਰ ਹੁਣ ਉਹ ਦੇ ਨਾਲੋਂ ਬਹੁਤਾ ਹੋਰਨਾਂ ਦਾ ਸੀ। ਬਿਲਕੁਲ ਉਸੇ ਤਰ੍ਹਾਂ ਊਸ਼ਾ ਭਗੀਰਥ ਦੀ ਜ਼ਿੰਦਗੀ ਤੋਂ ਦੂਰ ਹੁੰਦੀ ਜਾ ਰਹੀ ਸੀ ਜਿਵੇਂ ਕੋਈ ਹਨੇਰੀ ਰੇਤੇ ਉਤੋਂ ਪੈੜਾਂ ਮੇਸਦੀ ਲੰਘ ਜਾਵੇ। (88-89) ਭਗੀਰਥ ਉਠ ਕੇ ਰਸੋਈ ਵਿਚ ਸ਼ਿਬੂ ਨੂੰ ਕੁਝ ਸਮਝਾਣ ਗਿਆ ਹੀ ਸੀ ਕਿ ਏਨੇ ਨੂੰ ਟਿਪ ਟਿਪ ਕਰਦੀ, ਕੱਟੇ ਵਾਲਾਂ ਵਾਲੀ, ਪੈਂਟ ਪਾਈ, ਇਕ ਲੜਕੀ ਡਰਾਇੰਗ ਰੂਮ ਦਾ ਜਾਲੀ ਵਾਲਾ ਦਰਵਾਜ਼ਾ ਖੋਲ੍ਹ ਕੇ ਚੁਪ ਚਾਪ ਅੰਦਰ ਲੰਘ ਆਈ। ਇਉਂ ਚੁੱਪ ਚਾਪ ਅੰਦਰ ਆ ਕੇ ਸ਼ਾਇਦ ਉਹ ਭਗੀਰਥ ਨੂੰ ਹੈਰਾਨ ਕਰਨਾ ਚਾਹੁੰਦੀ ਸੀ...... (94-95)

ਊਸ਼ਾ ਦੇ ਚਲੇ ਜਾਣ ਮਗਰੋਂ ਭਗੀਰਥ ਨੂੰ ਘਰ ਸੁੰਨਾ ਸੁੰਨਾ ਲੱਗਿਆ। ਦਫਤਰੋਂ ਘਰ ਪਰਤ ਕੇ ਕਦੇ ਉਹ ਕਿਸੇ ਦੋਸਤ ਵੱਲ ਚਲਿਆ ਜਾਂਦਾ, ਕਦੇ ਕਲੱਬ, ਕਦੇ ਸਿਨਮਾ ਤੇ ਕਦੇ ਮੀਨਾ ਬਾਜ਼ਾਰ। ਮੀਨਾ ਬਾਜ਼ਾਰ ਕਿਸੇ ਬਜ਼ਾਰ ਦਾ ਨਾਉਂ ਨਹੀਂ ਸੀ, ਕੁਝ ਥਾਵਾਂ ਸਨ ਜਿਨ੍ਹਾਂ ਦਾ ਨਾਉਂ ਆਪਣੇ ਮਨ ਵਿਚ ਉਸ ਨੇ ਮੀਨਾ ਬਾਜ਼ਾਰ ਰੱਖ ਲਿਆ ਸੀ। ਤੇ ਫਿਰ ਮੀਨਾ ਬਾਜ਼ਾਰ ਵਾਲੇ ਲੋਕ ਕਦੇ ਕਦੇ ਉਹਦੇ ਆਪਣੇ ਘਰ ਵੀ ਆਉਣ ਲੱਗ ਪਏ। (87) 'ਸੁਣਾਓ ਤੁਹਾਡੇ ਪਤੀ ਦੇਵ ਦਾ ਕੀ ਹਾਲ ਐ?' ਉਹਨੇ ਪੁਛਿਆ। 'ਠੀਕ ਐ' ਊਸ਼ਾ ਨੇ ਆਖਿਆ। 'ਇਹ ਦਸਦੇ ਸੀ ਬੜਾ ਹੁਣ ਤਾਂ ਕੁੜੀਆਂ ਕੜੀਆਂ ਦੇ ਚੱਕਰਾਂ 'ਚ ਰਹਿੰਦੈ, ਤੁਸੀਂ ਜ਼ਰਾ ਧਿਆਨ ਰੱਖਿਆ ਕਰੋ।' ਉਸ ਨੇ ਹੱਸ ਕੇ ਜਿਵੇਂ ਮਜ਼ਾਕ ਕੀਤਾ। (106) ''ਜਦੋਂ ਦੁਧ ਬੋਤਲਾਂ 'ਚ ਮਿਲ ਜਾਂਦਾ ਹੋਵੇ ਜ਼ਰੂਰ ਡੰਗਰਾਂ ਤੋਂ ਪੈਰ ਵਧਾਉਣੇ

ਨੇ'' ਉਹ ਵਹੁਟੀ ਨਾ ਲਿਆਉਣ ਦੀ ਆਪਣੀ ਸਿਆਣਪ ਬਾਰੇ ਦਸਦਾ। ਬਹੁਤ ਸਾਰੇ ਉਸ ਦੇ ਯਾਰ ਦੋਸਤ ਵਿਚੋਂ ਉਸ ਦੀ ਗਲ ਨਾਲ ਸਹਿਮਤ ਸਨ। ਵਹੁਟੀ ਤਾਂ ਸਮਝੋ ਇਕ ਕਿਸਮ ਦਾ ਕਲੇਸ਼ ਹੀ ਹੁੰਦੀ ਐ। ਬੰਦੇ ਦੀ ਹਰ ਕਿਸਮ ਦੀ ਫਰੀਡਮ ਮਾਰੀ ਜਾਂਦੀ ਐ।...ਜੀਹਦੇ ਮਰਜ਼ੀ ਆਪ ਜਾਂਦਾ ਸੀ, ਜੀਹਨੂੰ ਮਰਜ਼ੀ ਆਪਣੇ ਘਰ ਸਦ ਸਕਦਾ ਸੀ ਤੇ ਐਸ਼ ਨਾਲ ਜੀਊਂਦਾ ਸੀ। ਕਈ ਵਾਰੀ ਜਦੋਂ ਉਹਦੀ ਕੋਈ ਦੋਸਤ ਮਿੱਤਰ ਕੁੜੀ, ਦੋਸਤ ਮਿੱਤਰ ਨਾ ਆਖੋ ਜਦੋਂ ਕੋਈ ਕੁੜੀ ਉਹਦੇ ਕੋਲ ਠਹਿਰੀ ਹੁੰਦੀ ਫਿਰ ਤਾਂ ਇਕ-ਇਕ ਦੋ-ਦੋ ਦਿਨ ਉਹ ਦਫਤਰ ਵੀ ਨਾ ਜਾਂਦਾ। ਉਹਨੂੰ ਲੱਗਦਾ ਸੀ ਅਸਲੀ ਜੀਉਣ ਦਾ ਤਾਂ ਉਸ ਨੂੰ ਹੁਣ ਹੀ ਪਤਾ ਲੱਗਿਐ (119) 'ਜਨਾਨੀਆਂ ਦਾ ਕੀਐ ਇਕ ਵੀ ਥਾਂ ਭਾਵੇਂ ਵੀਹ ਲੈ ਆਓ'' ਉਹ ਸੋਚ ਰਿਹਾ ਸੀ। ਉਸ ਦੀ ਇਹ ਗੱਲ ਠੀਕ ਵੀ ਸੀ, ਇਕ ਨਹੀਂ ਉਹ ਵੀਹ ਜਨਾਨੀਆਂ ਲਿਆ ਸਕਦਾ ਸੀ। ਹੁਣ ਤੱਕ ਉਸ ਨੂੰ ਉਨ੍ਹਾਂ ਸਭ ਥਾਵਾਂ ਤੇ ਉਨ੍ਹਾਂ ਦੇ ਭਾਆਂ ਦਾ ਪਤਾ ਲੱਗ ਚੁੱਕਿਆ ਸੀ। ਹੁਣ ਤਾਂ ਉਹ ਇਹ ਵੀ ਸੋਚਦਾ ਸੀ ਵਿਆਹ ਤਾਂ ਬੰਦੇ ਨੂੰ ਕਰਨਾ ਹੀ ਨਹੀਂ ਚਾਹੀਦਾ। ਪਤਾ ਨਹੀਂ ਕਿਹੜੇ ਕੰਜਰ ਨੇ ਇਹ ਰਸਮ ਸ਼ੁਰੂ ਕਰ ਦਿੱਤੀ। ਨਹੀਂ ਤਾਂ ਬੰਦਾ ਪੰਛੀਆਂ ਵਾਂਗ ਆਜ਼ਾਦ ਸੀ। ''ਹੁਣ ਵੀ ਜੇ ਉਹ ਚਾਹੇ ਪੰਛੀਆਂ ਵਾਂਗ ਆਜ਼ਾਦ ਰਹਿ ਸਕਦੈ। —ਇਹ ਜੰਗਲ ਈ ਐ ਜਿਥੇ ਅਸੀਂ ਰਹਿ ਰਹੇ ਹਾਂ। ਸਾਡੇ ਅੰਦਰ ਜੰਗਲ, ਸਾਡੇ ਬਾਹਰ ਜੰਗਲ ਤੇ ਅਸੀਂ ਆਪ ਜੰਗਲ'' ਸੋਚਦਿਆਂ ਉਸ ਨੇ ਆਪਣੀ ਗੱਲ ਨੂੰ ਇਕ ਵਾਰੀ ਫੇਰ ਦੁਹਰਾਇਆ। ਸਾਡੇ ਅੰਦਰ ਜੰਗਲ, ਸਾਡੇ ਬਾਹਰ ਜੰਗਲ ਤੇ ਅਸੀਂ ਆਪ ਜੰਗਲ (121) ਸਵੇਰ ਤੋਂ ਆਥਣ ਤੀਕ ਦਫਤਰ ਝੱਖ ਮਾਰੋ, ਆਥਣ ਥੱਕ ਟੁਟ ਕੇ ਘਰ ਆ ਜਾਓ ਤੇ ਫੇਰ ਥਕੇਵਾਂ ਤੇ ਅਕੇਵਾਂ ਲਾਹੁਣ ਲਈ ਸ਼ਰਾਬ ਪੀਓ ਤੇ ਏਧਰ ਉਧਰ ਝਖ ਮਾਰੋ...(130) 'ਉਸ ਤੌਲੀਏ ਨਾਲ ਕਿਸੇ ਨੇ ਜੂਠੀ ਲਿਪਸਟਿਕ ਵੀ ਪੂੰਜ ਰੱਖੀ ਸੀ। ਦੇਖ ਕੇ ਉਸ ਨੂੰ ਲਿਪਸਟਿਕਾਂ ਵਾਲੀਆਂ ਕਈ ਜੂਠਾਂ ਦਾ ਖਿਆਲ ਆਇਆ।' (132) ''ਹੈਲੋ ਅੱਜ ਦਾ ਸਿਨਮਾ ਦਾ ਪ੍ਰੋਗਰਾਮ ਏਹ ਪੱਕਾ ਏ ਨਾ ?'' ਗੀਤਾ ਪੁਛ ਰਹੀ ਸੀ। 'ਅੱਜ ਤੇ ਮੈਨੂੰ ਬੁਖਾਰ ਐ'' ਭਗੀਰਥ ਨੇ ਦਸਿਆ।... 'ਖਬਰ ਪਿਕਚਰ ਤੋਂ ਮਗਰੋਂ ਪੁਛਣ ਆਵਾਂਗੇ, ਟਿਕਟਾਂ ਮੰਗਵਾ ਕੇ ਗੱਡੀ ਤਾਂ ਭੇਜ ਦਿਉਗੇ ਨਾ ? ਮੈਨੂੰ ਲੈਟਡਾਉਨ ਤਾਂ ਨਹੀਂ ਕਰੋਗੇ ? ਮੈਂ 'ਤੇ ਸਭ ਨੂੰ ਆਖ ਰੱਖਿਐ ਅੱਜ ਤੁਸੀਂ ਪਿਕਚਰ ਵਿਖਾ ਰਹੇ ਓ ?'' ਗੀਤਾ ਆਖ ਰਹੀ ਸੀ। ਟਿਕਟਾਂ ਮੰਗਵਾ ਕੇ ਗੱਡੀ ਤਾਂ ਭੇਜ ਦਿਆਂਗਾ, ਪਰ ਬਾਕੀਆਂ ਨੂੰ ਸਿਨਮਾ ਛੱਡ ਕੇ ਤੁਸੀਂ ਮੇਰੇ ਕੋਲ ਆ ਜਾਣਾ। ਮੈਂ ਸੱਚ ਮੁਚ ਹੀ ਅੱਜ ਬਹੁਤ ਬੋਰ ਹੋ ਗਿਆਂ।'' ਪਰ ਉਹ ਸਭ ਕੀ ਆਖਣਗੇ, ਬੁਰਾ ਲਗੇਗਾ ਤੇ ਨਾਲੇ ਫਿਲਮ ਬੜੀ ਵਧੀਆ ਐ (133)

'ਕੁੜੀਆਂ ਕੜੀਆਂ' ਦੇ ਇਸ ਸਭ ਚੱਕਰ ਨੂੰ ਟਿਵਾਣਾ ਨੇ 'ਝਖ ਮਾਰਨੀ' ਆਖਿਆ ਹੈ ਅਤੇ ਭਗੀਰਥ ਨਾਲ ਉਠਦੀਆ ਬਹਿੰਦੀਆਂ ਸਭ ਕੁਛ ਕਰਦੀਆਂ ਕੁੜੀਆਂ ਨੂੰ 'ਜੂਠਾਂ'। ਜਿੰਨ੍ਹਾਂ 'ਕੁੜੀਆਂ ਕੜੀਆਂ' ਨਾਲ ਭਗੀਰਥ 'ਝਖ' ਮਾਰਦਾ ਹੈ ਉਨ੍ਹਾਂ ਨੂੰ ਟਿਵਾਣਾ ਨੇ 'ਜੂਠਾਂ' ਕਿਸ ਪੈਂਤੜੇ ਤੋਂ ਖੜੋ ਕੇ ਆਖਿਆ ਹੈ—ਇਹ ਉਸ ਨੇ ਸਪਸ਼ਟ ਨਹੀਂ ਕੀਤਾ। ਜੇ ਔਰਤਾਂ ਮਰਦਾਂ ਦੀ ਕਹਾਣੀ ਹੈ ਤਾਂ ਉਸ ਵਿਚ ਉਨ੍ਹਾਂ ਦਾ ਆਪਸ ਵਿਚ ਵਰਤੋਂ ਵਿਹਾਰ ਤਾਂ ਹੋਵੇਗਾ ਹੀ। ਉਹ ਕਿਸੇ ਜਮਾਤੀ ਪੈਂਤੜੇ ਦਾ ਹੋਵੇਗਾ। ਜਿਸਦਾ ਹੈ ਉਸ ਦੇ ਮਗਰ ਜਾਏਗਾ। ਸਾਹਿਤ ਦਾ ਕੰਮ ਹੈ ਸਮਾਜ ਵਿਚ ਹੋ ਰਹੇ ਮਨੁਖੀ ਅਮਲ ਨੂੰ ਵਫਾਦਾਰੀ ਨਾਲ ਸਹੀ ਪੇਸ਼ ਕਰਨਾ ਅਤੇ ਉਸ ਅਮਲ ਨੂੰ ਆਪਣੀਆਂ ਕਦਰਾਂ-ਕੀਮਤਾਂ ਦੇ ਛਾਨਣੇ ਥਾਣੀ ਛਾਨਣਾ। ਦੁਧੋਂ ਪਾਣੀ ਅੱਡ ਕਰਨਾ। ਜੋ ਸਾਹਿਤਕਾਰ ਦੇ ਕਦਰਾਂ-ਕੀਮਤਾਂ ਦੇ ਆਪਣੇ ਪੈਮਾਨੇ ਨੂੰ ਠੀਕ ਲਗਦਾ ਹੈ, ਪੇਸ਼ ਕਰਨ ਦੇ ਵੇਗ ਰਾਹੀਂ, ਉਤੋਂ ਲੇਪ

ਲਾ ਕੇ ਨਹੀਂ, ਉਸ ਨੂੰ ਪਾਠਕ ਦੇ ਮਨ ਨੂੰ ਪ੍ਰਵਾਨ ਕਰਵਾਉਣਾ ਅਤੇ ਜੋ ਉਸ ਦੇ ਪੈਮਾਨੇ ਅਨੁਸਾਰ ਬੁਰਾ ਹੈ ਉਸ ਨੂੰ ਉਸ ਦੇ ਮਨੋਂ ਲਾਹੁਣਾ। ਉਸ ਵਲ ਨਫ਼ਰਤ ਕਰਾਉਣਾ। ਇਹ ਹੀ ਸਾਹਿਤ ਦਾ ਵਿਦਿਅਕ ਰੋਲ ਹੈ। ਇਹ ਕਰਤਵ ਅਚੇਤ ਹੋਵੇ, ਸੁਚੇਤ ਹੋਵੇ ਇਹ ਦੂਸਰੀ ਗਲ ਹੈ। ਲਾਜ਼ਮੀ ਨਹੀਂ ਸੁਚੇਤ ਹੋਵੇ। ਪਰ ਸਾਹਿਤਕਾਰ ਦੇ ਆਪਣੇ ਪੈਮਾਨੇ ਦਾ ਸਪਸ਼ਟ ਹੋਣਾ ਲਾਜ਼ਮੀ ਹੈ। ਉਸ ਉਤੇ ਹੀ ਸਾਹਿਤ ਦਾ ਕਰਤਵ ਆਧਾਰਤ ਹੈ। ਹੁੰਦਾ ਹੈ ਇਹ ਉਸ ਦੇ ਆਪਣੇ ਜਜ਼ਬੇ ਦੀ ਪੱਧਰ ਉਤੇ। ਉਸ ਦੇ ਮਨ ਨੂੰ ਚੰਗੇ ਮਾੜੇ ਲਗਣ ਦੀ ਸ਼ਕਲ ਵਿਚ।

ਇਹ 'ਕੁੜੀਆਂ ਕੜੀਆਂ' 'ਜੂਠਾਂ' ਨੇ ਅਤੇ ਜੋ ਕੁਛ ਵੀ ਭਗੀਰਥ ਇਹਨਾਂ ਨਾਲ ਕਰਦਾ ਕਰਾਉਂਦਾ ਹੈ ਉਹ 'ਝਖ' ਹੈ। ਜੇ ਇਹ 'ਜੂਠਾਂ' ਨੇ ਅਤੇ ਜੋ ਹੁੰਦਾ ਹੈ ਉਹ 'ਝਖ' ਹੈ ਤਾਂ ਇਹ ਕਿਉਂ ਜੂਠਾਂ ਨੇ ? ਅਤੇ ਜੋ ਕਰਦੀਆਂ ਕਰਾਉਂਦੀਆਂ ਨੇ ਉਹ ਕਿਉਂ 'ਝਖ' ਹੈ ? ਇਹ ਹੀ ਤਾਂ ਸਾਰਾ ਮਸਲਾ ਹੈ। ਇਹ ਹੀ ਤਾਂ ਸਮਝਣ ਵਾਲੀ ਗਲ ਹੈ। ਜੇ ਇਸ ਦੀ ਬਾਬਤ ਹੀ ਕੁਛ ਪੱਲੇ ਨਾ ਪਵੇ, ਤਾਂ ਲੇਖਕ ਦੇ ਬਹਿਣੀ ਬਹਿਣ ਦਾ ਕੀ ਅਰਥ ? ਲਗਦਾ ਹੈ ਟਿਵਾਣਾ ਨੂੰ ਸਮਝ ਹੀ ਨਹੀਂ ਹੈ ਕਿ ਉਸ ਨੇ ਅਗਲਿਆਂ ਤਕ ਪੁਚਾਉਣਾ ਕੀ ਹੈ ? ਸਾਰੀ ਕਹਾਣੀ ਪੜ੍ਹਿਆਂ ਇਕ ਗਲ ਤਾਂ ਸਮਝ ਆ ਹੀ ਜਾਂਦੀ ਹੈ ਕਿ ਟਿਵਾਣਾ ਪਰੋਲਤਾਰੀ ਦੇ ਪੈਂਤੜੇ 'ਤੇ, ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ, ਔਰਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਨਾ ਪਹੁੰਚੀ ਹੈ ਅਤੇ ਨਾ ਹੀ ਬੋਲ ਉਸ ਪੈਂਤੜੇ ਤੋਂ ਰਹੀ ਹੈ। ਸੋ ਵਿਸਵੇ ਉਹ ਅਚੇਤ ਹੀ ਮੁਲੰਕਣ ਕਰ ਰਹੀ ਹੈ ਕਿਸੇ ਬੁਰਜੁਆ ਪੈਂਤੜੇ ਤੋਂ ਹੀ—ਕਿ ਭਗੀਰਥ ਵਿਆਹਿਆ ਹੋਇਆ ਹੈ ਅਤੇ ਇਹ 'ਕੁੜੀਆਂ ਕੜੀਆਂ' ਬਗੈਰ ਉਸ ਨਾਲ ਲਾਵਾਂ ਲੈਣ ਤੋਂ, ਤੇ ਵਿਆਹ ਤੋਂ ਬਾਹਰ ਵੀ ਬਗੈਰ ਇਕ ਦੂਸਰੇ ਦਾ ਦਿਲ ਲੈਣ ਦੇਣ ਤੋਂ (ਭਾਵੇਂ ਬੁਰਜੁਆ ਦਿਲ ਹੀ ਹੋਵੇ) ਉਸ ਨਾਲ ਆਪਣਾ ਚਸਕਾ ਪੂਰਾ ਕਰਦੀਆਂ ਹਨ। ਉਸ ਦਾ ਚਸਕਾ ਪੂਰਾ ਕਰਾਉਂਦੀਆਂ ਹਨ। ਤੇ ਨਾਲੇ ਵਿਚ ਪੈਸਿਆਂ ਦਾ, ਚੀਜ਼ਾਂ ਵਸਤਾਂ ਲੈਣ ਦਾ, ਚੰਗਾ ਚੋਖਾ ਖਾਣ ਦਾ ਲੋਭ ਲਾਲਚ ਹੈ, ਸ਼ਾਇਦ ਇਸ ਵਾਸਤੇ। ਕਰਨਾ ਮਨੁਖੀ ਅਮਲ ਦਾ ਮੁਲੰਕਣ ਤੇ ਅਗਲਿਆਂ ਨੂੰ ਅਹਿਸਾਸ ਹੀ ਨਾ ਹੋਵੇ ਕਿ ਕੀਤੇ ਮੁਲੰਕਣ ਦੀ ਵਸਤੂ ਕੀ ਐ ? ਇਹ ਕਿਹੀ ਸਾਹਿਤਕਾਰੀ ਹੈ ? (ਚਲਦਾ)

Jagjit Singh
THE SIKH REVOLUTION

A book tracing the logical development of the Sikh movement, that made the solution of political problem an integral part of its programme......

A book of absorbing interest to all students of Indian history about a movement th t was qualitatively different from all other Indian religious movements......

An analytical study, well authenticated
Hardbound, Pages 300, Price : Rs. 110/-
Order your copy to SEDH, A-42, Defence Colony, New Delhi-24.

ਲੇਖਕ/ਪਾਠਕ ਕਹਿੰਦੇ ਹਨ

⊙ ਬਹਿਸ ਤੋਂ ਭੱਜੋ ਨਾ ! ਖੋਜ ਭਰਪੂਰ ਪੱਤਰ ਦੀ ਉਡੀਕ ਵਿਚ ਦੋ ਮਹੀਨੇ ਅੱਖਾਂ ਪਕਾਉਣ ਤੋਂ ਬਾਅਦ ਔਲਖ ਸਾਹਿਬ ਦਾ ਹੱਥ ਖੜ੍ਹੇ ਕਰਨ ਦਾ ਅੰਦਾਜ਼ ਦੇਖ ਬੜੀ ਬੇਸੁਆਦੀ ਹੋਈ । ਬਹਿਸ ਦੇ ਪੱਧਰ ਨੂੰ ਗੇਰਨ ਦਾ ਠੁਣਾ ਸਾਡੇ ਸਿਰ ਭੰਨਣ ਦੀ ਥਾਂ ਜੇਕਰ ਔਲਖ ਸਾਹਿਬ ਖੁਦ ਕਿਸੇ ਮਿਆਰੀ ਬਹਿਸਕਾਰੀ ਦਾ ਸਬੂਤ ਦਿੰਦੇ ਅਤੇ ਆਪਣੀ ਏਂਗਲਜ਼ ਨੂੰ ਏਂਗਲਜ਼ ਦੇ ਖਿਲਾਫ਼ ਭੁਗਤਾਉਣ ਦੀ ਜਾਦੂਗਰੀ ਦੇ ਨੰਗਾ ਹੋ ਜਾਣ 'ਤੇ ਪਸ਼ਚਾਤਾਪ ਕਰਨ ਦੀ ਹਿੰਮਤ ਰਖਦੇ, ਵਾਰਤਾਲਾਪ ਨੂੰ ਹੋਰ ਤਲਖ ਕਰਨ ਦੀ ਥਾਵੇਂ ਤੇਜਵੰਤ ਮਾਨ ਦੇ ਤੀਹ ਸਫਿਆਂ ਦੇ ਪਰਚੇ, ਅਤੇ ਉਸ ਉਪਰੰਤ ਛਪੇ ਤੇਜਵੰਤ ਮਾਨ, ਗੁਰਮੇਲ ਮਡਾਹੜ, ਗੁਰਚਰਨ, ਸੁਰਜੀਤ ਗਿੱਲ, ਕੁਲਵੰਤ ਰੁਮਾਣਾ ਦੇ ਅਤੇ ਮੇਰੇ ਖੱਤਾਂ ਦੇ ਇਤਨੇ ਹੀ ਹੋਰ ਸਫਿਆਂ, ਵਿਚ ਉਠੇ ਨੁਕਤਿਆਂ ਉਪਰ ਤਰਕ ਵਿਤਰਕ ਕਰਦੇ, ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਦੋ ਸ਼ਬਦ ਪਾਠਕਾਂ ਨਾਲ ਸਾਂਝੇ ਕਰਦੇ, ਉਹ ਸਾਬਤ ਕਰਦੇ ਕਿ ਉਹ ਮਾਰਕਸਵਾਦ ਨੂੰ ਖੁੰਢਾ ਕਰਨ ਦੀ ਕਿਸੇ ਸਾਜ਼ਿਸ਼ ਵਿਚ ਭਾਈਵਾਲ ਨਹੀਂ ਹਨ, ਉਹ ਇਸ ਤੱਥ ਨੂੰ ਝੁਠ ਲਾਉਂਦੇ ਕਿ ਉਹ 'ਰਾਜਸੱਤਾ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਹੈ' ਦੇ ਰੁਝਾਨ ਨਾਲ ਵੀ ਸਬੰਧਤ ਰਹੇ ਹਨ ਤੇ ਹੁਣ ਕਿਸੇ ਹੋਰ ਉਲਟ ਤੇ ਵਿਰੋਧੀ ਰੁਝਾਣ ਨਾਲ ਵੀ ਸਬੰਧਤ ਹਨ, ਉਹ ਸਾਬਤ ਕਰਦੇ ਕਿ ਉਹ ਜਾਦੂਗਰ ਨਹੀਂ ਸਗੋਂ ਇਮਾਨਦਾਰ ਅਤੇ ਸੰਜੀਦਾ ਬੁਧੀਜੀਵੀ ਹਨ, ਉਹ ਸਾਬਤ ਕਰਦੇ ਕਿ ਅਜੇ ਗੁਰਦਿਆਲ ਸਿੰਘ ਦੀ ਪਿੱਠ ਨਹੀਂ ਲੱਗੀ (ਭਾਵੇਂ ਸਾਡੀ ਕੋਈ ਮਨਸ਼ਾ ਕਿਸੇ ਦੀ ਪਿੱਠ ਲਾਉਣ ਦੀ ਨਹੀਂ) ਤੇ ਉਹਨਾਂ ਪਾਸ ਗੁਰਦਿਆਲ ਸਿੰਘ ਦੇ ਪੱਖ ਵਿਚ ਕਹਿਣ ਲਈ ਬੜਾ ਕੁਝ ਹੈ ਅਤੇ ਉਹ "ਤੇਜਵੰਤਮਾਨ ਨੂੰ ਮਾਰਕਸਵਾਦ ਦਾ ਗਰਭ ਠਹਿਰਣ" ਜਿਹੀ ਬੇਥਵੀ ਨਾ ਮਾਰਦੇ ਅਤੇ ਫੌਜੀ ਵਾਂਗ ਬੇਬੇ ਦੇ ਘੱਗਰੇ ਨੂੰ ਚੋਭਾਂ ਲਾ ਕੇ ਤੰਬੂ ਗੱਡਣ ਤੋਂ ਬਾਜ਼ ਆ ਜਾਂਦੇ ਤਾਂ ਕੌਣ ਸੀ ਜੋ ਉਹਨਾਂ ਦੀ ਦਲੇਰੀ ਦੀ ਦਾਦ ਨਾ ਦਿੰਦਾ ?

ਕਿਸੇ ਨੂੰ ਉਹਨਾਂ ਦੇ ਹੁਦਾਰੇ ਸ਼ਬਦ ਵਰਤਣ 'ਤੇ ਕੀ ਇਤਰਾਜ਼ ਹੋ ਸਕਦਾ ਹੈ ? ਕੋਟ ਕਰਨਾ ਤਾਂ ਅੱਜ ਕਲ੍ਹ ਬੌਧਕ ਵਿਹਾਰ ਦੀ ਗੱਲ ਹੈ । ਇਤਰਾਜ਼ ਉਹਨਾਂ ਦੇ ਗਲਤ, ਕੁਥਾਂਵੇਂ, ਅਸੰਗਤ ਪ੍ਰਯੋਗ ਉਪਰ ਸੀ । ਇਸ ਆਰੋਪ ਦਾ ਉਹਨਾਂ ਕੋਲੋਂ ਕੋਈ ਜਵਾਬ ਵੀ ਨਹੀਂ ਸਰਿਆ ।

ਔਲਖ ਸਾਹਿਬ, ਆਪਣੇ ਖੜ੍ਹੇ ਹੱਥ ਹੇਠਾਂ ਕਰ ਲਓ, ਤਗਮਾ ਚੁਕ ਕੇ ਜੇਬ ਵਿਚ ਪਾ ਲਓ (ਤਗਮੇ ਪ੍ਰਤੀਬਧਤਾ ਦਾ ਮੁਲ ਨਹੀਂ) ਤੇ ਜੋ ਹੋ ਸਕੇ ਤਾਂ ਹੋਰ ਲਿਖੀਆਂ ਕੁਝ ਗੱਲਾਂ ਬਾਰੇ ਆਪਣੇ ਵਿਚਾਰ ਮਹੀਨੇ, ਦੋ ਮਹੀਨੇ ਬਾਅਦ, ਜਾਂ ਜਦੋਂ ਵੀ ਮੌਕਾ ਲਗੇ ਸੇਧ ਦੇ ਪਾਠਕਾਂ ਨਾਲ ਸਾਂਝੇ ਕਰਨ ਦਾ

ਜਤਨ ਕਰੋ । ਬਹਿਸਾਂ ਤੋਂ ਘਬਰਾਈ ਦਾ ਨਹੀਂ !

(1) ਗੁਰਦਿਆਲ ਸਿੰਘ ਆਪਣੀਆਂ ਮੁਢਲੀਆਂ ਪੁਜੀਸ਼ਨਾਂ ਤੋਂ ਕਿੰਨਾ ਕੁ ਅਗਾਂਹ ਵਧਿਆ ਹੈ ?

(2) ਕੀ ਗੁਰਦਿਆਲ ਸਿੰਘ ਪ੍ਰਤੀਬਧ ਹੈ ? ਕੀ ਉਹ ਅਜੋਕੇ ਰਾਜਨੀਤਕ, ਆਰਥਕ ਤੇ ਸਭਿਆਚਾਰਕ ਪ੍ਰਸ਼ਨਾਂ ਤੋਂ ਲਾਂਭੇ ਤਾਂ ਨਹੀਂ ਜਾਂਦਾ ? ਕੀ ਉਸ ਦੇ ਨਾਵਲਾਂ ਵਿਚ ਨਾਇਕ ਦੀ ਉਸਾਰੀ ਹੋਈ ਹੈ ?

(3) ਕੀ ਗੁਰਦਿਆਲ ਸਿੰਘ ਪਾਠਕ ਦੀ ਕੋਈ ਭਰਮ-ਨਵਿਰਤੀ ਕਰਦਾ ਹੈ ? ਜਾਂ ਭਰਮਕ ਰੂੜੀਆਂ ਨੂੰ ਬਲ ਦਿੰਦਾ ਹੈ ਅਤੇ ਸਥਾਪਤ ਨਿਜ਼ਾਮ ਦੀ ਸੇਵਾ ਕਰਦਾ ਹੈ ? ਕਿਸ ਹਾਲਤ ਵਿਚ ਕੋਈ ਲੇਖਕ ਸਰਕਾਰ ਅਤੇ ਲੋਕਾਂ ਦੋਹਾਂ ਵਿਚ ਮਕਬੂਲ ਹੋ ਜਾਂਦਾ ਹੈ ?

(4) ਸਿਆਸਤ ਅਤੇ ਬਚਨਬਧਤਾ ਦੀ ਪੇਚੀਦਗੀ ਕੀ ਹੈ ? ਇਹ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਕਿਵੇਂ ਪਾਈ ਜਾਂਦੀ ਹੈ ? ਤੇਜਵੰਤ ਮਾਨ ਕਿਥੇ ਗਲਤ ਹੈ ਤੇ ਕਿਥੇ ਠੀਕ ਹੈ ?

—ਜਸਪਾਲ ਸਿੰਘ ਮਾਨ

⊙ ਸੇਧ ਸਮੱਗ੍ਰੀ : ਸੇਧ ਦੇ ਪਿਛਲੇ ਕੁਛ ਪਰਚਿਆਂ ਦੇ ਵਾਚਣ ਤੋਂ ਲਭਦਾ ਹੈ ਕਿ ਤੁਸੀਂ ਪਰਚੇ ਨੂੰ ਮੌਲਕ ਬਣਾਉਣ ਵਿਚ ਸਫਲਤਾ ਦੀ ਮੰਜ਼ਲ ਦੇ ਨੇੜੇ ਪਹੁੰਚ ਰਹੇ ਹੋ । ਆਦਰਸ਼ ਲੋਕ ਪੱਧਰ ਦਾ ਰਖ ਕੇ ਤੁਸਾਂ ਕਾਮਯਾਬੀ ਯਕੀਨੀ ਬਣਾ ਲਈ ਹੈ । ਪਰੰਤੂ ਚੌਕਸ ਰਹਿਣਾ; ਜੇ ਗੁਡੀ ਦੀ ਪੂਛਲ ਬਹਤੀ ਭਾਰੀ ਕਰ ਦਿੱਤੀ ਜਾਵੇ ਤਾਂ ਬਜਾਏ ਇਸ ਦੇ ਕਿ ਪੂਛਲ ਅਸਮਾਨੀ ਉੱਡੇ, ਉਲਟਾ ਪਤੰਗ ਨੂੰ ਵੀ ਦੇਹ ਧਰਤੀ ਉਤੇ ਮਾਰਦੀ ਹੈ । ਅਜੇ ਤਵਾਜ਼ਨ ਚੰਗਾ ਹੈ : ਚਾਲ੍ਹੀ ਫੀ ਸਦੀ ਲੋਕ ਪੱਧਰ ਤੇ ਸੱਠ ਫ਼ੀ ਸਦੀ ਪ੍ਰ-ਲੋਕ ਪੱਧਰ । ਵਰਨਾਂ ਬੇੜੀ ਨਾਲ ਲੋਹਾ ਨਹੀਂ ਤਰੇਗਾ. ਬਲਕਿ ਲੋਹੇ ਨਾਲ ਬੇੜੀ ਡੁੱਬਣ ਦਾ ਖ਼ਤਰਾ ਪੈਦਾ ਹੋ ਜਾਵੇਗਾ ।

ਹਿੰਮਤ ਸਿੰਘ ਸੋਢੀ "ਸਿੱਖ ਸਿਆਸਤ ਤੇ ਅਕਾਲੀ—2" (ਅਕਤੂਬਰ ਅੰਕ) ਰਚਨਾ ਇਕ ਰਸ ਚੰਗੇ ਪੱਧਰ ਦੀ ਮਾਲੂਮਾਤ ਤੇ ਪ੍ਰਗਟਾਅ ਦਾ ਨਮੂਨਾ ਹੈ, ਸਿਵਾਏ ਥੋੜੀ ਉਚਾਣ ਨਿਵਾਣ ਦੇ, ਜਿਵੇਂ ਵੰਨਗੀ ਵਜੋਂ :

o ਪੰਨਾ 15, ਸਤਰ 11 (ਹੇਠੋਂ) : "ਅਤੇ ਇਹ ਜਥੇਦਾਰ ਤੇ ਸੰਤ (ਜੋ ਆਮ ਤੌਰ 'ਤੇ ਜੱਟ ਸਿੱਖ ਹੀ ਹੋਏ ਹਨ) ।" ਇਥੇ ਦਿੱਤੇ ਤਗਮੇ (Title) ਤੋਂ ਮਜ਼ਮੂਨ ਦੇ ਹੋਰ ਥਾਂਈ ਇਨ੍ਹਾਂ ਤੋਂ ਵੀ ਵਡੇ ਲੀਡਰਾਂ ਨੂੰ ਵਾਂਞਿਆ ਰਖਿਆ ਗਿਆ ਹੈ ; ਅਤੇ

o ਪੰਨਾ 12 ਸਤਰਾਂ 11-12 (ਹੇਠੋਂ) : "ਇਹਨਾਂ ਜੱਥੇਦਾਰਾਂ ਦਾ ਟੋਲਾ (ਨਾਗੋਕੇ, ਮਝੈਲ, ਫੇਰੂਮਾਨ, ਜਲਾਲਉਸਮਾਂ ਆਦਿ) 1947 ਬਾਅਦ ਆਖ਼ਰ ਪੰਥ ਨਾਲੋਂ ਵੱਖ ਹੋ ਕੇ ਕਾਂਗਰਸ ਵਿਚ ਹੀ ਸ਼ਾਮਲ ਹੋਇਆ ਸੀ ।" ਇਹਨਾਂ ਤੋਂ ਪਹਿਲਾਂ ਇਹਨਾਂ ਨੂੰ ਇਹ ਰਾਹ ਦਰਸਾਉਣ ਵਾਲੇ ਇਹਨਾਂ ਦੇ ਲੀਡਰਾਂ ਦੀ ਕਾਇਆਂ-ਪਲਟੀ (ਸ਼ਰਤਾਂ ਮੰਨ ਕੇ ਜੇਲ੍ਹਾਂ ਤੋਂ ਛੁਟਕਾਰਾ) ਦਾ ਜ਼ਿਕਰ ਮਜ਼ਮੂਨ ਵਿਚੋਂ ਰਹਿ ਗਿਆ ਹੈ ।

ਇਸ ਲਈ ਇਸ਼ਾਰੇ ਮਾਤ੍ਰ ਹੇਠ ਲਿਖੀ ਤਰਮੀਮ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੈ : ਪੰਨਾ 12 ਦੀ ਉਪ੍ਰੋਕਤ ਟੂਕ ਵਿਚ 'ਇਹਨਾਂ ਜੱਥੇਦਾਰਾਂ" ਦੀ ਥਾਂ "ਇਹਨਾਂ ਜੱਟ ਜਥੇਦਾਰਾਂ" ਹੋਣਾ ਚਾਹੀਦਾ ਹੈ; ਅਤੇ ਇਸ ਟੂਕ ਦੇ ਅੰਤ 'ਤੇ, ਯਾਨੀ ਸਤਰ 9 (ਹੇਠੋਂ) ਵਿਚ "ਸ਼ਾਮਲ ਹੋਇਆ

ਸੀ'' ਦੇ ਪਿੱਛੋਂ ਇਹ ਵਾਕ ਅੰਕਿਤ ਲੋੜੀਦਾ ਹੈ : ''ਇਸ ਤੋਂ ਪਹਿਲੋਂ ਸ। ਬ: ਮਹਿਤਾਬ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰੋ: ਸਾਹਿਬ ਸਿੰਘ ਆਦਿ ਗ਼ੈਰ-ਜੱਟ ਟੋਲਾ, ਅਕਾਲੀ ਲਹਿਰ ਸਮੇਂ ਬਾਬਾ ਖੜਕ ਸਿੰਘ (ਆਹਲੂਵਾਲੀਆ), ਸ: ਤੇਜਾ ਸਿੰਘ ਸਮੁੰਦ੍ਰੀ (ਜਟ) ਅਤੇ ਮਾਸਟਰ ਤਾਰਾ ਸਿੰਘ (ਬ੍ਰਾਮਣ) ਨੂੰ ਪਿੱਛੇ ਜੇਲ੍ਹਾਂ ਵਿਚ ਛੱਡ ਬਰਤਾਨਵੀ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਰਿਹਾ ਹੋ ਆਇਆ ਸੀ ।'' ਪੰਨਾਂ 15, ਆਖ਼ਰੀ ਸਤਰ ਵਿਚ ''ਤੀਹ ਸਾਲ ਤਕ'' ਤੋਂ ਪਹਿਲਾਂ ਲਿਖੋ, ''ਪਹਿਲੇ ਪਿਤਾਮਾਂ, ਅਕਾਲੀ ਲਹਿਰ ਦੇ ਸਰਗਰਮ ਕਾਲ ਵਿਚ, 'ਪੰਥ ਦੇ ਬੇਤਾਜ ਬਾਦਸ਼ਾਹ' ਬਾਬਾ ਖੜਕ ਸਿੰਘ; ਅਗੋਂ ।''

ਜਿਵੇਂ ਇਤਿਹਾਸਕਾਰ ਹਿੰਦੁਸਤਾਨ ਦੀ ਤਵਾਰੀਖ਼ ਨੂੰ ਹਿੰਦੂ ਯੁਗ, ਮੁਸਲਿਮ ਯੁਗ ਤੇ ਬਰਤਾਨਵੀ ਯੁਗ ਵਿਚ ਵੰਡਦੇ ਰਹੇ ਹਨ, ਇਵੇਂ ਸ਼ਾਇਦ ਸਿੱਖ ਇਤਿਹਾਸ ਦੀ ਨਿਮਨ ਲਿਖਤ ਵੰਡ ਇਸ ਲੇਖ ਦੇ ਆਸ਼ੇ ਅਨੁਸਾਰ ਹੋਵੇਗੀ :

ਛਤਰੀ ਕਾਲ— ਪਿਤਾਮਾਂ : ਸਤਿਗਰੁ । (1757 ਤਕ, ਕਰੀਬ 200 ਵਰ੍ਹੇ)
ਖਾਲਸਾ ਕਾਲ— ਪਿਤਾਮਾਂ . ''ਸਿਰ ਵੇਚਹਿ ਸਤਿਗੁਰ ਕੈ ਪਾਸ'' (ਸਭੇ ਸਾਂਝੀਵਾਲ ਸਦਾਇਨ)। (ਅਗਲੇ ਕਰੀਬ 80 ਵਰ੍ਹੇ)
ਜਾਗੀਰੂ ਕਾਲ—ਪਿਤਾਮਾਂ : ਮਿਸ਼ਲਦਾਰ, ਰਾਜਾ । (ਅਗਲੇ ਕਰੀਬ 60 ਵਰ੍ਹੇ)
ਨਿੰਦ੍ਰਾ ਕਾਲ—ਪਿਤਾਮਾਂ : ਅਧੋਗਤੀ । (ਅਗਲੇ ਕਰੀਬ 50 ਵਰ੍ਹੇ)
ਜਾਗ੍ਰਤ ਕਾਲ (ਸਿੰਘ ਸਭਾ ਸੁਧਾਰ)—ਪਿਤਾਮਾਂ : ਰੰਘਰੇਟਾ ਗੁਰੂ ਕਾ ਬੇਟਾ (ਮੋਢੀ ਪਹਿਰੂਆ ਗਿ: ਦਿਤ ਸਿੰਘ) (ਅਕਲੇ ਕਰੀਬ 20 ਵਰ੍ਹੇ)
ਅਕਾਲੀ ਲਹਿਰ, (ਜਥੇਦਾਰ ਕਾਲ), ਪਿਤਾਮਾ : ਬਾਬਾ ਖੜਕ ਸਿੰਘ (ਅਗਲੇ ਕਰੀਬ 10 ਵਰ੍ਹੇ)
ਸਿੱਖ ਬ੍ਰਾਹਮਣ ਕਾਲ, ਪਿਤਾਮਾਂ : ਮਾਸਟਰ ਤਾਰਾ ਸਿੰਘ (ਅਗਲੇ ਕਰੀਬ 30 ਵਰ੍ਹੇ)
ਸਾਧਾਂ ਦਾਸੀ ਜੱਟ ਕਾਲ : ਪਿਤਾਮਾਂ : ਅਵਿਵੇਕ (ਸਮਕਾਲੀ ਦੌਰ)

ਨਿਰਸੰਦੇਹ ਡਾ: ਰਵੀ ਨੇ ਪੱਛਮੀ ਆਲੋਚਨਾ ਪਰਣਾਲੀਆਂ ਦੇ ਵਿਸ਼ਾਲ ਖੇਤਰ ਦਾ ਗੰਭੀਰ ਸਰਵੇਖਣ ਕੀਤਾ ਹੈ। ਆਸ ਹੈ ਨਿਕਟ ਭਵਿਸ਼ ਵਿਚ ਉਹ ਪੰਜਾਬੀ ਪਿੱਠ ਭੂਮੀਂ ਤੋਂ ਇਸ ਦੀ ਮਹੱਤਤਾ, ਪਕੜ ਤੇ ਵਰਤੋਂ ਰੋਸ਼ਨ ਕਰਨਗੇ, ਜਿਵੇਂ ਕਿਸ਼ਨ ਸਿੰਘ ਦੀ ਆਲੋਚਕ ਪਛਾਣ ''ਪੀਲੇ ਪੱਤਿਆਂ ਦੀ ਦਾਸਤਾਨ'' ਰੀਵੀਊ ਤੋਂ ਸਪਸ਼ਟ ਹੁੰਦੀ ਹੈ (ਅਕਤੂਬਰ ਅੰਕ) । ਪ੍ਰੰਤੂ ਰਵੀ ਦੀ ਪ੍ਰਤੱਖ ਦੇਣ ਨੂੰ ਉਜਾਗਰ ਕਰਨ ਲਈ ਇਸ ਫ਼ਤਵੇ ਦੀ ਕੋਈ ਆਵੱਸ਼ਕਤਾ ਨਹੀਂ ਜਾਪਦੀ ਕਿ ਅਮੁਕਾ ਆਲੋਚਕ ਰਾਇਜ ਸਿੱਕਾ ਨਹੀਂ (ਅਕਤੂਬਰ ਅੰਕ) ਕਿਉਂਕਿ ਸੱਚ ਇਹ ਹੈ ਕਿ ''ਚੰਦ ਚੜ੍ਹਿਆ ਕੁਲ ਆਲਮ ਵੇਖੇ ।''

—ਜਗਜੀਤ ਸਿੰਘ ਸੰਧੂ

⊙ ''ਸਿੱਖ ਸਿਆਸਤ ਅਤੇ ਅਕਾਲੀ'' ਇਕ ਜ਼ਮਾਨੇ ਤੋਂ ਅਕਾਲੀ ਨੇਤਾਵਾਂ ਨੇ ਕਿਸੇ ਸਿਧਾਂਤ ਦੀ ਪ੍ਰਵਾਹ ਨਾ ਕਰਦਿਆਂ, ਕਿਸੇ 'ਪੰਚਾਇਤੀ ਗੁਰਮਤੇ' ਦੀ ਪ੍ਰਵਾਹ ਨਾ ਕਰਦਿਆਂ ਆਪਣੀ ਲੀਡਰੀ, ਧੜੇ-ਬੰਦੀ ਅਤੇ ਕੁਰਸੀ ਪਾਲਣ 'ਤੇ ਹੀ ਸਾਰਾ ਜ਼ੋਰ ਲਾਇਆ ਹੈ। ਇਹਨਾਂ ਦਾ ਇਹ ਕਿਰਦਾਰ ਮਾੜੀ ਮੋਟੀ ਸੂਝ ਰੱਖਣ ਵਾਲਾ ਆਦਮੀ ਵੀ ਅੱਜ ਆਸਾਨੀ ਨਾਲ ਸਮਝ ਸਕਦਾ ਹੈ । ਇਹਨਾਂ ਦਾ ਇਹ ਅਸਲਾ ਪਿਛਲੇ ਸਮੇਂ ਵਿਚ ਬਣਦੀਆਂ ਟੁਟਦੀਆਂ ਵਜ਼ਾਰਤਾਂ ਤੋਂ ਵਧੇਰੇ ਪ੍ਰਗਟ ਹੋ ਚੁਕਾ ਹੈ। ਅਤੇ ਇਹ ਸਪਸ਼ਟ ਹੋ ਚੁਕਾ ਹੈ ਕਿ ਇਹਨਾਂ ਦਾ ਸਿੱਖੀ ਦੇ ਮੂਲ ਸਿਧਾਂਤਾਂ ਨਾਲ ਦੂਰ

ਦਾ ਵੀ ਵਾਸਤਾ ਨਹੀਂ । ਜੇ ਗੁਰਬਾਣੀ ਦੇ ਮੂਲ ਸਿਧਾਤਾਂ ਨੂੰ ਪਛਾਣਿਆਂ ਗਿਆ ਹੁੰਦਾ ਤਾਂ ਡਾਕਟਰ ਅੰਬੇਦਕਰ ਦੇ ਸੱਤ ਕਰੋੜ ਬੰਦਿਆਂ ਨੂੰ ਬ੍ਰਾਹਮਣੀ ਸਮਾਜ ਦੇ ਕੂੜ ਜਾਤ ਪਾਤੀ ਅਡੰਬਰ ਤੋਂ ਬਚਾ ਕੇ ਸਿੱਖੀ ਸਮਾਜ ਵਿਚ ਅਨੰਦਪੁਰ ਦੀ ਵਿਸਾਖੀ ਵਾਲੇ ਦਿਨ ਦੀ ਅਲੋਕਾਰ ਘਟਨਾਂ ਵਾਗ ਸ਼ਾਮਲ ਕਰ ਲਿਆ ਜਾਂਦਾ । ਤੇ ਸਰਬੱਤ ਦੇ ਭਲੇ ਵਾਲਾ, ਸਭੋ ਸਾਝੀਵਾਲ ਵਾਲਾ ਸਮਾਜ ਉਸਾਰਿਆ ਜਾਂਦਾ । ਪਰ ਕੁਰਸੀਆਂ ਕਿਉਂਕਿ ਜਾਤ ਪਾਤੀ ਢਾਂਚੇ ਨੂੰ ਬਣਾਈ ਰੱਖਣ ਕਾਰਨ ਹੀ ਬਚ ਸਕਦੀਆਂ ਸਨ । ਹਨ, ਇਸ ਲਈ ਗੁਰੂ ਨਾਨਕ ਦੇ ਮਿਸ਼ਨ ''ਨੀਚੀ ਹੂੰ ਅਤਿ ਨੀਚ ਜਾਤ, ਨੀਚੀ ਹੂ ਅਤਿ ਨੀਚ, ਨਾਨਕ ਤਿਨਕੇ ਸੰਗ ਸਾਥ ਵਡਿਆਂ ਸਿਉਂ ਕਿਆਰੀਸ ।'' ਨੂੰ ਅੱਖੋ-ਪਰੋਖੇ ਕਰ ਦਿਤਾ ਗਿਆ ।

ਇਹਨਾਂ ਦੇ ਮਖੌਟੇ ਤੋਂ ਉਲਟ ਭਾਰਤੀ ਮਾਰਕਸੀਆ ਦਾ ਕਿਰਦਾਰ ਵੀ ਵੇਖਣਾ ਬਣਦਾ ਹੈ । ਜਿਸ ਬਾਰੇ ਸੋਢੀ ਸਾਹਿਬ ਕਹਿੰਦੇ ਹਨ, ''ਇਹੀ ਗਲ ਸਾਡੇ ਮਾਰਕਸਵਾਦੀਆਂ ਦੀ ਹੈ ਜੋ ਨਾ ਹੀ ਭਾਰਤ ਦੀ ਆਤਮਾਂ ਨੂੰ, ਨਾ ਹੀ ਕਿਸਾਨ ਨੂੰ, ਕਿਸਾਨੀ ਮਸਲੇ ਨੂੰ ਸਮਝ ਸਕੇ ਹਨ । ਨਤੀਜਾ ਸਾਹਮਣੇ ਹੈ ਕਿ ਮਾੜਾ ਜੱਟ ਵੀ ਆਮ ਤੌਰ ਤੇ' ਪੰਥ ਨੂੰ ਹੀ ਵੋਟ ਦਿੰਦਾ ਹੈ ।''

ਸੱਚ ਤਾਂ ਇਹ ਵੀ ਹੈ ਕਿ ਭਾਰਤ ਦੇ ਮਾਰਕਸੀਆਂ ਨੇ ਭਾਰਤ ਦੀ ਅਧੀ ਦਲਿਤ ਆਬਾਦੀ ਨੂੰ ਸਦਾ ਤੋਂ ਹੀ ਅੱਖੋਂ ਪਰੋਖੇ ਕੀਤਾ ਹੋਇਆ ਹੈ । ਜਿਸ ਕਾਰਨ 99.99 ਫੀ ਸਦੀ ਸ਼ੂਕਰ ਲੋਕ ਜੋ ਸਹੀ ਅਰਥਾਂ ਵਿਚ ਪਰੋਲਤਾਰੀ ਹਨ, ਕਾਂਗਰਸ ਦੀ ਝੋਲੀ ਵਿਚ ਪੈ ਕੇ ਧੋਖੇ ਦਾ ਹੀ ਆਸਰਾ ਮੰਨੀ ਖਲੋਤੇ ਹਨ ।

ਮੇਰਾ ਹਰ ਇਮਾਨਦਾਰ ਮਾਰਕਸੀ ਨੂੰ ਇਹ ਪ੍ਰਸ਼ਨ ਹੈ ਕਿ ਕੀ ਉਹਨਾਂ ਹਜ਼ਾਰਾਂ ਵਰ੍ਹਿਆਂ ਤੋਂ ਗੁਲਾਮ ਦਰ ਗੁਲਾਮ ਦਰ ਗਲਾਮ ਆਬਾਦੀ ਦੀ ਆਤਮਾਂ ਵੱਲ ਵੀ ਕਦੀ ਮੂੰਹ ਕੀਤਾ ਹੈ ? ਜਾਂ ਈਮਾਨਦਾਰੀ ਨਾਲ ਆਪਣੀ ਉੱਚਤਾ ਦਾ ਭੋਗ ਪਾ ਕੇ, ਆਪਣਾ ਸਮਾਨੀਕਰਨ ਕਰ ਕੇ ਇਹਨਾਂ ਬਾਰੇ ਇਨਸਾਨੀ ਨਾਤੇ ਸੋਚਿਆ ਹੈ ? ਜੇ ਮਾਰਕਸ, ਲੈਨਿਨ ਜਾਂ ਮਾਓ ਦੇ ਸਿਧਾਤਾਂ ਵਿਚ ਇਸ ਦੀ ਕਿਧਰੇ ਕੋਈ ਚਰਚਾ ਨਹੀਂ ਮਿਲਦੀ ਤਾਂ ਕੀ ਭਾਰਤ ਦੇ ਹਾਲਤਾਂ ਅਨੁਸਾਰ ਬ੍ਰਾਹਮਣੀ ਕਲਚਰ ਹੇਠਾਂ ਦਲ ਦਿਤੇ ਗਏ ਕਰੋੜਾਂ ਲੋਕਾਂ ਬਾਰੇ ਸੋਚਣਾ ਜਾਂ ਆਵਾਜ਼ ਉਠਾਉਣਾ ਪਾਪ ਹੈ ? ਕੀ ਇਹ ਕੋਈ ਪ੍ਰਸ਼ਨ ਨਹੀਂ ? ਯਾਦ ਰਹੇ ਕਿ ਇਹ ਪ੍ਰਸ਼ਨ ਤੀਹ ਪੈਂਤੀ ਕਰੋੜ ਭਾਰਤੀ ਵਸੋਂ ਦਾ ਹੈ ।

ਜਦੋਂ ਕਈ ਲੋਕ ਇਹ ਆਖਦੇ ਹਨ ਕਿ ਗੁਰੂ ਗੋਬਿੰਦ ਦਾ ਰਾਹ ਸਾਡਾ ਰਾਹ ਤਾਂ ਮਨ ਨੂੰ ਹੈਰਤ ਹੁੰਦੀ ਹੈ ਕਿ ਉਹ ਤਾਂ ਰੰਗਰੇਟਿਆਂ ਦਾ ਦਾਸ/ਚੇਲਾ ਬਣ ਖਲੋਤਾ । ਉਸ ਨੇ ਤਾਂ ਕਹਿ ਮਾਰਿਆ ਸੀ ਕਿ 'ਇਨਹੀਂ ਕੀ ਕ੍ਰਿਪਾ ਸੇ ਹਮ ਹੈਂ ਨਹੀਂ ਮੋ ਸੋਂ ਗਰੀਬ ਕਰੋਰ ਪਰੇ । 'ਤੇ ਇਹ...? ਮੈਂ ਆਪਣੇ ਮਾਨਯੋਗ ਰਹਿਨੁਮਾ ਕਿਸ਼ਨ ਸਿੰਘ ਜੀਤੋਂ ਖਾਸ ਤੌਰ 'ਤੇ ਇਹਨਾਂ ਉਪਰਲੇ ਸੁਆਲਾਂ ਬਾਰੇ ਜਾਣਨ ਦਾ ਇਛੁਕ ਹਾਂ ।

—ਗੁਰਨਾਮ ਸਿੰਘ

⊙ ਪ੍ਰੋ. ਇਰਫਾਨ ਹਬੀਬ ਅਤੇ ਅਕਾਦਮਕ ਆਜ਼ਾਦੀ : ਡਾ: ਕੇ. ਐਨ. ਰਾਜ ਦੇ ਛਪੇ (ਅਕਤੂਬਰ ਅੰਕ) ਪ੍ਰੋ: ਇਰਫਾਨ ਹਬੀਬ ਦੇ ਕੇਸ ਦੇ ਮਹੱਤਵ ਬਾਰੇ ਲੇਖ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਸਾਡਾ ਵਿਦਿਅਕ ਢਾਂਚਾ ਕਿਥੋਂ ਤਕ ਪੋਲਾ ਹੋ ਚੁਕਾ ਹੈ। ਅਤੇ ਜੇ ਕੋਈ ਵਿਦਵਾਨ ਇਸ ਪੋਲੇਪਣ, ਖੋਖਲੇਪਣ ਨੂੰ ਲੋਕਾਂ ਸਾਹਮਣੇ ਲਿਆਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਵਖ ਵਖ ਕੋਈ ਵਿਦਵਾਨ ਸੱਚ ਤਰੀਕਿਆਂ ਨਾਲ ਕਿਵੇਂ ਨਿਪਟਿਆ ਜਾਂਦਾ ਹੈ। ਪੁਛਿਆ ਜਾ ਸਕਦਾ ਹੈ ਕਿ ਜਦ ਬੋਲਦਾ ਹੈ ਤਾਂ ਉਸਨੂੰ ਚੁਪ ਲੋਕਾਂ ਦੀ ਭਲਾਈ ਲਈ ਕਰਾਇਆ ਜਾਂਦਾ ਹੈ ਜਾਂ ਫਿਰ ਕੁਝ ਲੋਕਾਂ ਦੀ

ਭਲਾਈ ਲਈ। ਇਰਫਾਨ ਹਬੀਬ ਦੇ ਕੇਸ ਤੋਂ ਅਕਾਦਮਨ ਆਜ਼ਾਦੀ ਦੀ ਮਾਨਤਾ ਬਾਰੇ ਫਿਰ ਸੰਕਾ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ, ਜੇ ਇਹ ਮੰਨਿਆ ਜਾਵੇ ਕਿ ਪਹਿਲਾਂ ਇਹ ਆਜ਼ਾਦੀ ਕਿਸੇ ਹੱਦ ਤਕ ਹੈ ਸੀ। ਸਮੇਂ ਸਮੇਂ ਵਿਦਵਾਨਾਂ ਨੇ ਇਹ ਆਜ਼ਾਦੀ ਹਾਸਲ ਕਰਨ ਲਈ ਘਾਲਣਾ ਘਾਲੀ ਅਤੇ ਅੱਜ ਵੀ ਕਈ ਯੂਨੀਵਰਸਿਟੀਆਂ ਵਿਚ ਲੱਗੇ ਹੋਏ ਹਨ। ਜੇ ਸਿਆਸਤਦਾਨ ਵਿਰੋਧੀ ਲੀਡਰਾਂ ਦਾ, ਵਿਰੋਧੀ ਪਾਰਟੀਆਂ ਦਾ, ਜਾਂ ਫਿਰ ਆਪਣੀ ਪਾਰਟੀ ਦੇ ਲੀਡਰਾਂ ਦਾ ਭੰਡੀ-ਪ੍ਰਚਾਰ ਕਰ ਸਕਦੇ ਹਨ ਅਤੇ ਉਹ ਵੀ ਬਿਨਾਂ ਸਬੂਤ ਦਿਤਿਆਂ ਤਾਂ ਕੀ ਇਸਨੂੰ ਦੇਸ਼ ਦੀ ਉਨਤੀ ਦਾ ਸੰਕੇਤ ਮੰਨਿਆ ਜਾਵੇ? ਗਲ ਪ੍ਰੋ: ਹਬੀਬ ਦੀ ਇਮਾਨਦਾਰੀ ਜਾਂ ਉਸ ਦੀ ਮਸ਼ਹੂਰੀ ਜਾਂ ਫਿਰ ਉਸ ਦੀ ਵਿਚਾਰਧਾਰਾ ਦੀ ਨਹੀਂ, ਸਗੋਂ ਦੇਸ਼ ਦੀ ਵਿਦਿਆ ਸਬੰਧੀ ਸਮੁਚੀ ਨੀਤੀ ਦੀ ਵੀ ਹੈ। ਅਤੇ ਜੇ ਉਸ ਨੀਤੀ ਦੀ ਪੂਰਤੀ ਸਹੀ ਸ਼ਬਦਾਂ ਵਿਚ ਨਹੀਂ ਹੋ ਰਹੀ ਤਾਂ ਕੀ ਚੁਪ ਚਾਪ ਬੈਠ ਕੇ ਸੰਕੇਤ ਦਿਤਾ ਜਾਵੇ ਕਿ ਸੱਭ ਠੀਕ ਠਾਕ ਚੱਲ ਰਿਹਾ ਹੈ। ਜੇ ਨਹੀਂ ਤਾਂ ਕੌਣ ਇਹ ਗੱਲ ਕਹਿਣ ਦਾ ਖ਼ੀੜਾ ਚੁਕੇ? ਸਾਡੇ ਦੇਸ਼ ਦੇ ਸਿਆਸਤ-ਦਾਨ ਆਪਣਾ ਕੀਮਤੀ ਸਮਾਂ (!) ਆਪਣੀਆਂ ਪੁਜ਼ੀਸ਼ਨਾਂ ਹੋਰ ਮਜ਼ਬੂਤ ਕਰਨ ਵਿਚ ਲਗੇ ਹੋਏ ਹਨ ਅਤੇ ਕੰਮ ਅਫਸਰਸ਼ਾਹੀ ਦੇ ਮੋਢਿਆਂ 'ਤੇ ਸੁਟਿਆ ਹੋਇਆ ਹੈ। ਵਿਦਿਆਰਥੀ ਵਰਗ ਆਪਣਾ ਭਵਿਖ ਬਣਾਨ ਲਈ ਪੜ੍ਹਾਈ ਵਿਚ ਜਾਂ ਫਿਰ ਸਹੂਲਤਾਂ ਪ੍ਰਾਪਤ ਕਰਨ ਵਿਚ ਰੁਝਿਆ ਹੋਇਆ ਹੈ। ਯਕੀਨਨ ਪੜ੍ਹੇ ਲਿਖੇ ਵਿਦਵਾਨਾਂ ਜਿਨ੍ਹਾਂ ਆਪਣੀਆਂ ਉਮਰਾਂ ਵਿਦਿਅਕ ਅਦਾਰਿਆਂ ਵਿਚ ਬਿਤਾ ਦਿਤੀਆਂ ਹਨ ਆਪਣੇ ਅੰਦਰੋਂ ਆਈ ਆਵਾਜ਼ ਜ਼ਿਆਦਾ ਚਿਰ ਦਬਾ ਕੇ ਨਹੀਂ ਰਖ ਸਕਦੇ। ਜੋ ਕੁਝ ਉਹ ਕਰ ਰਹੇ ਹਨ ਜਾਂ ਦੇਖ ਰਹੇ ਹਨ ਉਸ ਦਾ ਪੋਲਾਪਣ ਸਾਫ ਦਿਸਦਾ ਹੈ ਅਤੇ ਹਾਨੀਕਾਰਕ ਸਾਬਤ ਹੋ ਰਿਹਾ ਹੈ। ਦੇਸ਼ ਨੂੰ ਪ੍ਰੋ: ਹਬੀਬ ਵਰਗੇ ਨਿਡਰ, ਸੂਝਵਾਨ ਵਿਦਵਾਨਾਂ ਦੀ ਲੋੜ ਹੈ ਤਾਂ ਜੋ ਸਾਡਾ ਵਿਦਿਅਕ ਢਾਂਚਾ ਸਹੀ ਲੀਹਾਂ 'ਤੇ ਆ ਸਕੇ ਅਤੇ ਜਿਸ ਤਰੀਕੇ ਨਾਲ ਉਹਨਾਂ ਦੇ ਕੇਸ ਸੰਬੰਧੀ ਦੇਸ਼ ਬਦੇਸ਼ ਤੋਂ ਪੱਤਰ ਆਏ ਹਨ ਇਹ ਸਾਫ ਜ਼ਾਹਰ ਹੁੰਦਾ ਹੈ ਕਿ ਬਹੁਤ ਸਾਰੇ ਵਿਦਵਾਨ ਅਕਾਦਮਕ ਆਜ਼ਾਦੀ ਨੂੰ ਵਿਦਿਆਕ ਢਾਂਚੇ ਵਿਚ ਲਾਜ਼ਮੀ ਸਮਝਦੇ ਹਨ।—ਸੁਖਦੇਵ ਸਿੰਘ ਸੋਹਲ, ਅੰਮ੍ਰਿਤਸਰ

⊙ ਕਿਸ਼ਨ ਸਿੰਘ ਹੋਰਾਂ ਨੂੰ ਅਪੀਲ : ਹੋ ਸਕੇ ਤਾਂ ਸਾਡੇ ਸਮਾਜ ਦਾ, ਇਸ ਦੀ ਵਿਵਸਥਾ ਦਾ, ਇਸ ਦੀ ਤੋਰ ਦਾ ਅਧਿਅਨ ਪੇਸ਼ ਕਰਦੇ ਹੋਏ ਉਹ ਢੁੱਕਵੀਆਂ ਮਿਸਾਲਾਂ ਵੀ ਦਿਆ ਕਰਨ। ਸਥਿਤੀ ਨੂੰ ਸਮਝਣ ਵਿਚ ਹੋਰ ਵੀ ਮਦਦ ਮਿਲੇਗੀ। ਮੇਰਾ ਭਾਵ ਹੈ ਕਿ ਸਿਧਾਂਤ ਨੂੰ ਸਮਾਜ ਤੇ ਲਾਗੂ ਕਰਦਿਆਂ ਸਮਾਜਕ ਮਸਲਿਆਂ ਦਾ ਹਵਾਲਾ ਦਿਆ ਕਰਨ।
—ਪਰਦੇਸੀ

⊙ ਵਿਦੇਸ਼ੀ ਪੰਜਾਬੀ ਲੇਖਕ ਤੇ ਪੰਜਾਬੀ ਬੋਲੀ :—ਇਕ ਗੱਲ ਸਾਂਝੀ ਕਰਦਾ ਆਂ। ਏਥੇ (ਇੰਗਲੈਂਡ) ਤੇ ਉਥੇ (ਇੰਡੀਆ 'ਚ) ਅਕਸਰ ਇਹ ਖੁੰਢ ਚਰਚਾ ਹੁੰਦੀ ਰਹਿੰਦੀ ਏ ਕਿ ਬਈ, ਪੰਜਾਬੋਂ ਬਾਹਰ ਬੈਠੇ (ਵਿਦੇਸ਼ੀ ਪੰਜਾਬੀ ਲੇਖਕ) ਐਵੇਂ ਪੈਸੇ ਦੇ ਜ਼ੋਰ ਨਾਲ ਕਿਤਾਬਾਂ ਛਪਵਾ ਲੈਂਦੇ ਨੇ ਤੇ ਸ਼ੁਗਲ ਵਜੋਂ ਲਿਖਣ-ਪੁਣੇ ਤੇ ਛਪਣ-ਪੁਣੇ ਦੀਆਂ ਖੇਡਾਂ ਖੇਡਦੇ ਰਹਿੰਦੇ ਨੇ। ਕਈ ਸ਼ਬਦਾਂ ਦੀ ਜਾਦੂਗਰੀ ਕਰ ਕੇ ਪੰਜਾਬੀ ਪਾਠਕਾਂ ਦੇ ਜਜ਼ਬਿਆਂ ਨੂੰ ਉਛਾਲਦੇ ਨੇ। ਜੇਕਰ ਉਨ੍ਹਾਂ ਨੂੰ ਏਨਾ ਈ ਆਪਣੇ ਲੋਕਾਂ, ਆਪਣੇ ਵਤਨ ਨਾਲ ਹੇਜ ਏ ਤਾਂ ਕਿਉਂ ਨੀਂ ਜਨਮਭੂਮੀ 'ਤੇ ਜਾ ਕੇ ਲੋਕਾਂ ਸੰਗ ਜੁੜ ਕੇ ਜਦੋ-ਜਹਿਦ ਕਰਦੇ, ਦੁਖ-ਸੁਖ ਝਲਦੇ, ਬਿਗਾਨੇ ਮੁਲਕਾਂ 'ਚ ਪੈਸਿਆਂ ਖਾਤਰ ਕਾਹਨੂੰ ਝੱਖ ਮਾਰਦੇ ਨੇ ਆਦਿ। ਕਈ ਸੂਰਤਾਂ 'ਚ ਇਹ ਆਲੋਚਕ ਠੀਕ ਵੀ ਨੇ। ਏਥੇ ਤੇ ਉਥੇ ਸ਼ੁਗਲੀ ਤੇ

ਚੰਚਲ ਲਿਖਾਰੀ ਹੈਨ। ਪ੍ਰਗਤੀਸ਼ੀਲਤਾ ਦੀਆਂ ਕਨਾਤਾਂ ਤੰਬੂ ਲਾ ਕੇ ਅਸ਼ਲੀਲ ਰਾਸਾਂ ਪਾਉਂਦੇ, ਅਪ੍ਰਗਤੀਸ਼ੀਲਤਾ ਦੀਆਂ ਨੁਮਾਇਸ਼ਾਂ ਲਾਉਂਦੇ ਤੇ ਖੇਖਨਾਂ-ਹੱਥੇ ਡਰਾਮੇ ਖੇਡਦੇ ਨੇ। ਪਰ ਉਹ ਥੋੜੇ ਈ ਨੇ। ਬਹੁਤੇ ਲਿਖਾਰੀ, ਪਾਠਕ ਅਤੇ ਸਰੋਤੇ ਗੰਭੀਰਤਾ ਨਾਲ ਸੁਣਦੇ, ਪੜ੍ਹਦੇ, ਲਿਖਦੇ ਤੇ ਆਪਣੀ ਆਪਣੀ ਥਾਂ ਅਮਲੀ ਕੰਮ ਵੀ ਕਰਦੇ ਨੇ। ਬਹੁਤਿਆਂ ਨੇ ਤਾਂ ਏਥੇ (ਪ੍ਰਦੇਸ) ਆ ਕੇ ਸਿਆਸੀ, ਸਭਿਆਚਾਰਕ ਅਤੇ ਆਰਥਕ ਸੁਰਤ ਸੰਭਾਲੀ ਏ। ਉਨ੍ਹਾਂ ਕਿਰਤ ਰਾਹੀਂ ਸਿਖਿਆ ਏ, ਭਾਵੇਂ ਕਿਰਤ ਜਿਸਮਾਨੀ ਏਂ ਜਾਂ ਦਿਮਾਗੀ। ਉਨ੍ਹਾਂ ਦੇ ਅਹਿਸਾਸ ਜਾਗੇ ਨੇ, ਤਿੱਖੇ ਹੋਏ ਨੇ। ਨਵੀਆਂ ਸੋਚਾਂ ਆਈਆਂ ਨੇ, ਨਵੀਆਂ ਜ਼ਮੀਰਾਂ ਜਨਮੀਆਂ ਨੇ ਤੇ ਹੱਕਾਂ-ਫਰਜ਼ਾਂ ਦੀ ਪਛਾਣ ਹੋਈ ਏ। ਉਹ ਉਥੇ (ਇੰਡੀਆ) ਜੰਮੇ ਪਲੇ, ਖੇਡੇ ਤੇ ਵੱਡੇ ਹੋਏ। ਹਾਲਾਤ ਨੇ ਉਹਨਾਂ ਨੂੰ ਏਥੇ ਲਿਆ ਮਾਰਿਆ। ਪਰ ਉਨ੍ਹਾਂ ਦੇ ਮਾਂ ਪਿਉ, ਚਾਚੇ ਤਾਏ, ਰਿਸ਼ਤੇਦਾਰ, ਦੋਸਤ ਮਿੱਤਰ, ਸਖੀਆਂ ਸਹੇਲੀਆਂ ਤਾਂ ਪਿਛੇ (ਇੰਡੀਆ) ਈ ਨੇ। ਏਸ ਲਈ ਉਹ ਮੁੜ ਮੁੜ ਪਿਛੇ ਵਤਨ ਵੱਲ ਝਾਕਦੇ ਨੇ, ਲੁੱਝਦੇ ਨੇ ਤੇ ਸ਼ਿੱਦਤ ਨਾਲ ਮਹਿਸੂਸ ਕਰਦੇ ਨੇ। ਵੱਲ ਨਾਲੋਂ ਕੱਚਾ ਚੂੰਆਂ ਤੋੜਿਆ ਜਾਵੇ ਤਾਂ ਦੋਵੇਂ ਪਾਸੀਂ ਨੀਰ ਰਸ ਚੋ ਪੈਂਦਾ ਏ।

ਸਮਾਜ ਦੇ ਵਿਕਾਸ ਦਾ ਇਕ ਅੱਟਲ ਨੇਮ ਏ। ਏਸ ਦੇ ਅਧੀਨ ਅਤੇ ਜ਼ੇਰੇ-ਅਸਰ ਅਸੀਂ International division of labour ਦੇ ਜਾਲ 'ਚ ਫਸ ਕੇ ਦੇਸੀਂ ਪ੍ਰਦੇਸੀਂ ਜਿਸਮਾਨੀ ਤੇ ਦਿਮਾਗੀ ਮਿਹਨਤ ਵੇਚਦੇ ਫਿਰਦੇ ਆਂ। ਕੰਮ ਤੋਂ ਬਿਨਾਂ ਸਰਦਾ ਨੀਂ। ਕਹਿੰਦੇ ਨੇ, ਕਾਮਿਆਂ ਜਿੰਨ੍ਹਾਂ ਕੋਲ ਕੇਵਲ ਸਰੀਰ ਈ ਹੁੰਦੇ ਐ, ਉਹਨਾਂ ਦਾ ਉਹੀ ਮੁਲਕ ਬਣ ਜਾਂਦੈ ਜਿਥੇ ਉਨ੍ਹਾਂ ਨੂੰ ਰੋਜ਼ੀ ਮਿਲੇ, ਜਿਥੇ ਉਹ ਆਪਣੀ ਮਿਹਨਤ ਵੇਚਣ ਜਾਂ ਕਹਿ ਲਵੋ ਪਰੋਲਤਾਰੀ ਦਾ ਕੋਈ ਮੁਲਕ ਨਹੀਂ ਹੁੰਦਾ ਜਿੰਨਾਂ ਚਿਰ ਉਹ ਰਾਜ-ਸੱਤਾ 'ਤੇ ਕਬਜ਼ਾ ਕਰ ਕੇ ਪੈਦਾਵਾਰੀ ਸਾਧਨ ਆਪਣੇ ਕਾਬੂ ਨਹੀਂ ਕਰ ਲੈਂਦੇ।

ਇਹ ਠੀਕ ਐ ਤੀਜੀ ਦੁਨੀਆਂ ਦੇ ਮੁਲਕਾਂ ਨਾਲੋਂ ਏਥੇ ਮਜ਼ਦੂਰੀ ਜ਼ਿਆਦਾ ਮਿਲਦੀ ਐ। (ਵਡਾ ਕਾਰਨ ਤਕੜੀ ਕਰੰਸੀ ਦਾ ਏ) ਏਥੇ ਦਾਣਾ ਦੁਣਕਾ ਵੀ ਬਹੁਤ ਮਿਲਦੈ, ਤਨ ਢਕਣ ਨੂੰ ਲੀੜੇ ਲੱਤੇ ਵੀ ਚਿਲਕਣੇ ਮਿਲ ਜਾਂਦੇ ਨੇ, ਪਰ ਹੁਣ ਦਿਨੋਂ ਦਿਨ ਸਰਮਾਇਦਾਰੀ ਨਿਜ਼ਾਮ ਦੀਆਂ ਘੀਸੀਆਂ ਹੋ ਰਹੀਆਂ ਨੇ। ਏਥੇ ਵੀ ਸਾਨੂੰ ਈਂ ਬਲੀ ਦੇ ਬੱਕਰੇ ਬਣਾਉਣ ਲਈ ਅਗਲੇ ਛੁਰੀਆਂ ਤਿੱਖੀਆਂ ਕਰ ਰਹੇ ਨੇ!

ਹਾਂ, ਪੰਜਾਬੀ ਮਾਂ ਬੋਲੀ ਖਾਤਰ ਅਸੀਂ ਸੁਰਤ ਨਾਲ, ਲਗਨ ਨਾਲ, ਸੁਹਿਰਦਤਾ ਨਾਲ ਮਿਹਨਤ ਕਰਦੇ ਆਂ। ਅਸੀਂ ਸਾਹਿਤ ਸਭਾਵਾਂ ਬਣਾਈਆਂ ਹਨ, ਅਸੀਂ ਕੰਮਾਂ ਤੋਂ ਆ ਕੇ ਸ਼ਾਮ ਨੂੰ ਬੱਚਿਆਂ ਨੂੰ ਪੰਜਾਬੀ ਦੀਆਂ ਕਲਾਸਾਂ ਲਾ ਕੇ ਪੜ੍ਹਾਉਂਦੇ ਆਂ, ਅਸੀਂ ਪੰਜਾਬੀ ਵਿਸ਼ਵ ਸੰਮੇਲਨ ਕਰਵਾਉਂਦੇ ਆਂ, ਅਸੀਂ ਪੰਜਾਬੋਂ ਆਏ (ਦੋਵੇਂ ਪੰਜਾਬ) ਪੰਜਾਬੀ ਲਿਖਾਰੀਆਂ ਦਾ ਇਜ਼ਤ ਮਾਣ ਕਰਦੇ ਆਂ, ਉਹਨਾਂ ਨਾਲ ਵਿਚਾਰ ਵਟਾਂਦਰਾ ਕਰਦੇ ਆਂ, ਏਥੇ ਪੰਜਾਬੀ ਦੇ ਰਸਾਲੇ ਅਖਬਾਰ ਛਾਪਦੇ ਆਂ। ਵਤਨੋਂ ਛਪਦੇ ਪੰਜਾਬੀ ਦੇ ਅਖਬਾਰ ਰਸਾਲੇ ਪੜ੍ਹਦੇ ਆਂ। ਚੰਗੀ ਸੇਧ ਦੇਣ ਵਾਲੇ ਰਸਾਲਿਆਂ ਦੇ ਪਾਠਕ ਬਣਾਉਣ ਲਈ ਮੁਹਿੰਮਾਂ ਚਲਾਉਂਦੇ ਆਂ, ਪੰਜਾਬੀ ਦੀਆਂ ਲਾਇਬਰੇਰੀਆਂ ਖੋਲ੍ਹ ਰਹੇ ਆਂ। ਏਥੇ ਸਕੂਲਾਂ 'ਚ ਪੰਜਾਬੀ ਦੀ ਪੜ੍ਹਾਈ ਲਈ ਵਿਦਿਆ ਅਧਿਕਾਰੀਆਂ, ਸਿਆਸੀ ਕਰਮਚਾਰੀਆਂ ਰਾਹੀਂ ਕੋਸ਼ਿਸ਼ ਕੀਤੀ ਜਾ ਰਹੀ ਏ।

ਠੀਕ ਐ ਅਸੀਂ ਕਈਆਂ ਪੱਖਾਂ ਤੋਂ ਊਣੇ ਆਂ ਤੇ ਫਾਡੀ ਵੀ। ਪਰ ਨਿਰੋਲ ਊਣੇ ਜਾਂ ਨਿਰੇ ਫਾਡੀ ਵੀ ਨਈਂ ਆਂ। ਆਪਣੇ ਤਜਰਬਿਆਂ ਤੋਂ ਸਿਖਦੇ ਹੋਏ ਅੱਗੇ ਵਧਦੇ ਆਂ। ਪਿਛੇ-ਖਿੱਚੂਆਂ ਨੂੰ ਕੋਸਦੇ ਆਂ, ਭੰਡ ਕਰਦੇ ਆਂ ਤੇ ਡੋ...ਡੋ...ਵੀ। ਦਰਖਤ ਭਾਵੇਂ ਕਿੰਨਾਂ ਵੀ ਉੱਚਾ ਹੋ ਜਾਵੇ ਅਖੀਰ ਨੂੰ ਉਹਦੇ ਪੱਤੇ ਤਾਂ ਉਹਦੇ ਪੈਰੀਂ ਡਿਗਦੇ ਨੇ। ਸੋ ਅਸੀਂ ਤਾਂ ਪੱਤਿਆਂ ਵਾਂਗੂ ਆਂ। ਜਿਸ ਧਰਤੀ ਦੀ ਮਿੱਟੀ ਦੇ ਬਣੇ ਆਂ, ਉਸ ਧਰਤੀ ਦੀ ਸੁੱਖ ਲੋੜਦੇ ਆਂ। ਮਾਂ ਬੋਲੀ ਦਾ ਅਦਬ ਕਰਦੇ ਆਂ। ਏਸ ਦੀ ਸੇਵਾ ਕਰਨਾ ਸਾਡਾ ਫਰਜ਼ ਬਣਦੈ। ਅਸੀਂ ਮਾਂ ਬੋਲੀ-ਪ੍ਰਸਤ ਆਂ, ਵਤਨ-ਪ੍ਰਸਤ ਆਂ ਪਰ ਫੈਸ਼ਨ-ਪ੍ਰਸਤ ਨਈਂ ਆਂ। ਇਹ ਮੰਨਦੇ ਹਾਂ ਕਿ ਨੂੰ ਜੰਮਦੀਆਂ ਫਸਲਾਂ 'ਚ ਕਾਂ ਗਿਆਰੀਆਂ ਤੇ ਕਾਂ-ਟੂਟੀਆਂ ਵੀ ਹੁੰਦੀਆਂ ਈ ਨੇ। —ਹਰਜੀਤ ਦੌਧਰੀਆ (ਇੰਗਲੈਂਡ)

ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ
ਕਿਸ਼ਨ ਸਿੰਘ

ਗੁਰੂ ਨਾਨਕ ਦੀ ਬਾਣੀ ਕਿਵੇਂ ਸਦਾ ਰਹਿਣ ਵਾਲਾ ਲੋਕ-ਹਿਤੀ ਸੱਚ ਪ੍ਰਗਟ ਕਰਦੀ ਹੈ ਅਤੇ ਕਿਵੇਂ ਬੰਦੇ ਦੀ ਮੁਕੰਮਲ ਢਾਹੀ ਅਤੇ ਮੁੜ-ਉਸਾਰੀ ਦੀ ਲੰਮੀ ਮਨੋਵੇਗਕ ਰੀਹਰਸਲ ਕਰਵਾਉਂਦੀ ਹੈ—ਇਹਨਾਂ ਅਤੇ ਅਜਿਹੇ ਅਨੇਕਾਂ ਹੋਰ ਪ੍ਰਸ਼ਨਾਂ ਨੂੰ ਸਮਝਣ ਲਈ ਇਹ ਪੁਸਤਕ ਅੱਜ ਹੀ ਮੰਗਵਾ ਕੇ ਪੜ੍ਹੋ। ਸਫ਼ੇ 240, ਪਕੀ ਜਿਲਦ, ਮੁੱਲ 15 ਰੁਪੈ

Bhagwan Josh

COMMUNIST MOVEMENT IN PUNJAB (1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and, for that matter, in India. Hardbound, pages 220, price ; Rs. 60

Order your copy to SEDH, A-42, Defence Colony, N. Delhi-24.

ਸਾਹਿਤ ਸਭਾਵਾਂ/ਲਿਖਾਰੀ ਕੇਂਦਰਾਂ ਲਈ ਖਾਸ ਰਿਆਇਤ

ਦਸ ਮੈਂਬਰ ਪੰਦਰਾਂ ਪੰਦਰਾਂ ਰੁਪੈ ਅਤੇ ਵੀਹ ਮੈਂਬਰ ਸਾਢੇ ਬਾਰਾਂ-ਬਾਰਾਂ ਰੁਪੈ ਇਕਠੇ ਕਰ ਕੇ, ਰਕਮ ਸਾਨੂੰ ਯਕਮੁਸ਼ਤ ਭੇਜ ਕੇ ਸਾਲ ਭਰ ਸੇਧ ਪ੍ਰਾਪਤ ਕਰ ਸਕਦੇ ਹਨ। ਹਰ ਮਹੀਨੇ ਦੀਆਂ ਕਾਪੀਆਂ ਇਕ ਐਡਰੈਸ 'ਤੇ ਪੈਕਟ ਦੀ ਸ਼ਕਲ ਵਿਚ ਭੇਜੀਆਂ ਜਾਣਗੀਆਂ। —ਮਨੇਜਰ ਸੇਧ

ਮੇਰੀ ਜ਼ਿੰਦਗੀ ਦੇ ਸਭ ਤੋਂ ਪਿਆਰੇ ਸੁਪਨੇ...

ਇਹਨਾਂ ਸੁਪਨਿਆਂ ਦਾ ਆਧਾਰ ਹੈ ਪੀ. ਐਸ. ਬੀ.

ਇਨ੍ਹਾਂ ਵਿਚੋਂ ਇਕ ਸੁਪਨਾ ਹੈ ਮੇਰੇ ਬੱਜੇ ਦਾ ਸੁਨਹਿਰਾ ਭਵਿੱਖ। ਪਰ ਸਿਰਫ ਸੁਪਨੇ ਹੀ ਸਭ ਕੁਝ ਨਹੀਂ ਹਨ। ਆਉਣ ਵਾਲੇ ਸਮੇਂ ਲਈ ਬਚੱਤ ਵੀ ਜਰੂਰੀ ਹੈ। ਇਸੇ ਕਰਕੇ ਅਸੀਂ ਪੀ. ਐਸ. ਬੀ. ਦੀ ਨਉ ਨਿਧੀ ਸਕੀਮ ਵਿਚ 37, 243-06 ਰੁਪਏ ਜਮ੍ਹਾਂ ਕਰਾਏ ਹਨ। ਅਤੇ 120 ਮਹੀਨਿਆਂ ਦੇ ਸਮੇਂ ਬਾਅਦ ਸਾਨੂੰ ਇਕ ਲੱਖ ਰੁਪਏ ਵਾਪਸ ਮਿਲਣਗੇ। ਸਾਡੀ ਪੀ. ਐਸ. ਬੀ. ਵਿਚ ਜਮ੍ਹਾਂ ਬੱਚਤ ਸਾਡੇ ਬੱਚੇ ਦੇ ਨਾਲ ਨਾਲ ਵਧਦੀ ਰਹੇਗੀ।

ASP/PSB/202-80A

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਇਕ ਅਦਾਰਾ)

ਹੁਣ ਤੁਹਾਡੀਆਂ ਬੱਚਤਾਂ 'ਤੇ ਹੋਰ ਵੀ ਜ਼ਿਆਦਾ ਵਿਆਜ

ਸਿਰਫ਼ ਛੇ ਸਾਲਾਂ 'ਚ

ਆਪਣੀ ਰਕਮ ਨੂੰ ਦੁਗਣੀ ਤੋਂ ਵੀ ਵੱਧ ਕਰੋ

ਰਾਸ਼ਟਰੀ ਬੱਚਤ ਸਰਟੀਫ਼ਿਕੇਟ (ਛੇਵੀਂ ਲੜੀ) ਵਿਚ ਲਗਾ ਕੇ

ਇਸ ਨਵੀਂ ਸੀਰੀਜ਼ ਵਿਚ 100/- ਰੁਪਏ ਛੇ ਸਾਲਾਂ ਵਿਚ 201.50 ਰੁਪਏ ਹੋ ਜਾਂਦੇ ਹਨ, ਜਿਸ ਵਿਚ 12% ਸਾਲਾਨਾ ਦੀ ਦਰ ਨਾਲ ਛਿਮਾਹੀ ਮਿਸ਼ਰਤ ਵਿਆਜ ਵੀ ਸ਼ਾਮਲ ਹੈ।

ਇਕ ਨਵੀਂ ਰਾਸ਼ਟਰੀ ਬੱਚਤ ਸਰਟੀਫ਼ਿਕੇਟ (ਸੱਤਵੀਂ ਲੜੀ) ਵੀ ਹੈ, ਜਿਸ ਵਿਚ 12% ਸਾਲਾਨਾ ਵਿਆਜ ਹਰ ਛਿਮਾਹੀ ਮਿਲ ਸਕਦਾ ਹੈ। ਅਸਲ ਰਕਮ ਛੇ ਸਾਲ ਬਾਅਦ ਵਾਪਸ ਕੀਤੀ ਜਾਵੇਗੀ।

ਦੋਵਾਂ ਸੀਰੀਜ਼ ਨੂੰ ਤਿੰਨ ਸਾਲ ਬਾਅਦ ਭੁਨਾਇਆ ਜਾ ਸਕਦਾ ਹੈ। ਰਕਮ ਲਾਉਣ ਦੀ ਕੋਈ ਹੱਦ ਨਹੀਂ ਹੈ। ਨਾਮਜ਼ਦਗੀ, ਸ਼ਨਾਖ਼ਤੀ ਪਰਚੀ ਅਤੇ ਖਾਤਾ ਦੂਜੀ ਥਾਂ ਬਦਲਣ ਦੀਆਂ ਸਹੂਲਤਾਂ। ਡਾਕ-ਘਰ ਵਲੋਂ ਇਨਕਮ-ਟੈਕਸ ਦੇ ਮੰਤਵ ਵਾਸਤੇ ਸਰਟੀਫ਼ਿਕੇਟ ਮੁਫ਼ਤ ਜਾਰੀ ਕੀਤਾ ਜਾਂਦਾ ਹੈ। ਵੈਲਥ (ਸੰਪਤੀ) ਟੈਕਸ ਤੋਂ 1.5 ਲੱਖ ਰੁਪਏ ਤੱਕ ਦੀ ਛੋਟ। ਸਾਲ ਵਿਚ 3,000/- ਰੁਪਏ ਤੱਕ ਦੀ ਵਿਆਜ ਰਾਹੀਂ ਆਮਦਨ ਅਤੇ ਹੋਰ ਮੁਕੱਰਰ ਥਾਵਾਂ 'ਤੇ ਲਾਗੀ ਪੂੰਜੀ ਤੋਂ ਵਿਆਜ ਕਰ-ਮੁਕਤ ਹੈ।

ਇਹ ਸਰਟੀਫ਼ਿਕੇਟ ਡਾਕ-ਘਰ ਤੋਂ ਇਕੱਲੇ ਅਤੇ ਸਾਂਝੇ ਤੌਰ 'ਤੇ 1-5-81 ਤੋਂ ਖਰੀਦ ਸਕਦੇ ਹੋ।

ਹੋਰ ਜਾਣਕਾਰੀ ਲਈ, ਇਨ੍ਹਾਂ ਨਾਲ ਸੰਪਰਕ ਕਰੋ :

—ਕੋਈ ਅਧਿਕ੍ਰਿਤ ਏਜੰਟ,

—ਜ਼ਿਲ੍ਹਾ ਬੱਚਤ ਅਧਿਕਾਰੀ, ਮਾਰਫ਼ਤ, ਜ਼ਿਲ੍ਹਾ ਕੁਲੈਕਟੋਰੇਟ,

—ਨਜ਼ਦੀਕੀ ਡਾਕ ਘਰ

—ਰੀਜਨਲ ਅਫ਼ਸਰ, ਰਾਸ਼ਟਰੀ ਬੱਚਤ ਸੰਸਥਾ, (ਰਾਜ/ਕੇਂਦਰੀ ਸਰਕਾਰ)

ਜਾਂ ਲਿਖੋ :

ਰਾਸ਼ਟਰੀ ਬੱਚਤ ਸੰਸਥਾ,
12, ਸੈਮਿਨਰੀ ਹਿੱਲਜ਼,
ਨਾਗਪੁਰ—440006

ਡੀ.ਏ.ਵੀ.ਪੀ. 81/30

ਕੁਝ ਸੋਹਣੀਆਂ ਚੀਜ਼ਾਂ
ਬੰਦ ਬੂਹਿਆਂ ਉਹਲੇ ਹੁੰਦੀਆਂ ਹਨ
ਐਨ.ਟੀ.ਸੀ. ਚਾਦਰਾਂ ਤੇ ਪਰਦੇ

ਤੁਹਾਡੇ ਕਮਰਿਆਂ ਨੂੰ ਚਾਰ ਚੰਨ ਲਾਉਣ ਵਾਲੇ
ਖ਼ੂਬਸੂਰਤ ਨਮੂਨੇ ਤੇ ਚੋਣਵੇਂ ਰੰਗ

**ਐਨ.ਟੀ.ਸੀ. ਦੇ ਕੱਪੜਿਆਂ ਦੀਆਂ
ਅਨੇਕਾਂ ਵੰਨਗੀਆਂ ਬਾਰੇ ਪੁੱਛੋ ਕੱਪੜੇ
ਜੋ ੧੧੧ ਮਿੱਲਾਂ ਤੋਂ ਆਉਂਦੇ ਹਨ**

**ਨੈਸ਼ਨਲ ਟੈਕਸਟਾਈਲ
ਕਾਰਪੋਰੇਸ਼ਨ ਲਿਮਟਿਡ**
(ਭਾਰਤ ਸਰਕਾਰ ਦਾ ਇਕ ਅਦਾਰਾ)
ਰਜਿਸਟਰਡ ਆਫ਼ਿਸ :
ਅੱਠਵੀਂ ਮੰਜ਼ਿਲ, ਸੂਰੀਆ ਕਿਰਨ,
੧੯, ਕਸਤੂਰਬਾ ਗਾਧੀ ਮਾਰਗ,
ਨਵੀਂ ਦਿੱਲੀ-੧੧੦੦੦੧.

ਐਨ.ਟੀ.ਸੀ. —ਰਾਸ਼ਟਰ ਨੂੰ ਕੱਪੜੇ ਦੇਣ ਵਾਲੀ

Newfields

SEDH December 1981
Registered with the Registrar of Newspapers Regd. No. D (SE) 001
for India—Registration No. 23895/72

ਨਾਂ ਛੋਟਾ ਪਰ ਕੰਮ ਵੱਡਾ

ਦਿੱਲੀ ਵਿਚ ਛੋਟੀਆਂ ਅਤੇ ਘਰੇਲੂ ਸਨਅਤਾਂ ਦੀ ਗਿਣਤੀ ਸੁਤੰਤਰਤਾ ਦੇ ਸਮੇਂ ਲਗਪਗ 8000 ਸੀ, ਜੋ ਹੁਣ ਵਧ ਕੇ 42,000 ਤੋਂ ਵੀ ਵੱਧ ਹੋ ਗਈ ਹੈ। ਇਹਨਾਂ ਉਤੇ ਲਗਪਗ 600 ਕਰੋੜ ਰੁਪਏ ਦੀ ਪੂੰਜੀ ਲੱਗੀ ਹੈ। ਇਹਨਾਂ ਦਾ ਸਾਲਾਨਾ ਉਤਪਾਦਨ 1100 ਕਰੋੜ ਰੁਪਏ ਤੋਂ ਵੀ ਵਧੇਰੇ ਹੈ ਅਤੇ ਇਹਨਾਂ ਵਿਚ ਲਗਪਗ 3½ ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ।

ਛੇਵੀਂ ਪੰਜ ਸਾਲਾ ਯੋਜਨਾ ਵਿਚ ਵਾਯੂ ਦੂਸ਼ਤ ਰਹਿਤ ਅਤੇ ਵੱਧ ਤੋਂ ਵੱਧ, ਵਿਸ਼ੇਸ਼ ਕਰਕੇ ਸਵੈਨਿਰਭਰ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੀਆਂ ਛੋਟੀਆਂ, ਘਰੇਲੂ ਅਤੇ ਦਿਹਾਤੀ ਸਨਅਤਾਂ ਉਤੇ 2761.77 ਲੱਖ ਰੁਪਏ ਖਰਚ ਕਰਨ ਦੀ ਤਜਵੀਜ਼ ਹੈ।

"ਕੁਝ ਵਰਨਣਯੋਗ ਵਿਸ਼ੇਸ਼ਤਾਈਆਂ"

- ☐ ਓਖਲਾ 'ਚ 294 ਬਹੁਮੰਜ਼ਲੀ ਫੈਕਟਰੀਆਂ ਅਤੇ ਇਲੈਕਟਰਾਨਿਕਸ ਸਨਅਤੀ ਬਸਤੀ 'ਚ 80 ਸਨਅਤੀ ਪਲਾਟ ਤਿਆਰ/ਵਿਕਸਤ। ਫੈਕਟਰੀਆਂ ਦੀ ਵੰਡ ਵੀ ਹੋ ਚੁੱਕੀ ਹੈ।
- ☐ ਚਮੜੇ ਦੇ ਸਾਮਾਨ ਦੇ ਸਨਅਤੀ ਕੰਪਲੈਕਸ ਦਾ ਸ਼ੁਭ ਆਰੰਭ; 60 ਥਾਵਾਂ ਦੀ ਵੰਡ।
- ☐ ਭਾਰਤ ਨਗਰ ਦੀ ਬੁਣਕਰ ਕਲੋਨੀ ਵਿਚ 5 ਦੋ-ਮੰਜ਼ਲੇ ਸ਼ੈਡਾਂ ਦੀ ਉਸਾਰੀ, ਨੰਦਨਗਰੀ ਦੀ ਨਵੀਂ ਬੁਣਕਰ ਕਲੋਨੀ ਵਿਚ ਵੀ 6 ਸ਼ੈਡਾਂ ਦੀ ਉਸਾਰੀ ਲਗਪਗ ਪੂਰੀ।
- ☐ ਰਾਣੀ ਝਾਂਸੀ ਮਾਰਗ ਅਤੇ ਪਟਪੜਗੰਜ ਦੇ ਸਨਅਤੀ ਸਮੂਹਾਂ ਲਈ ਜ਼ਮੀਨ ਦੇ ਵਿਕਾਸ ਦੇ ਕੰਮ 'ਚ ਤੇਜ਼ੀ। (ਇਹਨਾਂ ਸਨਅਤੀ ਸਮੂੰਹਾਂ ਦੇ ਪੂਰਾ ਹੋਣ 'ਤੇ ਸਾਲਾਨਾ ਉਤਪਾਦਨ 13450 ਲੱਖ ਰੁਪਏ ਤੇ 25000 ਲੋਕਾਂ ਨੂੰ ਰੁਜ਼ਗਾਰ)
- ☐ ਨਰੇਲਾ 'ਚ 1000 ਸਨਅਤੀ ਸ਼ੈਡਾਂ ਦਾ ਦਿੱਲੀ ਛੋਟੀ ਸਨਅਤ ਵਿਕਾਸ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਵਿਕਾਸ। (ਸਾਲਾਨਾ ਉਤਪਾਦਨ 10800 ਲੱਖ ਰੁਪਏ; 15000 ਲੋਕਾਂ ਨੂੰ ਸਿੱਧਾ ਰੁਜ਼ਗਾਰ)
- ☐ ਦਿਹਾਤੀ ਅਤੇ ਘਰੇਲੂ ਸਨਅਤਾਂ ਦੀ ਸਥਾਪਨਾ ਲਈ 4% ਦੀ ਨਾਂ-ਮਾਤਰ ਵਿਆਜ ਦਰ 'ਤੇ ਕਰਜ਼ੇ ਅਤੇ ਗਰਾਂਟਾਂ। ਹਰੀਜਨ ਨਵ-ਸਨਅਤਕਾਰਾਂ ਨੂੰ ਵੀ ਵਿਆਜ ਦੀ ਪੂਰੀ ਰਿਆਇਤ। 15 ਲੱਖ ਰੁਪਏ ਦੇ ਬਲਾਕ ਕਰਜ਼ਿਆਂ ਦੀ ਵੰਡ।
  ਤੁਹਾਡਾ ਛੋਟਾ ਯਤਨ ਦਿੱਲੀ ਪ੍ਰਸ਼ਾਸਨ ਲਈ ਬੜਾ ਮਹੱਤਵਪੂਰਣ।

ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ ਵਲੋਂ ਜਾਰੀ

ਸੂਪ੍ਰਡਾ/ਯੋਜਨਾ-2/81